ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 05 | 01 February to 07 February 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# 'ਝਾੜੂ' ਦਾ ਹੂੰਝਾ ਤੇ 'ਹੱਥ' ਦਾ ਹੱਲਾ ਹਿਲਾ ਦੇਵੇਗਾ 'ਤਕੜੀ' ਦਾ ਤਵਾਜ਼ਨ

**ਦਲਜੀਤ ਸਿੰਘ ਸਰਾਂ**
**ਕਮਲ ਦੁਸਾਂਝ**

- *ਪੰਜਾਬ ਦੇ ਸਿਆਸੀ ਭਵਿੱਖ ਦਾ ਫੈਸਲਾ ਮਲਵੱਈਆਂ ਦੇ ਹੱਥ*
- *ਸਰਹੱਦੀ ਮਾਝਾ ਬਾਦਲਾਂ ਦੀ 'ਸਿਆਸੀ ਸੇਵਾ' ਕਰਨ ਦੇ ਰੌਂਅ 'ਚ*
- *ਦੁਆਬੇ ਦੇ ਦਲਿਤ ਭਾਈਚਾਰੇ ਉੱਤੇ ਸਾਰੀਆਂ ਪਾਰਟੀਆਂ ਦੀ ਟੇਕ*



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਦੇ ਲੋਕ ਨੁਮਾਇੰਦਿਆਂ ਦੀ 4 ਫਰਵਰੀ ਨੂੰ ਹੋਣ ਵਾਲੀ ਚੋਣ ਬਾਰੇ ਵੋਟਰਾਂ ਦੇ ਰੌਂਅ ਨੂੰ ਵੇਖਦਿਆਂ ਜਾਪਦਾ ਹੈ ਕਿ 'ਝਾੜੂ' ਦਾ ਹੂੰਝਾ ਤੇ 'ਹੱਥ' ਦਾ ਹੱਲਾ 'ਤਕੜੀ' ਦਾ ਤਵਾਜ਼ਨ ਹਿਲਾ ਕੇ ਰੱਖ ਦੇਵੇਗਾ। ਸ਼ਨਿਚਵਾਰ ਨੂੰ ਵੋਟਾਂ ਪੈਣ ਤੋਂ ਦੋ ਦਿਨ ਪਹਿਲਾਂ ਤੱਕ ਨਜ਼ਰ ਆ ਰਹੇ ਰੁਝਾਣ ਤੋਂ ਇੱਹ ਸਪਸ਼ਟ ਸੰਕੇਤ ਸਾਹਮਣੇ ਆ ਰਹੇ ਹਨ ਕਿ ਸੂਬੇ ਦੇ ਲੋਕ ਵੋਟਾਂ ਦੇ ਜ਼ਰੀਏ 'ਰਾਜਪਲਟਾ' ਕਰਨ ਦੀ ਠਾਣੀ ਬੈਠੇ ਹਨ।

'ਰਾਜ ਨਹੀਂ ਸੇਵਾ' ਦੇ ਦਮਗਜ਼ੇ ਮਾਰਨ ਵਾਲੇ ਅਕਾਲੀ ਦਲ-ਭਾਜਪਾ ਗਠਜੋੜ ਦਾ ਹੋਰ ਪੰਜ ਸਾਲ ਲਈ ਪੰਜਾਬ ਉੱਤੇ ਰਾਜ ਕਰਨ ਦਾ ਸੁਪਨਾ ਬੁਰੀ ਤਰ੍ਹਾਂ ਚਕਨਾਚੂਰ ਹੁੰਦਾ ਨਜ਼ਰ ਆ ਰਿਹਾ ਹੈ। ਵਿਕਾਸ ਦੇ ਨਾਂਅ ਉੱਤੇ ਮੁੜ ਸੱਤਾ 'ਚ ਆਉਣ ਦਾ ਭਰਮ ਪਾਲ ਰਹੇ ਅਕਾਲੀ ਦਲ (ਬਾਦਲ) ਅਤੇ ਭਾਰਤੀ ਜਨਤਾ ਪਾਰਟੀ ਦੇ ਮੋਹਰੀ ਲੋਕਾਂ ਦੇ 'ਮਨ ਪੜ੍ਹਣ' ਵਿੱਚ ਟਪਲਾ ਖਾ ਰਹੇ ਹਨ। ਪੱਕੇ ਵੋਟ ਬੈਂਕ ਦੇ ਜ਼ੋਰ ਇਸ ਵਾਰ ਹਰ ਹੀਲੇ ਸੱਤਾ ਵਿੱਚ ਆਉਣ ਦਾ ਭਰੋਸਾ ਬਣਾ ਕੇ ਚੋਣ ਮੈਦਾਨ ਵਿੱਚ ਉੱਤਰੀ ਕਾਂਗਰਸ ਪਾਰਟੀ ਦਾ, ਵੱਡੀ ਜਿੱਤ ਦੇ ਦਾਅਵੇ ਨੂੰ ਇੰਨੀ ਸੌਖਿਆਂ ਬੂਰ ਪੈਣਾ ਸੁਖਾਲਾ ਨਹੀਂ ਜਾਪਦਾ।

ਵੱਡੇ ਰਾਜਸੀ ਕਾਫ਼ਲੇ ਦੇ ਰੂਪ ਵਿੱਚ ਤੀਜੇ ਬਦਲ ਵਜੋਂ ਉਭਰ ਕੇ ਸਾਹਮਣੇ ਆ ਰਹੀ ਆਮ ਆਦਮੀ ਪਾਰਟੀ ਨੇ ਸੱਤਾਧਾਰੀ ਗਠਜੋੜ ਅਤੇ ਰਾਜ ਦੀ ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਨੂੰ ਗੰਭੀਰ ਫਿਕਰਾਂ ਵਿੱਚ ਪਾਇਆ ਹੋਇਆ ਹੈ। ਪਰ 69 ਵਿਧਾਨ ਸਭਾਈ ਸੀਟਾਂ ਵਾਲੇ ਮਾਲਵਾ ਇਲਾਕੇ ਵਿੱਚ 'ਝਾੜੂ' ਨੂੰ ਮਿਲ ਰਹੇ ਬੇਮਿਸਾਲ ਹੁੰਗਾਰੇ ਦੀ ਹਨੇਰੀ ਦੁਆਬੇ ਤੇ ਮਾਝੇ ਵਿੱਚ ਵਾਵਰੋਲੇ ਦੇ ਰੂਪ ਵਿੱਚ ਮੱਠੀ ਪੈਂਦੀ ਸਾਫ਼ ਦਿਸਦੀ ਹੈ। ਪੰਜਾਬ ਦੇ ਤਿੰਨ ਖੇਤਰਾਂ ਮਾਲਵਾ, ਦੁਆਬਾ ਅਤੇ ਮਾਝੇ ਦੇ ਲੋਕਾਂ ਦੀ ਸੂਬੇ ਦੀਆਂ ਮੁੱਖ ਰਾਜਸੀ ਪਾਰਟੀਆਂ ਪ੍ਰਤੀ ਪਹੁੰਚ ਵਿੱਚ ਕਈ ਪੱਖਾਂ ਤੋਂ ਵਖਰੇਵਾਂ ਹੋਣ ਦੇ ਬਾਵਜੂਦ ਇਸ ਬਾਰੇ ਕੋਈ ਭੁਲੇਖਾ ਨਹੀਂ ਕਿ ਲੋਕ ਬਾਦਲਾਂ ਨੂੰ ਰਾਜਸੀ ਮੈਦਾਨ ਵਿੱਚ ਕਰਾਰੀ ਹਾਰ ਦੇਣ ਦਾ ਫੈਸਲਾ ਲਗਭਗ ਕਰੀ ਬੈਠੇ ਨਜ਼ਰ ਆ ਰਹੇ ਹਨ। ਮਾਲਵੇ ਦੇ ਲੋਕਾਂ ਦਾ ਲੋਕ ਲਹਿਰਾਂ 'ਚ ਸਦਾ ਹੀ ਬੜਾ ਅਹਿਮ ਅਤੇ ਸਰਗਰਮ ਰੋਲ ਰਿਹਾ ਹੈ। ਮੁਜਾਰਾ ਲਹਿਰ ਤੋਂ ਲੈ ਕੇ ਸਾਰੀਆਂ ਲੋਕ ਲਹਿਰਾਂ ਨਕਸਲਬਾੜੀ, ਕਿਸਾਨ ਅਤੇ ਮਜ਼ਦੂਰ ਅੰਦੋਲਨਾਂ ਵਿੱਚ ਮਲਵੱਈ ਮੂਹਰੇ ਹੋ ਕੇ ਲੜਦੇ ਆਏ ਨੇ। ਇਸ ਵਾਰ ਬਾਦਲਾਂ ਨੂੰ ਚਲਦਾ ਕਰਨ ਲਈ 'ਝਾੜੂ' ਮਲਵੱਈਆਂ ਦੇ ਵੱਡੇ ਰਾਜਸੀ ਹਥਿਆਰ ਵਜੋਂ ਸਾਹਮਣੇ ਆ ਰਿਹਾ ਹੈ।

ਮਾਝੇ ਦੇ ਲੋਕ ਜਿਹੜੇ ਆਪਣੀ ਧੜੱਲੇਦਾਰ ਜੀਵਨ ਸ਼ੈਲੀ, ਹੋਰਨਾਂ ਇਲਾਕਿਆਂ ਦੇ ਲੋਕਾਂ ਦੇ ਮੁਕਾਬਲੇ ਚੁਸਤ/ਚਲਾਕ ਹੋਣ ਕਾਰਨ ਰਾਜਸੀ ਤੌਰ ਉੱਤੇ ਪਾਸਾ ਬਦਲਣ/ਪਲਟਣ ਵਿੱਚ ਮਾਹਰ ਹਨ, ਬਾਦਲਾਂ ਦੀ "ਸਿਆਸੀ ਸੇਵਾ" ਕਰਨ ਦੀ ਪੱਕੀ ਧਾਰੀ ਬੈਠੇ ਦਿਸਦੇ ਹਨ। ਬਾਦਲ ਦਲ ਦੇ ਸਭ ਤੋਂ ਵੱਧ ਚਰਚਿਤ, ਪੰਗੇ ਹੱਥੇ ਅਤੇ ਬਦਨਾਮ ਬਿਕਰਮ ਮਜੀਠਾ ਅਤੇ ਵਿਰਸਾ ਵਲਟੋਹਾ ਮਝੈਲਾਂ ਦੇ ਨਿਸ਼ਾਨੇ ਉੱਤੇ ਹਨ। ਭਾਵੇਂ ਬਿਕਰਮ ਮਜੀਠੀਏ ਨੂੰ ਹਰਾਉਣਾ ਇੰਨਾ ਸੁਖਾਲਾ ਨਹੀਂ ਪਰ ਮਾਝੇ ਦੇ ਵੋਟਰ ਹੋਰਨਾਂ ਆਗੂਆਂ ਨੂੰ ਰਾਜਸੀ ਮੈਦਾਨ ਵਿਚੋਂ ਚਲਦਾ ਕਰਨ ਦੇ ਰੌਂਅ ਵਿੱਚ ਹਨ। ਆਪਣੇ ਠਰ੍ਹੰਮੇ ਅਤੇ ਬਾਣੀਆ ਸੁਭਾਅ ਕਰਕੇ ਜਾਣੇ ਜਾਂਦੇ

ਬਾਕੀ ਸਫ਼ਾ 33 'ਤੇ

### ਅੰਦਰ ਪੜ੍ਹੋ ਅਹਿਮ ਖ਼ਬਰਾਂ

- ਸਿਰਸੇ ਵਾਲੇ ਸਾਧ ਵਲੋਂ ਬਾਦਲਾਂ ਦੀ ਹਮਾਇਤ
- ਮੌੜ ਮੰਡੀ ਚੋਣ ਰੈਲੀ 'ਚ ਬੰਬ ਧਮਾਕਾ, 4 ਮੌਤਾਂ
- ਪ੍ਰਵਾਸੀਆਂ ਨੂੰ ਅੱਤਵਾਦੀ ਨਾ ਕਹੋ-ਕੇਜ਼ਰੀਵਾਲ
- ਸੀਨੀਅਰ ਪੱਤਰਕਾਰ ਮੇਜਰ ਸਿੰਘ ਦਾ ਚੋਣ ਸਰਵੇਖਣ

## ਟਰੰਪ ਨੇ ਵਿਖਾਏ ਜਲਵੇ

### ਪਾਬੰਦੀਆਂ ਵਿਰੁੱਧ ਵਿਸ਼ਵ ਵਿਆਪੀ ਮੁਜ਼ਾਹਰੇ

**ਨਿਊ ਯਾਰਕ/ਬਿਊਰੋ ਨਿਊਜ਼ :** ਸ਼ਰਨਾਰਥੀਆਂ ਅਤੇ ਸਤ ਮੁੱਖ ਮੁਸਲਿਮ ਦੇਸ਼ਾਂ ਦੇ ਲੋਕਾਂ ਨੂੰ ਅਮਰੀਕਾ ਆਉਣ ਤੋਂ ਰੋਕਣ ਦੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਫੈਸਲੇ ਦੀ ਕੌਮਾਂਤਰੀ ਪੱਧਰ 'ਤੇ ਨਿੰਦਾ ਹੋ ਰਹੀ ਹੈ। ਅਮਰੀਕਾ ਅੰਦਰ ਵੀ ਉਨ੍ਹਾਂ ਦੇ



ਇਸ ਫ਼ੈਸਲੇ ਨੂੰ ਲੈ ਕੇ ਕਈ ਹਲਕਿਆਂ ਵਿਚ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। ਪਰ ਟਰੰਪ ਪ੍ਰਸ਼ਾਸਨ ਆਪਣੇ ਫੈਸਲੇ 'ਤੇ ਅੜਿਆ ਹੋਇਆ ਹੈ। ਇਸ ਫ਼ੈਸਲੇ ਤੋਂ ਬਾਅਦ ਵਿਰੋਧ ਵੀ ਵਧੇ ਹਨ ਤੇ ਨਿੰਦਾ ਕਰਨ ਵਾਲਿਆਂ ਦੀ ਸੰਖਿਆ ਵੀ ਵਧੀ ਹੈ। ਇਸੇ ਦੌਰਾਨ ਟਰੰਪ ਨੇ ਉਨ੍ਹਾਂ ਦੇ ਕਾਰਜਕਾਰੀ ਆਦੇਸ਼ਾਂ ਦੀ ਨਿੰਦਾ ਕਰਨ ਵਾਲੀ ਕਾਰਜਕਾਰੀ ਅਟਾਰਨੀ ਜਨਰਲ ਸੈਲੀ ਯੇਟਸ ਨੂੰ ਵੀ ਬਰਖ਼ਾਸਤ ਕਰ ਦਿੱਤਾ ਹੈ। ਕਾਰਜਕਾਰੀ ਅਟਾਰਨੀ ਜਨਰਲ ਸੈਲੀ ਨੇ ਨਿਆਂ ਵਿਭਾਗ ਨੂੰ ਕਿਹਾ ਸੀ ਕਿ ਉਹ ਪਰਵਾਸੀਆਂ 'ਤੇ ਰਾਸ਼ਟਰਪਤੀ ਟਰੰਪ ਦੇ ਹੁਕਮਾਂ ਦਾ ਬਚਾਅ ਨਾ ਕਰਨ। ਵ੍ਹਾਈਟ ਹਾਊਸ ਦੇ ਇਕ ਬਿਆਨ ਵਿਚ ਸੈਲੀ ਯੇਟਸ 'ਤੇ ਧੋਖਾ ਦੇਣ ਦਾ ਦੋਸ਼ ਲਾਇਆ ਗਿਆ ਹੈ।

(ਵਿਸਥਾਰ ਵਿੱਚ ਖ਼ਬਰਾਂ ਸਫ਼ਾ 27 ਉੱਤੇ)

## ਪੰਜਾਬ ਦੀ ਪੂਰੀ ਤਰ੍ਹਾਂ ਭਖੀ ਹੋਈ ਸਿਆਸੀ ਫਿਜ਼ਾ ਦੇ ਅੰਗ ਸੰਗ

### *ਚੋਣ ਸਰਗਰਮੀਆਂ ਦੇਖਣੀਆਂ ਨੇ, ਚੱਲੋ ਆਓ ਫੇਰ ਪੰਜਾਬ ਦੀ ਗੇੜੀ ਮਾਰੀਏ*

ਬੇਚੈਨ ਹੋ ਰਹੇ ਹੋ ਬਹੁਤ! ਜ਼ਾਹਰਾ ਤੌਰ 'ਤੇ ਤੁਹਾਡੀਆਂ ਸੋਚਾਂ ਵਿਚ, ਤੁਹਾਡੀਆਂ ਆਸਾਂ ਵਿਚ, ਤੁਹਾਡੇ ਫ਼ਿਕਰਾਂ ਵਿਚ ਪੰਜਾਬ ਵਸਿਆ ਹੈ। ਦਸ ਵਰ੍ਹਿਆਂ ਵਿਚ ਜੋ ਪੰਜਾਬ ਦੀ ਹਾਲਤ ਹੋ ਚੁੱਕੀ ਹੈ, ਉਸ ਤੋਂ ਤੁਸੀਂ ਸਾਰੇ ਵਧੇਰੇ ਫ਼ਿਕਰਮੰਦ ਵੀ ਹੋ ਤੇ ਰੋਹ ਵਿਚ ਵੀ। ਇਸੇ ਲਈ ਪ੍ਰਦੇਸ ਵਸਦੇ ਬਹੁਤੇ ਪੰਜਾਬੀ ਪੰਜਾਬ ਚੋਣ ਸਰਗਰਮੀਆਂ ਵਿਚ ਹਿੱਸਾ ਲੈਣ ਲਈ ਆਪਣੀ ਧਰਤੀ 'ਤੇ ਸਿੱਜਦਾ ਕਰਨ ਵੀ ਪਹੁੰਚੇ ਹਨ। ਤੁਸੀਂ ਨਹੀਂ ਆ ਸਕੇ, ਕੋਈ ਗੱਲ ਨਹੀਂ, ਚੱਲੋ, ਆਓ ਸਾਡੇ ਨਾਲ ਤੁਸੀਂ ਵੀ ਪੰਜਾਬ ਦਾ ਗੇੜਾ ਮਾਰ ਲਓ।

ਸ਼ੁਰੂਆਤ ਹੁੰਦੀ ਹੈ ਤਲਵੰਡੀ ਸਾਬੋ ਹਲਕੇ ਤੋਂ। ਇਥੋਂ ਕਾਂਗਰਸ ਦੇ ਖ਼ੁਸ਼ਬਾਜ਼ ਸਿੰਘ ਜਟਾਣਾ, ਅਕਾਲੀ ਦਲ ਦੇ ਜੀਤਮਹਿੰਦਰ ਸਿੰਘ ਸਿੱਧੂ ਤੇ ਆਮ ਆਦਮੀ ਪਾਰਟੀ ਦੀ ਪ੍ਰੋ. ਬਲਜਿੰਦਰ ਕੌਰ ਸਰਗਰਮ ਹਨ। ਪਰ ਮੁਕਾਬਲਾ ਸਿੱਧਾ ਦੋ ਧਿਰੀ ਹੈ। ਪਿੰਡਾਂ ਵਿਚੋਂ ਦੀ ਲੰਘਦਿਆਂ ਜਗਾ ਰਾਮ ਤੀਰਥ ਪੁੱਜੇ। ਪਿੰਡ ਦੀ ਜੂਹ 'ਤੇ ਹੀ ਅੰਮ੍ਰਿਤਧਾਰੀ ਬਜ਼ੁਰਗ ਕਿੱਕਰ ਸਿੰਘ ਨਾਲ ਮੁਲਾਕਾਤ ਹੁੰਦੀ ਹੈ। ਰਸਤਾ ਪੁਛਣ ਦੇ ਬਹਾਨੇ ਚੋਣਾਂ ਦੀ ਚਰਚਾ ਚਲਦੀ ਹੈ। ਕਿੱਕਰ ਸਿੰਘ ਹੱਥ ਜੋੜ ਕੇ ਖੜ੍ਹਾ ਹੋ ਜਾਂਦਾ ਹੈ ਕਿ ਦੇਖੋ, ***ਜੀ ਇੱਥੇ ਤਾਂ ਇਸ ਵਾਰ 'ਆਪ' ਦੀ ਸਰਕਾਰ ਬਣਨੀ ਹੈ।***



ਤਲਵੰਡੀ ਸਾਬੋ ਹਲਕੇ ਦੇ ਲੇਲੇਵਾਲਾ ਪਿੰਡ ਵਿਚਲੇ ਦਲਿਤਾਂ ਦੇ ਵੇਹੜੇ ਦੀ ਬੀਹੀ ਵਿੱਚ ਕਿਣਮਿਣ ਦੌਰਾਨ ਤੇਜ਼ਲ਼ ਤੁਰਦਿਆਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਤੇ ਪਾਰਟੀ ਦੇ ਮਹਿਲਾ ਵਿੰਗ ਦੀ ਕਨਵੀਨਰ ਬੀਬੀ ਬਲਜਿੰਦਰ ਕੌਰ ਅਤੇ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੀ ਸਮਾਚਾਰ ਸੰਪਾਦਕ ਕਮਲ ਦੁਸਾਂਝ ਚੋਣਾਂ ਸਬੰਧੀ ਗੱਲਬਾਤ ਕਰਦੀਆਂ ਹੋਈਆਂ।

**ਪੰਜਾਬ ਦੇ ਮਾਲਵਾ, ਮਾਝਾ ਤੇ ਦੋਆਬਾ ਦੇ ਚਾਰ ਦਿਨਾਂ ਦੌਰੇ ਦੌਰਾਨ ਲੋਕਾਂ ਨਾਲ ਹੋਈ ਭਰਵੀਂ ਗੱਲਬਾਤ ਦੌਰਾਨ ਵੋਟਰਾਂ ਦੇ ਦਰਦ ਨੂੰ ਬਿਆਨਦੀ ਕਮਲ ਦੁਸਾਂਝ ਦੀ ਵਿਸ਼ੇਸ਼ ਰਿਪੋਰਟ**

***ਅਸੀਂ ਤਾਂ ਡੱਟ ਕੇ 'ਆਪ' ਨਾਲ ਖੜ੍ਹੇ ਹਾਂ। ਮੈਂ ਤੇ ਮੇਰੇ ਨਾਲ ਦੇ 7-8 ਪਰਿਵਾਰ ਕੱਟੜ ਅਕਾਲੀ ਰਹੇ ਨੇ ਤੇ ਹਰ ਵਾਰ ਅਕਾਲੀਆਂ ਨੂੰ ਹੀ ਵੋਟ ਪਾਈ ਦੀ ਸੀ, ਤੇ ਹੁਣ ਸਿਰਫ 'ਆਪ' ਨੂੰ ਵੋਟ ਪਾਵਾਂਗੇ।***

ਬਾਕੀ ਸਫ਼ਾ 11 'ਤੇ



















GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF
All-You-Can-Eat
Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In
Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar


FINANCIAL FREEDOM
REDUCE YOUR DEBT BY UP TO 60%
ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?
ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕਾਰਸੇਵਾ ਦਾ ਸਾਲਾਨਾ ਦਿਵਸ ਮਨਾਇਆ



**ਸ਼ਿਕਾਗੋ/ਮੱਖਣ ਸਿੰਘ ਕਲੇਰ:** ਮਿਡਵੈਸਟ ਦੇ ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਾਰ ਸੇਵਕਾਂ ਵੱਲੋਂ ਕਾਰਸੇਵਾ ਦਿਵਸ ਮਨਾਇਆ ਗਿਆ। ਕਾਰਸੇਵਾ ਦੇ ਮੁਖੀ ਸੇਵਾਦਾਰ ਸਤਨਾਮ ਸਿੰਘ ਔਲਖ ਦੇ ਦੱਸਣ ਅਨੁਸਾਰ ਗੁਰੂਘਰ ਦੇ ਕਾਰਜਾਂ ਵਿਚ ਸੇਵਾ ਨਿਵਾਉਣ ਵਾਲੇ ਸੇਵਾਦਾਰਾਂ ਵਿਚ ਪੇਸ਼ੇ ਦੇ ਤੌਰ ਤੇ ਡਾਕਟਰ, ਇੰਜਨੀਅਰ, ਕਾਰਪੇਟਰ, ਆਈ ਟੀ ਦੇ ਖੇਤਰ ਨਾਲ ਸਬੰਧਤ ਸਕੂਲਾਂ, ਕਾਲਜਾਂ, ਜਿਹੜੇ ਸਟੂਡੈਂਟ ਕਾਰਸੇਵਾ ਵਿਚ ਹਿੱਸਾ ਲੈਂਦੇ ਹਨ। ਉਨ੍ਹਾਂ ਨੂੰ ਭਾਈਚਾਰੇ ਦੀ ਸੇਵਾ ਦੇ ਸਰਟੀਫਿਕੇਟ ਦਿੱਤੇ ਜਾਂਦੇ ਹਨ। ਤਾਂ ਕਿ ਉਨ੍ਹਾਂ ਦੇ ਸਕੂਲਾਂ ਵਿਚ ਉਨ੍ਹਾਂ ਦੇ ਕਰੈਡਿਟ ਉਪਰ ਜਾ ਸਕਣ।

ਕਾਰਸੇਵਕਾਂ ਵੱਲੋਂ ਪਿਛਲੇ ਕੁਝ ਸਮੇਂ ਜੋ ਮਹਿੰਗੇ ਤੇ ਵੱਡੇ ਕਾਰਜ ਨੇਪਰੇ ਚਾੜ੍ਹੇ ਗਏ ਹਨ। ਉਨ੍ਹਾਂ ਵਿਚ ਰਸੋਈ ਘਰ ਵਿਚ ਭਾਂਡੇ ਧੋਣ ਵਾਲੀ ਮਸ਼ੀਨ ਲਗਾਈ ਗਈ। ਗੁਰੂ ਘਰ ਨੂੰ ਦਾਖਲ ਹੋਣ ਵਾਲੇ ਤਿੰਨ ਗੇਟਾਂ ਨੂੰ ਬਿਜਲਈ ਸਿਸਟਮ ਲਗਾਇਆ ਗਿਆ। ਗੁਰੂਘਰ ਦੇ ਮੁੱਖ ਦਰਵਾਜੇ ਨੂੰ ਆਉਣ ਵਾਲੇ ਰਸਤੇ ਨੂੰ ਕੰਕਰੀਟ ਪਾ ਕੇ ਨਵਾਂ ਬਣਾਇਆ ਗਿਆ, ਜਿਸ ਵਿਚ 15-16 ਕਾਰਾਂ ਦੀ ਪਾਰਕਿੰਗ ਹੈ। ਹੋਰ ਕਈ ਕਾਰਜਾਂ



ਨੂੰ ਪੂਰਾ ਕੀਤਾ ਗਿਆ। ਕੁਝ ਹੋਰ ਅਜਿਹੇ ਕਾਰਜ ਅਜੇ ਅਧੂਰੇ ਹਨ ਜਿਨ੍ਹਾਂ ਨੂੰ ਆਉਣ ਵਾਲੇ ਕੁਝ ਸਮੇਂ ਵਿਚ ਪੂਰਾ ਕੀਤਾ ਜਾਣਾ ਹੈ। ਇਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਜੋ ਨਵਾਂ ਸੁਖਆਸਣ ਕਮਰਾ ਤਿਆਰ ਕੀਤਾ ਗਿਆ ਸੀ, ਉਸ ਵਿਚ ਅਲਮਾਰੀਆਂ ਪਲੰਗ, ਸ਼ਮਿਆਨੇ ਅਤੇ ਆਧੁਨਿਕ ਤਰੀਕੇ ਦੀ ਸਜਾਵਟ ਕੀਤੀ ਜਾਵੇਗੀ। ਇਸ ਤੋਂ ਇਲਾਵਾ ਗੁਰੂ ਘਰ ਦੇ ਨੇੜੇ ਹੀ ਇਕ ਚਰਚ ਦੀ ਬਿਲਡਿੰਗ ਖਰੀਦੀ ਜਾ ਰਹੀ ਹੈ ਜਿਸ ਮੰਤਵ ਲਈ ਸੰਗਤਾਂ ਬੜੇ ਜੋਸ਼ ਨਾਲ ਹਿੱਸਾ ਪਾ ਰਹੀਆਂ ਹਨ।

ਇਸ ਮੌਕੇ ਗੁਰੂਘਰ ਦੇ ਹੈੱਡਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵੱਲੋਂ ਕਥਾ ਰਾਹੀਂ ਸੰਗਤਾਂ ਨੂੰ "ਹੱਥੀਂ ਸੇਵਾ ਕਰਨ ਤੇ ਸਿੱਖੀ ਵਿਚ ਕਾਰਸੇਵਾ ਦਾ ਕੀ ਮਹੱਤਵ ਹੈ" ਪ੍ਰਤੀ ਚਾਨਣਾ ਪਾਇਆ ਤੇ ਵਿਸਥਾਰ ਨਾਲ ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਲੈ ਕੇ ਅੱਜ ਦੇ ਸਮੇਂ ਤੱਕ ਵੱਖ ਵੱਖ ਕਾਰਜਾਂ ਵਿਚ ਹੋਈ ਕਾਰਸੇਵਾ ਦਾ ਇਤਿਹਾਸ ਸਰਵਣ ਕਰਵਾਇਆ। ਸਿੱਖ ਧਰਮ ਵਿਚ ਉਨ੍ਹਾਂ ਦਸਿਆ ਕਿ ਕਾਰਸੇਵਾ ਦਾ ਬਹੁਤ ਉੱਚਾ ਸਥਾਨ ਦਿੱਤਾ ਗਿਆ ਹੈ। ਸਟੇਜ ਸਕੱਤਰ ਹਰਜੀਤ ਸਿੰਘ ਗਿੱਲ ਨੇ ਸੰਖੇਪ ਰੂਪ ਵਿਚ ਸਮਾਗਮ ਦੀ ਜਾਣਕਾਰੀ ਸੰਗਤਾਂ ਨਾਲ ਸਾਂਝੀ ਕੀਤੀ। ਸਮਾਗਮ ਦੇ ਸੰਚਾਲਕ ਸਤਨਾਮ ਸਿੰਘ ਔਲਖ ਨੇ ਬਾਕੀ ਸੇਵਾਦਾਰਾਂ ਨੂੰ ਸੰਗਤਾਂ ਦੇ ਰੂਬਰੂ ਕੀਤਾ। ਇਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਗੁਰੂਘਰ ਦੇ ਫਾਊਂਡਰ ਮੈਂਬਰ ਬਲਵੰਤ ਸਿੰਘ ਹੰਸਰਾ ਨੇ ਕਿਹਾ ਕਿ ਕਾਰਸੇਵਾ ਦੇ ਕਈ ਖੇਤਰ ਹਨ। ਜਿਵੇਂ ਕਿ ਗੁਰੂਘਰ ਵਿਚ ਚਲ ਰਹੇ ਕਾਰਜਾਂ ਵਿਚ ਸੇਵਾ ਕਰਨੀ, ਲੰਗਰਾਂ ਵਿਚ ਸੇਵਾ ਕਰਨੀ, ਦੂਸਰੇ ਭਾਈਚਾਰਿਆਂ ਵਿਚ ਜਾ

ਬਾਕੀ ਸਫ਼ਾ 32 'ਤੇ

## ਨਕੋਦਰ ਕਾਂਡ ਦੇ ਸ਼ਹੀਦਾਂ ਦੀ 31ਵੀਂ ਬਰਸੀ ਸਬੰਧੀ ਗੁਰਦੁਆਰਾ ਸਾਹਿਬ ਮਿਲਪੀਟਸ ਤੇ ਫਰੀਮੌਂਟ ਵਿਖੇ ਸੈਮੀਨਾਰ ਤੇ ਕਾਨਫਰੰਸ 4 ਅਤੇ 5 ਫਰਵਰੀ ਨੂੰ

**ਮਿਲਪੀਟਸ/ਬਿਊਰੋ ਨਿਊਜ਼:** ਨਕੋਦਰ ਗੋਲੀ ਕਾਂਡ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ ਗੋਰਸੀਆਂ ਦੀ 31ਵੀਂ ਬਰਸੀ ਦੇ ਸਬੰਧ ਵਿਚ ਮਿਲਪੀਟਸ ਅਤੇ ਫਰੀਮੌਂਟ ਦੇ ਗੁਰਦੁਆਰਾ ਸਾਹਿਬਾਨ ਵਿਚ ਕ੍ਰਮਵਾਰ 4 ਤੇ 5 ਫਰਵਰੀ ਨੂੰ ਵਿਸ਼ੇਸ਼ ਸਮਾਗਮ ਕੀਤੇ ਜਾਣਗੇ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ 4 ਫਰਵਰੀ ਸ਼ਨਿਚਰਵਾਰ ਨੂੰ ਸ਼ਾਮੀ 4:00 ਵਜੇ ਤੋਂ 6:00 ਵਜੇ ਤੱਕ ਗੁਰਦੁਆਰਾ ਸਿੰਘ ਸਭਾ ਬੇ-ਏਰੀਆ, 680 ਈਸਟ ਕੈਲਾਵੇਰਸ ਬੁਲੇਵਾਰਡ, ਮਿਲਪੀਟਸ ਵਿਖੇ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹਾਲ ਵਿੱਚ "ਸ਼੍ਰੀ ਗੁਰੂ ਗਰੰਥ ਸਾਹਿਬ ਦੇ ਬੇਅਦਬੀ ਅਤੇ ਸਿੱਖ ਪ੍ਰਤੀਕਰਮ "1986 -2017" ਵਿਸ਼ੇ ਉੱਤੇ ਇੱਕ ਸੈਮੀਨਾਰ ਕਰਵਾਇਆ ਜਾ ਰਿਹਾ ਹੈ ਜਿਸ ਦੇ ਮੁੱਖ ਬੁਲਾਰੇ ਡਾ. ਅਮਰਜੀਤ ਸਿੰਘ



ਵਾਸ਼ਿੰਗਟਨ ਡੀ ਸੀ (ਟੀ ਵੀ 84) ਅਤੇ ਡਾ. ਹਰਿੰਦਰ ਸਿੰਘ (ਸਟੈਨਫੋਰਡ ਯੂਨੀਵਰਸਿਟੀ) ਹੋਣਗੇ। ਇਸੇ ਤਰ੍ਹਾਂ ਦਾ ਸਮਾਗਮ ਦੂਜੇ ਦਿਨ 5 ਫਰਵਰੀ ਐਤਵਾਰ ਨੂੰ ਗੁਰਦੁਆਰਾ ਫਰੀਮੌਂਟ ਵਿਖੇ ਸਵੇਰੇ 10:00 ਵਜੇ ਸ਼ੁਰੂ ਹੋਵੇਗਾ। ਪ੍ਰਬੰਧਕਾਂ ਵਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਦੋਵਾਂ ਸ਼ਹੀਦੀ ਸਮਾਗਮਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਇਨ੍ਹਾਂ ਸੂਰਬੀਰ ਯੋਧਿਆਂ ਨੂੰ ਜਿਨ੍ਹਾਂ ਗੁਰੂ ਗਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਆਪਾ ਵਾਰਣ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪਰਿਵਾਰਾਂ ਸਮੇਤ ਪਹੁੰਚੋ।

**ਵਿਸ਼ੇਸ਼ ਸੂਚਨਾ : ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: ਜੈ ਸਿੰਘ ਫੋਨ ਨੰਬਰ 510-677-2777**




## ਨਾਵਲਕਾਰ ਦਰਸ਼ਨ ਸਿੰਘ ਨਹੀਂ ਰਹੇ

**ਨਵੀਂ ਦਿੱਲੀ/ਬਿਊਰੋ ਨਿਊਜ਼** ਉੱਘੇ ਨਾਵਲਕਾਰ ਦਰਸ਼ਨ ਸਿੰਘ ਦਾ ਦੇਹਾਂਤ ਹੋ ਗਿਆ। ਉਹ 88 ਵਰ੍ਹਿਆਂ ਦੇ ਸਨ। ਉਹ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਇਕ ਪ੍ਰਾਈਵੇਟ ਹਸਪਤਾਲ 'ਚ ਦਾਖ਼ਲ ਸਨ। ਦਰਸ਼ਨ ਸਿੰਘ ਦਾ ਜਨਮ ਜੈ ਸਿੰਘ ਤੇ ਵੀਰਾਂਵਾਲੀ ਦੇ ਘਰ, ਸਾਂਗਲਾ ਹਿੱਲ ਸ਼ੇਖ਼ੂਪੁਰਾ (ਹੁਣ ਪਾਕਿਸਤਾਨ) ਵਿੱਚ ਹੋਇਆ ਸੀ। ਉਨ੍ਹਾਂ ਦਾ ਵਿਆਹ ਉਮਦਾ ਗਾਇਕਾ ਤਰਲੋਚਨ ਕੌਰ ਨਾਲ ਹੋਇਆ, ਜਿਨ੍ਹਾਂ ਦਾ ਗਾਇਆ ਫ਼ੈਜ਼ (ਫ਼ੈਜ਼ ਅਹਿਮਦ ਫ਼ੈਜ਼) ਲੋਕਾਂ ਦੇ ਦਿਲਾਂ ਵਿੱਚ ਅੱਜ ਵੀ ਵਸਿਆ ਹੋਇਆ ਹੈ। ਉਨ੍ਹਾਂ ਦੇ ਘਰ ਇਕ ਧੀ ਪ੍ਰੀਤੀ ਸਿੰਘ ਅਤੇ ਇਕ ਪੁੱਤਰ ਨਵਰੂਪ ਸਿੰਘ ਨੇ



ਜਨਮ ਲਿਆ। ਮੁਲਕ ਦੀ ਵੰਡ ਵੇਲੇ ਉਹ ਪਰਿਵਾਰ ਸਮੇਤ ਦਿੱਲੀ ਆਣ ਵਸੇ ਸਨ। ਉਨ੍ਹਾਂ ਰੂਸੀ ਦੂਤਘਰ ਦੇ ਸੂਚਨਾ ਵਿਭਾਗ ਵਿੱਚ ਨੌਕਰੀ ਕੀਤੀ। ਪੌਣੇ ਕੁ ਚਾਰ ਸਾਲ ਉਨ੍ਹਾਂ ਮਾਸਕੋ ਵੀ ਗੁਜ਼ਾਰੇ। ਉਨ੍ਹਾਂ ਦਾ ਮੁੱਖ ਕੰਮ ਅਨੁਵਾਦਕ ਦਾ ਹੁੰਦਾ ਸੀ। ਉਹ ਪਹਿਲੇ ਵਿਅਕਤੀ ਸਨ ਜੋ ਭਾਰਤ ਵਿਚਲੇ ਇਸ ਵਿਭਾਗ ਤੋਂ ਉਥੇ ਗਏ ਸਨ। ਉਨ੍ਹਾਂ 70 ਸਾਲ ਦੀ ਉਮਰੇ ਲਿਖਣਾ ਆਰੰਭ ਕੀਤਾ ਅਤੇ ਕੁਝ ਹੀ ਸਮੇਂ ਅੰਦਰ ਪੰਜਾਬੀ ਸਾਹਿਤ ਜਗਤ ਅੰਦਰ ਛਾ ਗਏ। ਹੁਣ ਤਕ ਉਨ੍ਹਾਂ ਦੇ 11 ਨਾਵਲ, ਇਕ ਕਹਾਣੀ ਸੰਗ੍ਰਹਿ 'ਹਨੇਰੀ' ਅਤੇ ਰੇਖਾ ਚਿੱਤਰਾਂ ਦੀ ਕਿਤਾਬ 'ਅੱਧ ਚਾਨਣਾ' ਛਪ ਚੁੱਕੇ ਹਨ। ਨਾਵਲਾਂ ਵਿੱਚੋਂ 'ਲੋਟਾ' ਨੂੰ ਸਾਲ 2015 ਦਾ 25 ਹਜ਼ਾਰ ਕੈਨੇਡੀਅਨ ਡਾਲਰਾਂ ਵਾਲਾ ਢਾਹਾਂ ਕੌਮਾਂਤਰੀ ਇਨਾਮ ਮਿਲਿਆ। ਪੰਜਾਬੀ ਸਾਹਿਤ ਸਭਾ ਦੀ ਚੇਅਰਪਰਸਨ ਡਾ. ਰੇਣੂਕਾ ਸਿੰਘ, ਕਹਾਣੀਕਾਰ ਗੁਲਜ਼ਾਰ ਸਿੰਘ ਸਣੇ ਕ ?ੀ ਸ਼ਖ਼ਸੀਅਤਾਂ ਨੇ ਦਰਸ਼ਨ ਸਿੰਘ ਦੇ ਦੇਹਾਂਤ 'ਤੇ ਦੁੱਖ ਪ੍ਰਗਟਾਇਆ ਹੈ।

# ਭਾਰਤੀਆਂ ਦੀਆਂ ਨੌਕਰੀਆਂ 'ਤੇ ਖ਼ਤਰਾ ਮੰਡਰਾਇਆ, ਟਰੰਪ ਨੇ ਪੇਸ਼ ਕੀਤਾ ਨਵਾਂ ਐਚ1ਬੀ ਵੀਜ਼ਾ ਬਿਲ

**ਵਾਸਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਕੰਪਨੀਆਂ ਨੂੰ ਹੁਣ ਭਾਰਤ ਦੇ ਲੋਕਾਂ ਨੂੰ ਨੌਕਰੀ ਦੇਣਾ ਮੁਸ਼ਕਲ ਹੋ ਜਾਵੇਗਾ। ਦਰਅਸਲ ਅਮਰੀਕੀ ਸੰਸਦ ਦੇ ਪ੍ਰਤੀਨਿਧ ਸਦਨ ਵਿਚ ਐਚ-1 ਬੀ ਵੀਜ਼ਾ ਨਾਲ ਸਬੰਧਤ ਨਵਾਂ ਬਿੱਲ ਪੇਸ਼ ਕੀਤਾ ਹੈ ਜਿਸ ਤਹਿਤ ਘੱਟੋ-ਘੱਟ 1,30000 ਡਾਲਰ ਤਨਖਾਹ ਵਾਲੀਆਂ ਨੌਕਰੀਆਂ ਲਈ ਹੀ ਇਸ ਤਰ੍ਹਾਂ ਦਾ ਵੀਜ਼ਾ ਦਿੱਤਾ ਜਾ ਸਕੇਗਾ। ਇਹ ਤਨਖਾਹ ਐਚ-1 ਬੀ ਵੀਜ਼ਾ ਲਈ ਮੌਜੂਦਾ ਤਨਖਾਹ ਤੋਂ ਦੁੱਗਣੇ ਤੋਂ ਵੀ ਜ਼ਿਆਦਾ ਹੈ ਅਤੇ ਇਸ ਦੇ ਲਾਗੂ ਹੋਣ 'ਤੇ ਅਮਰੀਕੀ ਕੰਪਨੀਆਂ ਲਈ ਅਮਰੀਕਾ ਵਿਚ ਭਾਰਤ ਸਮੇਤ ਵਿਦੇਸ਼ੀ ਮੁਲਾਜ਼ਮਾਂ ਨੂੰ ਨੌਕਰੀ ਦੇਣੀ ਮੁਸ਼ਕਲ ਹੋ ਜਾਵੇਗੀ। ਇਹ ਪਹਿਲ ਡੋਨਲਡ ਟਰੰਪ ਸਰਕਾਰ ਦੀ ਅਮਰੀਕੀ ਨਾਗਰਿਕਾਂ ਲਈ ਰੋਜ਼ਗਾਰ ਦੇ ਮੌਕੇ ਵਧਾਉਣ ਦੀ ਤਰਜੀਹ ਦਾ ਹਿੱਸਾ ਹੈ।

ਕੈਲੀਫੋਰਨੀਆ ਦੇ ਸੰਸਦ ਮੈਂਬਰ ਜੋਏ ਲੋਫਗ੍ਰੇਨ ਨੇ ਹਾਈ ਸਕਿਲਡ ਇੰਟੀਗਰਿਟੀ ਐਂਡ ਫੇਅਰਨੈੱਸ ਐਕਟ-2017 (ਉੱਚ ਮੁਹਾਰਤ ਸੰਪੂਰਨਤਾ ਅਤੇ ਨਿਰਪੱਖਤਾ ਐਕਟ-2017) ਨਾਂਅ ਵਾਲਾ ਇਹ ਬਿੱਲ ਪੇਸ਼ ਕੀਤਾ ਹੈ। ਇਸ ਵਿਚ ਉਨ੍ਹਾਂ ਕੰਪਨੀਆਂ ਨੂੰ ਵੀਜ਼ਾ ਦੇਣ ਵਿਚ ਤਰਜੀਹ ਦੇਣ ਦਾ ਪ੍ਰਸਤਾਵ ਹੈ ਜੋ ਬਾਜ਼ਾਰ ਔਸਤ ਤੋਂ ਦੁੱਗਣੀ ਤਨਖਾਹ ਦੇਣ ਲਈ ਤਿਆਰ ਹਨ। ਇਸ ਵਿਚ ਘੱਟੋ-ਘੱਟ ਭੁਗਤਾਨ ਦੀ ਸ਼੍ਰੇਣੀ ਨੂੰ ਖਤਮ ਕਰਨ ਅਤੇ ਐਚ-1ਬੀ ਵੀਜ਼ਾ 'ਤੇ ਆਉਣ ਵਾਲੇ ਮਾਹਰਾਂ ਲਈ ਤਨਖਾਹ ਦਾ ਪੱਧਰ ਵਧਾਉਣ ਦੀ ਵਿਵਸਥਾ ਹੈ। ਐਚ-1ਬੀ ਵੀਜ਼ਾ ਦੀ ਵਰਤੋਂ ਕਰਨ ਵਾਲੀਆਂ ਕੰਪਨੀਆਂ ਨੂੰ ਅਮਰੀਕਾ ਵਿਚ ਮਾਹਰ ਉਪਲਬਧ ਨਾ ਹੋਣ ਦਾ ਪ੍ਰਮਾਣ ਪੱਤਰ ਲੈਣ ਲਈ ਇਹ ਸ਼ਰਤ ਹੋਵੇਗੀ ਕਿ ਉਨ੍ਹਾਂ ਵਿਦੇਸ਼ ਤੋਂ ਬੁਲਾਏ ਜਾਣ ਵਾਲੇ ਮੁਲਾਜ਼ਮ ਨੂੰ 1,30000 ਡਾਲਰ ਤੋਂ ਵੀ ਵੱਧ ਤਨਖਾਹ ਦੇਣੀ ਪਵੇਗੀ। ਇਹ 1989 ਵਿਚ ਸਥਾਪਤ ਐਚ1ਬੀ ਵੀਜ਼ਾ ਤਹਿਤ ਮੌਜੂਦਾ ਘੱਟੋ-ਘੱਟ ਤਨਖ਼ਾਹ 60,000 ਡਾਲਰ ਦੀ ਤਨਖ਼ਾਹ ਦੇ ਪੱਧਰ ਦੇ ਦੁੱਗਣੇ ਤੋਂ ਵੀ ਜ਼ਿਆਦਾ ਹੈ। ਐਚ1 ਵੀਜ਼ਾ ਇਕ ਗੈਰ ਅਪਰਵਾਸੀ ਵੀਜ਼ਾ ਹੈ, ਜਿਸ ਰਾਹੀਂ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਹਾਲਤਾਂ ਵਿਚ ਵਿਦੇਸ਼ੀ ਕਰਮਚਾਰੀਆਂ ਨੂੰ ਅਸਥਾਈ ਤੌਰ 'ਤੇ ਨਿਯੁਕਤ ਕਰਨ ਦੀ ਆਗਿਆ ਦਿੰਦਾ ਹੈ। ਮੀਡੀਆ ਰਿਪੋਰਟਾਂ ਮੁਤਾਬਕ ਵਿਸ਼ਵ ਪੱਧਰ 'ਤੇ ਐਚ1ਬੀ ਵੀਜ਼ਾ ਰੱਖਣ ਵਾਲਿਆਂ ਵਿਚ ਭਾਰਤੀਆਂ ਦੀ ਸੰਖਿਆ ਸਭ ਤੋਂ ਜ਼ਿਆਦਾ ਹੈ।

## ਟਰੰਪ ਵਲੋਂ ਅਮਰੀਕਾ-ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣ ਦੀ ਪ੍ਰਵਾਨਗੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਮਰੀਕਾ-ਮੈਕਸੀਕੋ ਸਰਹੱਦ ਰਾਹੀਂ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਪ੍ਰਵਾਸੀਆਂ ਦੇ ਦਾਖਲੇ ਨੂੰ ਰੋਕਣ ਲਈ ਇਥੇ ਕੰਧ ਬਣਾਉਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਦੇ ਵੱਲ ਪਹਿਲਾਂ ਕਦਮ ਚੁੱਕਦਿਆਂ ਅਮਰੀਕਾ-ਮੈਕਸੀਕੋ ਸਰਹੱਦ 'ਤੇ ਕੰਧ ਬਣਾਉਣ ਦੇ ਆਦੇਸ਼ 'ਤੇ ਦਸਤਖ਼ਤ ਕਰ ਦਿੱਤੇ ਹਨ। ਵ੍ਹਾਈਟ ਹਾਊਸ ਅਨੁਸਾਰ ਟਰੰਪ ਨੇ ਗ੍ਰਹਿ ਸੁਰੱਖਿਆ ਵਿਭਾਗ ਦੇ ਦੌਰੇ ਦੌਰਾਨ ਇਸ ਕਾਰਜਕਾਰਨੀ (ਐਕਜ਼ੀਕਿਊਟਵ) ਆਦੇਸ਼ਾਂ 'ਤੇ ਦਸਤਖ਼ਤ ਕੀਤੇ। ਕਾਰਜਕਾਰਨੀ ਆਦੇਸ਼ਾਂ ਵਿਚ ਮੁਕੱਦਮੇ ਤੋਂ ਪਹਿਲਾਂ ਸੰਘੀ ਅਧਿਕਾਰੀਆਂ ਵੱਲੋਂ ਹਿਰਾਸਤ ਵਿਚ ਲਏ ਗਏ ਬਿਨਾਂ ਦਸਤਾਵੇਜ਼ਾਂ ਵਾਲੇ ਸ਼ਰਨਾਰਥੀਆਂ ਦੀ ਰਿਹਾਈ ਨੂੰ ਖਤਮ ਕਰਨ ਸਬੰਧੀ ਸਖ਼ਤ ਕਾਨੂੰਨ ਦੀ ਵਕਾਲਤ ਕੀਤੀ ਹੈ। ਇਸ ਤੋਂ ਪਹਿਲਾਂ ਟਰੰਪ ਨੇ ਇਕ ਇੰਟਰਵਿਊ ਦੌਰਾਨ ਵੀ ਕਿਹਾ ਕਿ ਮਹੀਨਿਆਂ ਵਿਚ ਹੀ ਕੰਧ ਦਾ ਨਿਰਮਾਣ ਸ਼ੁਰੂ ਹੋ ਜਾਵੇਗਾ। ਉਧਰ ਅਮਰੀਕਾ ਇਸ ਗੱਲ 'ਤੇ ਜ਼ੋਰ ਦੇ ਰਿਹਾ ਹੈ ਕਿ ਮੈਕਸੀਕੋ ਕੰਧ ਦੇ ਨਿਰਮਾਣ ਲਈ ਪੈਸੇ ਦੇਵੇ ਪ੍ਰੰਤੂ ਮੈਕਸੀਕੋ ਸਰਕਾਰ ਨੇ ਇਸ ਤੋਂ ਇਨਕਾਰ ਕੀਤਾ ਹੈ।

# ਸਰੀ ਵਿੱਚ ਪੰਜਾਬੀ ਨੌਜਵਾਨ ਕਰਨਪ੍ਰਤਾਪ ਸਿੰਘ ਦਾ ਕਤਲ

**ਵੈਨਕੂਵਰ/ਬਿਊਰੋ ਨਿਊਜ਼ :**
ਸਰੀ ਵਿੱਚ 22 ਸਾਲਾ ਪੰਜਾਬੀ ਨੌਜਵਾਨ ਕਰਨਪ੍ਰਤਾਪ ਸਿੰਘ ਵੜੈਚ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਪੁਲੀਸ ਵੱਲੋਂ ਜਾਰੀ ਸੂਚਨਾ ਅਨੁਸਾਰ ਕਰਨ ਦਾ ਅਪਰਾਧਕ ਰਿਕਾਰਡ ਸੀ ਤੇ ਮੁੱਢਲੇ ਸੰਕੇਤਾਂ ਅਨੁਸਾਰ ਇਹ ਕਾਰਾ ਉਸ ਦੇ ਵਿਰੋਧੀਆਂ ਵੱਲੋਂ ਗਿਣ ਮਿੱਥ ਕੇ ਕੀਤਾ ਹੋ ਸਕਦਾ ਹੈ। ਕਤਲਾਂ ਦੀ ਜਾਂਚ ਵਾਲੀ ਪੁਲੀਸ ਟੀਮ ਦੇ ਬੁਲਾਰੇ ਸਟਾਫ ਸਾਰਜੈਂਟ ਜੈਨੀਫਰ ਪੌਂਡ ਨੇ ਦੱਸਿਆ ਕਿ ਰਾਤ ਵੇਲੇ ਜਦੋਂ ਕਿਸੇ ਨੇ 129 ਸਟਰੀਟ ਅਤੇ 96 ਐਵੇਨਿਊ ਸਥਿਤ ਮੈਕਡੌਨਲਡ ਪਲਾਜ਼ੇ ਵਿੱਚ ਗੋਲੀਆਂ ਚੱਲਣ ਬਾਰੇ ਸੂਚਨਾ ਦਿੱਤੀ ਤਾਂ ਮੌਕੇ 'ਤੇ ਪਹੁੰਚੇ ਪੁਲੀਸ ਅਫ਼ਸਰਾਂ ਨੇ ਵੇਖਿਆ ਕਿ ਕਾਰ ਵਿੱਚ ਪਏ ਨੌਜਵਾਨ ਨੂੰ ਗੋਲੀਆਂ ਨਾਲ ਵਿੰਨ੍ਹਿਆ ਹੋਇਆ ਸੀ। ਮੌਕੇ 'ਤੇ ਪਹੁੰਚੀ ਡਾਕਟਰਾਂ ਦੀ ਟੀਮ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਪੁਲੀਸ ਵੱਲੋਂ ਇਲਾਕੇ ਦੀ ਘੇਰਾਬੰਦੀ ਕਰ ਕੇ ਸਬੂਤ ਇਕੱਠੇ ਕੀਤੇ ਗਏ ਹਨ। ਪੁਲੀਸ ਨੇ ਜਾਂਚ ਵਿੱਚ ਲੋਕਾਂ ਤੋਂ ਸਹਿਯੋਗ ਮੰਗਿਆ। ਪੁਲੀਸ ਦਾ ਕਹਿਣਾ ਹੈ ਕਿ ਅਜੇ ਉਹ ਕਤਲ ਨੂੰ ਗੈਂਗਵਾਰ ਦਾ ਨਤੀਜਾ ਨਹੀਂ ਕਹਿ ਸਕਦੇ ਪਰ ਇਸ ਤੋਂ ਮੁਨਕਰ ਵੀ ਨਹੀਂ ਹੋਇਆ ਜਾ ਸਕਦਾ। ਪੁਲੀਸ ਇਸ ਘਟਨਾ ਨੂੰ ਕੁਝ ਘੰਟੇ ਪਹਿਲਾਂ ਟੋਰਾਂਟੋ ਵਿੱਚ ਪੰਜਾਬੀ ਨੌਜਵਾਨ ਦਿਲਾਨ ਗਿੱਲ (24) ਦੇ ਇਸੇ ਢੰਗ ਨਾਲ ਹੋਏ ਕਤਲ ਨਾਲ ਵੀ ਜੋੜ ਕੇ ਵੇਖ ਰਹੀ ਹੈ।

## ਨਿੱਕੀ ਹੇਲੀ ਨੇ ਸਹੁੰ ਚੁੱਕੀ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਨਿੱਕੀ ਹੇਲੀ ਨੇ ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਸਫ਼ੀਰ ਵਜੋਂ ਸਹੁੰ ਚੁੱਕੀ। ਇਸ ਦੇ ਨਾਲ ਹੀ ਉਹ ਭਾਰਤੀ ਮੂਲ ਦੀ ਪਹਿਲੀ ਅਜਿਹੀ ਸ਼ਖ਼ਸ ਬਣ ਗਈ, ਜੋ ਕਿਸੇ ਅਮਰੀਕੀ ਰਾਸ਼ਟਰਪਤੀ ਦੇ ਪ੍ਰਸ਼ਾਸਨ ਵਿੱਚ ਕੈਬਨਿਟ ਦਰਜੇ ਉਤੇ ਸੇਵਾ ਨਿਭਾਏਗੀ। ਦੱਖਣੀ ਕੈਰੋਲਾਈਨਾ ਦੀ 45 ਸਾਲਾ ਸਾਬਕਾ ਗਵਰਨਰ ਹੇਲੀ ਨੂੰ ਉਪ ਰਾਸ਼ਟਰਪਤੀ ਮਾਈਕ ਪੈਨਸ ਨੇ ਸਹੁੰ ਚੁਕਾਈ। ਨਿੱਕੀ ਹੇਲੀ ਦੇ ਨਾਂ ਨੂੰ ਸੈਨੇਟ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਨੇ 96-4 ਦੇ ਜ਼ਬਰਦਸਤ ਫਤਵੇ ਨਾਲ ਮਨਜ਼ੂਰ ਕੀਤਾ ਸੀ। ਉਹ ਸਮਾਂਥਾ ਪਵਾਰ ਦੀ ਥਾਂ ਲਵੇਗੀ।

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

Allstate. You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਪਰਵਾਸੀ ਪੰਜਾਬੀਆਂ ਨੂੰ ਅੱਤਵਾਦੀ ਨਾ ਕਿਹਾ ਜਾਵੇ : ਕੇਜਰੀਵਾਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦਰ ਕੇਜਰੀਵਾਲ ਨੇ ਕਿਹਾ ਕਿ ਬਾਦਲਾਂ ਤੇ ਕੈਪਟਨ ਵੱਲੋਂ ਪਰਵਾਸੀ ਪੰਜਾਬੀਆਂ ਨੂੰ ਅੱਤਵਾਦੀ ਦੱਸਿਆ ਜਾ ਰਿਹਾ ਹੈ। ਕੇਜਰੀਵਾਲ ਨੇ ਚੇਤਾਵਨੀ ਦਿੱਤੀ ਕਿ ਪਰਵਾਸੀਆਂ ਪੰਜਾਬੀਆਂ ਨੂੰ ਅੱਤਵਾਦੀ ਕਹਿਣ ਤੋਂ ਗੁਰੇਜ਼ ਕੀਤਾ ਜਾਵੇ। ਅੰਮ੍ਰਿਤਸਰ (ਈਸਟ), ਅੰਮ੍ਰਿਤਸਰ (ਸੈਂਟਰਲ) ਤੇ ਅੰਮ੍ਰਿਤਸਰ (ਸਾਊਥ) ਵਿਧਾਨ ਸਭਾ ਹਲਕਿਆਂ ਅੰਦਰ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਰੋਡ ਸ਼ੋਅ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਭਵਿੱਖ ਨੂੰ ਲੈ ਕੇ ਵਿਦੇਸ਼ਾਂ ਵਿੱਚ ਰਹਿ ਰਹੇ ਪੰਜਾਬੀ ਕਾਫੀ ਫਿਕਰਮੰਦ ਹਨ। ਇਸ ਕਾਰਨ ਉਨ੍ਹਾਂ ਵੱਲੋਂ ਪੰਜਾਬ ਦੇ ਭਲੇ ਲਈ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ। ਕੇਜਰੀਵਾਲ ਨੇ ਕਿਹਾ ਕਿ ਪਰਵਾਸੀ ਪੰਜਾਬੀ ਬਹੁਤ ਮਿਹਨਤੀ ਤੇ ਸਮਝਦਾਰ ਹਨ, ਜਿਨ੍ਹਾਂ ਨੇ ਵਿਦੇਸ਼ਾਂ ਵਿੱਚ ਦਿਨ-ਰਾਤ ਮਿਹਨਤ ਕਰਕੇ ਨਾਮ ਕਮਾਇਆ ਤੇ ਪ੍ਰਸਿੱਧੀ ਹਾਸਲ ਕੀਤੀ। ਕੇਜਰੀਵਾਲ ਨੇ ਕਿਹਾ ਕਿ ਅਸਲੀ ਅੱਤਵਾਦੀ ਉਹ ਹਨ, ਜਿਨ੍ਹਾਂ ਨੇ ਪੰਜਾਬ ਨੂੰ ਡਰੱਗ ਮਾਫੀਆ, ਭੂ ਮਾਫੀਆ, ਰੇਤ ਮਾਫੀਆ, ਕੇਬਲ ਮਾਫੀਆ ਤੇ ਟ੍ਰਾਂਸਪੋਰਟ ਮਾਫੀਆ ਨਾਲ ਬਰਬਾਦ ਕਰ ਦਿੱਤਾ ਹੈ।



## ਸੁਪਰੀਮ ਕੋਰਟ ਨੇ ਕਿਸਾਨ ਖੁਦਕੁਸ਼ੀਆਂ ਬਾਰੇ ਕੇਂਦਰ ਤੇ ਰਾਜਾਂ ਤੋਂ ਮੰਗਿਆ ਜਵਾਬ

**ਨਵੀਂ ਦਿੱਲੀ/ਬਿਊਰੋ ਨਿਊਜ਼** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ, ਰਾਜ ਸਰਕਾਰਾਂ, ਕੇਂਦਰੀ ਸ਼ਾਸਿਤ ਪ੍ਰਦੇਸ਼ ਅਤੇ ਆਰ.ਬੀ.ਆਈ. ਨੂੰ ਕਿਸਾਨ ਖੁਦਕੁਸ਼ੀਆਂ ਦੇ ਕਾਰਨ ਦੱਸਣ ਲਈ ਕਿਹਾ ਹੈ। ਜਸਟਿਸ ਜੇ.ਐਸ. ਖੇਹਰ ਅਤੇ ਜਸਟਿਸ ਐਨ.ਵੀ. ਰਾਮੰਨਾ 'ਤੇ ਆਧਾਰਿਤ ਬੈਂਚ ਨੇ ਇਕ ਐਨਜੀਓ ਵੱਲੋਂ ਦਾਇਰ ਪਟੀਸ਼ਨ ਚਾਰ ਹਫ਼ਤਿਆਂ ਵਿੱਚ ਜਵਾਬ ਦਾਇਰ ਕਰਨ ਦਾ ਆਦੇਸ਼ ਦਿੱਤਾ ਹੈ। ਬੈਂਚ ਨੇ ਕਿਹਾ ਕਿ ਇਹ ਦੇਸ਼ ਭਰ ਦੇ ਕਿਸਾਨਾਂ ਨਾਲ ਜੁੜਿਆ 'ਨਾਜ਼ੁਕ ਮੁੱਦਾ' ਹੈ।

# ਮੌੜ ਮੰਡੀ ਵਿਚ ਹਰਮਿੰਦਰ ਜੱਸੀ ਦੀ ਰੈਲੀ ਦੌਰਾਨ ਧਮਾਕੇ 'ਚ 4 ਮੌਤਾਂ, 15 ਜ਼ਖ਼ਮੀ

### *ਉਮੀਦਵਾਰ ਦੀਆਂ ਗੱਡੀਆਂ 'ਤੇ ਚਲਾਈਆਂ ਗੋਲੀਆਂ*

**ਮੌੜ/ਬਿਊਰੋ ਨਿਊਜ਼ :** ਇਥੇ ਟਰੱਕ ਯੂਨੀਅਨ ਦੇ ਨੇੜੇ ਮੌੜ ਤੋਂ ਕਾਂਗਰਸੀ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਕਥਿਤ ਕੁੱਕਰ ਬੰਬ ਧਮਾਕੇ ਵਿੱਚ ਇਕ ਬੱਚੇ ਸਣੇ 4 ਵਿਅਕਤੀ ਮਾਰੇ ਗਏ ਤੇ 15 ਜ਼ਖ਼ਮੀ ਹੋ ਗਏ। ਮ੍ਰਿਤਕਾਂ ਵਿਚ ਮੌੜ ਵਿੱਚ ਸ੍ਰੀ ਜੱਸੀ ਦੀ ਚੋਣ ਮੁਹਿੰਮ ਦੀ ਨਿਗਰਾਨੀ ਕਰ ਰਿਹਾ ਹਰਪਾਲ ਸਿੰਘ ਪਾਲੀ ਵੀ ਸ਼ਾਮਲ ਹੈ। ਉਸ ਤੋਂ ਇਲਾਵਾ ਮਰਨ ਵਾਲਿਆਂ ਵਿੱਚ ਇਕ ਲੜਕੀ ਸਮੇਤ ਦੋ ਭਿਖਾਰੀ ਸ਼ਾਮਲ ਹਨ, ਜਿਨ੍ਹਾਂ ਦੀ ਪਛਾਣ ਨਹੀਂ ਹੋ ਸਕੀ। ਜ਼ਖ਼ਮੀਆਂ ਵਿੱਚ ਤਿੰਨ ਬੱਚੇ ਸ਼ਾਮਲ ਹਨ। ਜ਼ਖ਼ਮੀਆਂ ਨੂੰ ਬਠਿੰਡਾ ਦੇ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਇਸ ਹਮਲੇ ਵਿੱਚ ਜੱਸੀ ਦੀ ਫਾਰਚੂਨਰ ਗੱਡੀ ਉਪਰ ਗੋਲੀਆਂ ਵੀ ਚਲਾਈਆਂ ਗਈਆਂ ਤੇ ਕਾਂਗਰਸੀ ਉਮੀਦਵਾਰ ਦੇ ਕੁੱਝ ਸੱਟਾਂ ਵੀ ਲੱਗੀਆਂ ਹਨ। ਵਾਰਦਾਤ ਤੋਂ ਬਾਅਦ ਲੋਕਾਂ ਨੇ ਐਸਡੀਐਮ ਤੇ ਡੀਐਸਪੀ ਨੂੰ ਘੇਰ ਲਿਆ। ਮੌਕੇ ਤੋਂ ਕੁੱਕਰ ਵੀ ਬਰਾਮਦ ਕੀਤਾ ਗਿਆ ਹੈ। ਸ੍ਰੀ ਜੱਸੀ ਨੇ ਸ਼ਾਮ ਵੇਲੇ ਰੋਡ ਸ਼ੋਅ ਕੀਤਾ ਤੇ ਉਸ ਮਗਰੋਂ ਜਦੋਂ ਉਹ ਚੋਣ ਸਭਾ ਨੂੰ ਸੰਬੋਧਨ ਕਰ ਰਹੇ ਸਨ ਤਾਂ ਉਨ੍ਹਾਂ ਦੀ ਫਾਰਚੂਨਰ ਗੱਡੀ ਨੇੜੇ ਮਾਰੂਤੀ ਕਾਰ ਆ ਕੇ ਰੁਕੀ, ਜਿਸ ਵਿੱਚ ਜ਼ੋਰਦਾਰ ਧਮਾਕਾ ਹੋਇਆ। ਮੌਕੇ ਤੋਂ ਪੁਲੀਸ ਨੂੰ ਕਾਰਤੂਸਾਂ ਦੇ ਖੋਲ ਵੀ ਮਿਲੇ ਹਨ।

ਬਾਕੀ ਸਫ਼ਾ 32 'ਤੇ



ਧਮਾਕੇ ਤੋਂ ਬਾਅਦ ਮੌਕੇ 'ਤੇ ਪੁਣ-ਛਾਣ ਕਰ ਰਹੇ ਪੁਲੀਸ ਮੁਲਾਜ਼ਮ

## ਸਿਮਰਜੀਤ ਸਿੰਘ ਬੈਂਸ ਦੀ ਪ੍ਰਚਾਰ ਗੱਡੀ 'ਤੇ ਹਮਲਾ :

**ਲੁਧਿਆਣਾ :** ਲੋਕ ਇਨਸਾਫ਼ ਪਾਰਟੀ ਦੇ ਮੁਖੀ ਤੇ ਹਲਕਾ ਆਤਮ ਨਗਰ ਤੋਂ ਉਮੀਦਵਾਰ ਸਿਮਰਜੀਤ ਸਿੰਘ ਬੈਂਸ ਦੀ ਪ੍ਰਚਾਰ ਗੱਡੀ 'ਤੇ ਨਿਊ ਜਨਤਾ ਨਗਰ ਇਲਾਕੇ ਵਿੱਚ ਮੰਗਲਵਾਰ ਦੁਪਹਿਰ ਨੂੰ ਅੱਧੀ ਦਰਜਨ ਦੇ ਕਰੀਬ ਅਣਪਛਾਤੇ ਵਿਅਕਤੀਆਂ ਨੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਗੱਡੀ ਦੀ ਭੰਨਤੋੜ ਕੀਤੀ। ਗੱਡੀ ਚਾਲਕ ਨੇ ਉਥੋਂ ਗੱਡੀ ਭਜਾ ਕੇ ਖ਼ੁਦ ਨੂੰ ਬਚਾਇਆ। ਇਸ ਵਾਰਦਾਤ ਨੂੰ ਇੱਕ ਫੋਟੋਗ੍ਰਾਫ਼ਰ ਨੇ ਆਪਣੇ ਕੈਮਰੇ ਵਿਚ ਕੈਦ ਕਰ ਲਿਆ। ਹਮਲਾਵਰਾਂ ਨੇ ਉਸ ਨਾਲ ਕੁੱਟਮਾਰ ਕੀਤੀ ਅਤੇ ਕੈਮਰੇ ਵਾਲਾ ਬੈਗ ਖੋਹ ਕੇ ਫ਼ਰਾਰ ਹੋ ਗਏ। ਸਿਮਰਜੀਤ ਸਿੰਘ ਬੈਂਸ ਨੇ ਦੋਸ਼ ਲਾਇਆ ਕਿ ਹਮਲਾ ਕਰਨ ਵਾਲੇ ਅਕਾਲੀ ਦਲ ਦੇ ਉਮੀਦਵਾਰ ਗੁਰਮੀਤ ਸਿੰਘ ਕੁਲਾਰ ਦੇ ਸਮਰਥਕ ਸਨ।

# ਮੇਰੀ ਗ੍ਰਿਫ਼ਤਾਰੀ ਪਿੱਛੇ ਬੱਬਰ ਖ਼ਾਲਸਾ ਦੇ ਸੀਨੀਅਰ ਲੀਡਰ ਦਾ ਹੱਥ : ਭਾਈ ਜਗਤਾਰ ਸਿੰਘ ਤਾਰਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਗ੍ਰਿਫ਼ਤਾਰ ਭਾਈ ਜਗਤਾਰ ਸਿੰਘ ਤਾਰਾ ਨੇ ਥਾਈਲੈਂਡ ਵਿਚ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਬੱਬਰ ਖ਼ਾਲਸਾ ਦੇ ਇਕ ਸੀਨੀਅਰ ਲੀਡਰ ਦਾ ਹੱਥ ਹੋਣ ਦੇ ਦੋਸ਼ ਲਗਾਏ ਹਨ। ਉਨ੍ਹਾਂ ਦੇ ਵਕੀਲ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਭਾਈ ਜਗਤਾਰ ਸਿੰਘ ਤਾਰਾ ਨੇ ਇਕ ਚਿੱਠੀ ਰਾਹੀਂ ਇਹ ਕਿਹਾ ਹੈ ਕਿ ਥਾਈਲੈਂਡ ਵਿਚ ਉਨ੍ਹਾਂ ਬਾਰੇ ਪੁਲੀਸ ਤੱਕ ਜਾਣਕਾਰੀ ਬੱਬਰ ਖ਼ਾਲਸਾ ਦੇ ਇਕ ਸੀਨੀਅਰ ਨੇ ਪਹੁੰਚਾਈ ਸੀ। ਚਿੱਠੀ ਰਾਹੀਂ ਭਾਈ ਤਾਰਾ ਨੇ ਦੱਸਿਆ ਕਿ ਉਨ੍ਹਾਂ ਨੂੰ ਥਾਈਲੈਂਡ ਤੋਂ ਨਿਕਲਣ ਲਈ ਕਿਸੇ ਦੀ ਮਦਦ ਦੀ ਜ਼ਰੂਰਤ ਸੀ, ਜਿਸ ਲਈ ਉਨ੍ਹਾਂ ਗਜਿੰਦਰ ਸਿੰਘ ਨਾਲ ਸੰਪਰਕ



ਕੀਤਾ ਸੀ ਤੇ ਫਿਰ ਬੱਬਰ ਖ਼ਾਲਸਾ ਦੇ ਸੀਨੀਅਰ ਲੀਡਰ ਤੋਂ ਮਦਦ ਲੈਣ ਦੀ ਸੋਚੀ। ਫਿਰ ਕਿਸੇ ਸਿੱਖ ਰਾਹੀਂ ਭਾਈ ਤਾਰਾ ਤੇ ਉਸ ਆਗੂ ਵਿਚਾਲੇ ਭਾਈ ਤਾਰਾ ਦੇ ਇਕ ਨਵੇਂ ਫ਼ੋਨ ਨੰਬਰ 'ਤੇ ਗੱਲਬਾਤ ਹੋਈ। ਭਾਈ ਤਾਰਾ ਅਨੁਸਾਰ ਇਸ ਦੇ ਬਾਅਦ ਉਸ ਨੂੰ ਏਜੰਟ ਦਾ ਫ਼ੋਨ ਆਇਆ, ਜਿਸ ਨੇ ਭਾਈ ਤਾਰਾ ਨੂੰ ਥਾਈਲੈਂਡ ਵਿਚੋਂ ਕੱਢਣ ਵਿਚ ਮਦਦ ਕਰਨੀ ਸੀ। ਏਜੰਟ ਮੁਤਾਬਕ ਪੁਲੀਸ ਨੇ ਏਜੰਟ ਨੂੰ ਕਿਹਾ, 'ਸਾਨੂੰ ਪਤਾ ਹੈ ਕਿ ਤੂੰ ਕਿਸ ਬੰਦੇ ਨੂੰ ਬਾਹਰ ਕੱਢਣ ਲਈ ਆਇਆ ਹੈ ਤੇ ਭਾਈ ਤਾਰਾ ਨੂੰ ਕਿਹਾ ਕਿ ਹੁਣ ਉਨ੍ਹਾਂ ਦਾ ਦੇਸ਼ ਤੋਂ ਬਾਹਰ ਜਾਣਾ ਔਖਾ ਹੋ ਗਿਆ ਹੈ।' ਇਸ ਦੇ ਬਾਅਦ ਭਾਈ ਤਾਰਾ ਦੀ ਗ੍ਰਿਫ਼ਤਾਰੀ ਹੋ ਜਾਂਦੀ ਹੈ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SFO/LAX to DELHI
FARE as LOW as
Starting from
695 to 895




With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC
- ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
- ਰੋਜ਼ਾਨਾ ਸ਼ਾਮ ਨੂੰ ਘਰ ਜਾਓ
- ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।



ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

### ਸੀ.ਆਈ.ਏ. ਰਿਪੋਰਟ ਵਿਚ ਅਹਿਮ ਖ਼ੁਲਾਸਾ

# ਇੰਦਰਾ ਗਾਂਧੀ ਨੇ ਸੋਵੀਅਤ ਸੰਘ ਤੋਂ ਪੈਸੇ ਲੈ ਕੇ ਭਾਰਤ ਨਾਲ ਗ਼ਦਾਰੀ ਕੀਤੀ

## ਫੰਡਿੰਗ ਲੈਣ ਵਾਲਿਆਂ ਵਿਚ ਸੀ.ਪੀ.ਆਈ. ਤੇ ਸੀ.ਪੀ.ਐਮ. ਵੀ ਸਨ ਸ਼ਾਮਲ • ਸਿੱਖਾਂ ਖ਼ਿਲਾਫ਼ ਗੁੱਸਾ ਕੰਟਰੋਲ ਕਰਨ 'ਚ ਰਾਜੀਵ ਦੀ ਸਫਲਤਾ ਨਾਲ ਸੋਵੀਅਤ ਪ੍ਰਭਾਵ ਮਜ਼ਬੂਤ ਹੋਵੇਗਾ



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸੋਵੀਅਤ ਸੰਘ ਨੇ ਇੰਦਰਾ ਗਾਂਧੀ ਦੇ ਦੌਰ ਵਿਚ ਕਾਂਗਰਸ ਪਾਰਟੀ ਅਤੇ ਆਪਣੇ ਨੇਤਾਵਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਰਕਮ ਦਿੱਤੀ ਸੀ। ਫੰਡਿੰਗ ਲੈਣ ਵਾਲਿਆਂ ਵਿਚ ਕਮਿਊਨਿਸਟ ਪਾਰਟੀਆਂ ਸੀ.ਪੀ.ਆਈ. ਤੇ ਸੀ.ਪੀ.ਐਮ. ਵੀ ਸ਼ਾਮਲ ਹਨ। ਰਿਪੋਰਟਾਂ ਅਨੁਸਾਰ ਇੰਦਰਾ ਗਾਂਧੀ ਨੇ ਸੋਵੀਅਤ ਸੰਘ ਤੋਂ ਫੰਡਿੰਗ ਲੈ ਕੇ ਭਾਰਤ ਨਾਲ ਗ਼ਦਾਰੀ ਕੀਤੀ ਸੀ। ਇਸ ਦੇ ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਆਪਣੇ ਛੋਟੇ ਪੁੱਤਰ ਸੰਜੇ ਗਾਂਧੀ ਨੂੰ ਉਤਰਾਧਿਕਾਰੀ ਵਜੋਂ ਹੱਲਾਸ਼ੇਰੀ ਦੇਣ ਦੀਆਂ ਇੰਦਰਾ ਗਾਂਧੀ ਦੀਆਂ ਕੋਸ਼ਿਸ਼ਾਂ ਨੂੰ ਉਸ ਵੇਲੇ ਸੋਵੀਅਤ ਸੰਘ ਨੇ ਗੰਭੀਰਤਾ ਨਾਲ ਨਹੀਂ ਲਿਆ ਸੀ ਤੇ ਉਸ ਨੂੰ ਉਮੀਦ ਸੀ ਕਿ ਰਾਜੀਵ ਗਾਂਧੀ ਉਨ੍ਹਾਂ ਦੇ ਉਤਰਾਧਿਕਾਰੀ ਹੋਣਗੇ। ਇੰਦਰਾ ਗਾਂਧੀ ਦੀ ਅਕਤੂਬਰ 1984 ਨੂੰ ਹੱਤਿਆ ਹੋਣ ਤੋਂ ਇਕ ਦਿਨ ਬਾਅਦ ਤਿਆਰ ਕੀਤੀ ਗਈ ਰਿਪੋਰਟ ਵਿਚ ਸੀ.ਆਈ.ਏ. ਨੇ ਅਨੁਮਾਨ ਕੀਤਾ ਸੀ ਕਿ ਮਾਸਕੋ ਉਨ੍ਹਾਂ ਦੀ ਹੱਤਿਆ ਦੇ ਮੱਦੇਨਜ਼ਰ ਵੱਡੀਆਂ ਸੁਰੱਖਿਆ ਚਿੰਤਾਵਾਂ ਦਾ ਲਾਹਾ ਲੈਣ ਦੀ ਚੰਗੀ ਸਥਿਤੀ ਵਿਚ ਹੋਵੇਗਾ। ਨਾਲ ਹੀ ਸਿੱਖਾਂ ਖ਼ਿਲਾਫ਼ ਗੁੱਸਾ ਕੰਟਰੋਲ ਕਰਨ ਵਿਚ ਰਾਜੀਵ ਦੀ ਸਫਲਤਾ ਨਾਲ ਭਾਰਤ 'ਤੇ ਸੋਵੀਅਤ ਪ੍ਰਭਾਵ ਮਜ਼ਬੂਤ ਹੋਵੇਗਾ।

ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਦੇ ਪੁਰਾਣੇ ਗੁਪਤ ਦਸਤਾਵੇਜ਼ਾਂ ਨੂੰ ਹਾਲ ਹੀ ਵਿਚ ਜਨਤਕ ਕੀਤੇ ਜਾਣ ਮਗਰੋਂ ਇਹ ਜਾਣਕਾਰੀ ਮਿਲੀ ਹੈ। ਇਨ੍ਹਾਂ ਵਿਚ ਕਿਹਾ ਗਿਆ ਹੈ ਕਿ ਇੰਦਰਾ ਗਾਂਧੀ ਦੇ ਸ਼ਾਸਨ ਵਿਚ ਉਨ੍ਹਾਂ ਦੇ 40 ਫ਼ੀਸਦੀ ਤਕ ਸੰਸਦ ਮੈਂਬਰਾਂ ਨੂੰ ਸੋਵੀਅਤ ਸੰਘ ਤੋਂ ਸਿਆਸੀ ਚੰਦਾ ਮਿਲਿਆ ਸੀ। ਇਸ ਤੋਂ ਪਹਿਲਾਂ 2005 ਵਿਚ ਰੂਸੀ ਗੁਪਤਚਰ ਏਜੰਸੀ ਕੇ.ਜੀ.ਬੀ. ਦੇ ਲੀਕ ਹੋਏ ਗੁਪਤ ਦਸਤਾਵੇਜ਼ਾਂ ਵਿਚ ਵੀ ਇਸੇ ਤਰ੍ਹਾਂ ਦੀ ਜਾਣਕਾਰੀ ਮਿਲੀ ਸੀ।

ਸੀ.ਆਈ.ਏ. ਦੀ ਸੋਵੀਅਤ ਸੰਘ ਦੇ ਭਾਰਤ 'ਤੇ ਅਸਰ ਨੂੰ ਲੈ ਕੇ ਦਸੰਬਰ 1985 ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸੋਵੀਅਤ ਸੰਘ ਸਿਆਸੀ ਦਲਾਂ ਅਤੇ ਵਿਅਕਤੀਆਂ ਨੂੰ ਲੁਕ ਕੇ ਰਕਮ ਦੇਣ ਨਾਲ ਭਾਰਤੀ ਸਿਆਸੀ ਪ੍ਰਕਿਰਿਆ ਵਿਚ ਵੱਡੀ ਭੂਮਿਕਾ ਰੱਖਦਾ ਹੈ। ਰਿਪੋਰਟ ਅਨੁਸਾਰ 'ਇੰਦਰਾ ਗਾਂਧੀ ਦੀ ਪਿਛਲੀ ਸਰਕਾਰ ਵਿਚ ਕਾਂਗਰਸ ਦੇ ਕਰੀਬ 40 ਫ਼ੀਸਦੀ ਸੰਸਦ ਮੈਂਬਰਾਂ ਨੂੰ ਸੋਵੀਅਤ ਸੰਘ ਤੋਂ ਸਿਆਸੀ ਚੰਦਾ ਮਿਲਿਆ ਸੀ। ਸੋਵੀਅਤ ਸੰਘ ਦਾ ਦੂਤਾਵਾਸ ਕਾਂਗਰਸ ਦੇ ਨੇਤਾਵਾਂ ਨੂੰ ਲੁਕ ਕੇ ਰਕਮ ਦੇਣ ਸਮੇਤ ਕਈ ਖ਼ਰਚਿਆਂ ਲਈ ਵੱਡਾ ਰਿਜ਼ਰਵ ਰੱਖਦਾ ਹੈ।'

ਇਸ ਤੋਂ ਪਹਿਲਾਂ ਕੇ.ਜੀ.ਬੀ. ਦੇ ਇਕ ਸਾਬਕਾ ਜਸੂਸ ਵਾਸਿਲੀ ਮਿਤਰੋਕਿਨ ਦੀ 2005 ਵਿਚ ਆਈ ਇਕ ਕਿਤਾਬ ਵਿਚ ਵੀ ਇਸ ਤਰ੍ਹਾਂ ਦੇ ਦਾਅਵੇ ਕੀਤੇ ਗਏ ਸਨ। ਵਾਸਿਲੀ ਸੋਵੀਅਤ ਸੰਘ ਤੋਂ ਹਜ਼ਾਰਾਂ ਦਸਤਾਵੇਜ਼ ਚੋਰੀ ਕਰਕੇ ਦੇਸ਼ ਤੋਂ ਬਾਹਰ ਲੈ ਗਿਆ ਸੀ। ਉਨ੍ਹਾਂ ਵਿਚ ਦਾਅਵਾ ਕੀਤਾ ਗਿਆ ਸੀ ਕਿ ਇੰਦਰਾ ਗਾਂਧੀ ਨੂੰ ਕਾਂਗਰਸ ਪਾਰਟੀ ਲਈ ਸੂਟਕੇਸਾਂ ਵਿਚ ਭਰ ਪੈਸੇ ਭੇਜੇ ਗਏ ਸਨ ਤੇ ਕੇ.ਜੀ.ਬੀ. ਨੇ 1970 ਦੇ ਦਹਾਕੇ ਵਿਚ ਸਾਬਕਾ ਰੱਖਿਆ ਮੰਤਰੀ ਵੀ.ਕੇ. ਮੈਨਨ ਤੋਂ ਇਲਾਵਾ ਚਾਰ ਹੋਰ ਕੇਂਦਰੀ ਮੰਤਰੀਆਂ ਦੇ ਚੋਣ ਪ੍ਰਚਾਰ ਲਈ ਫੰਡ ਦਿੱਤਾ ਸੀ। ਈ.ਟੀ. ਕੋਲ ਮੌਜੂਦ ਸੀ.ਆਈ.ਏ. ਦੇ ਦਸਤਾਵੇਜ਼ਾਂ ਵਿਚ ਦੋਸ਼ ਲਾਇਆ ਗਿਆ ਹੈ ਕਿ ਸੋਵੀਅਤ ਸੰਘ ਨੇ ਭਾਰਤੀ ਕਾਰੋਬਾਰੀਆਂ ਨਾਲ ਸਮਝੌਤਿਆਂ ਰਾਹੀਂ ਕਾਂਗਰਸ ਪਾਰਟੀ ਨੂੰ ਰਿਸ਼ਵਤ ਦਿੱਤੀ ਸੀ। ਇਨ੍ਹਾਂ ਵਿਚ ਸੀ.ਪੀ. ਆਈ. ਅਤੇ ਸੀ.ਪੀ.ਐਮ. ਨੂੰ ਵੀ ਸੋਵੀਅਤ ਸੰਘ ਤੋਂ ਫੰਡਿੰਗ ਮਿਲਣ ਦੀ ਗੱਲ ਕਹੀ ਗਈ ਹੈ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਸਾਰੇ ਲੀਡਰਾਂ ਨੂੰ ਵਿੱਤੀ ਮਦਦ ਨਹੀਂ ਦਿੱਤੀ ਗਈ। ਇਨ੍ਹਾਂ ਵਿਚੋਂ ਅਜਿਹੇ ਵਿਅਕਤੀਆਂ ਦਾ ਜ਼ਿਕਰ ਹੈ ਜਿਨ੍ਹਾਂ ਨੇ ਸੋਵੀਅਤ ਸੰਘ ਨਾਲ ਕਥਿਤ ਤੌਰ 'ਤੇ ਸੌਦੇ ਕੀਤੇ ਸਨ। ਇਨ੍ਹਾਂ ਵਿਚ ਇੰਦਰਾ ਗਾਂਧੀ ਨੂੰ ਚੁਣੌਤੀ ਦੇਣ ਦੀ ਸੰਭਾਵਨਾ ਰੱਖਣ ਵਾਲੇ ਲੀਡਰਾਂ ਦੇ ਵੀ ਨਾਂ ਹਨ।

ਉਸ ਸਮੇਂ ਸੀ.ਆਈ.ਏ. ਦਾ ਅੰਦਾਜ਼ਾ ਸੀ ਕਿ ਕੇ.ਜੀ.ਬੀ. ਵਲੋਂ ਫੰਡ ਦਿੱਤੇ ਜਾਣ ਕਾਰਨ ਬਹੁਤ ਸਾਰੇ ਨੇਤਾਵਾਂ ਤਕ ਸੋਵੀਅਤ ਸੰਘ ਦੀ ਪਹੁੰਚ ਸੀ ਅਤੇ ਇਸ ਨਾਲ ਉਸ ਨੂੰ ਭਾਰਤੀ ਸਿਆਸਤ ਨੂੰ ਪ੍ਰਭਾਵਤ ਕਰਨ ਵਿਚ ਮਦਦ ਮਿਲੀ ਸੀ। ਇਸ ਤੋਂ ਪਹਿਲਾਂ ਕੇ.ਜੀ.ਬੀ. ਦੇ ਲੀਕ ਹੋਏ ਦਸਤਾਵੇਜ਼ਾਂ ਵਿਚ ਵੀ ਭਾਰਤ ਨੂੰ ਤੀਸਰੀ ਦੁਨੀਆ ਦੀਆਂ ਸਰਕਾਰਾਂ ਵਿਚ ਕੇ.ਜੀ.ਬੀ. ਦੀ ਘੁਸਪੈਠ ਦਾ ਇਕ ਮਾਡਲ ਦੱਸਿਆ ਗਿਆ ਸੀ। ਇਨ੍ਹਾਂ ਦਸਤਾਵੇਜ਼ਾਂ ਵਿਚ ਸਰਕਾਰ ਵਿਚ ਕੇ.ਜੀ.ਬੀ. ਦੇ ਬਹੁਤ ਸਾਰੇ ਸੂਤਰ ਹੋਣ ਦੀ ਗੱਲ ਕਹੀ ਗਈ ਸੀ।

### ਸੀ.ਆਈ.ਏ. ਨੇ ਪੰਜ ਸਾਲ ਪਹਿਲਾਂ ਹੀ ਦੱਸ ਦਿੱਤੀ ਸੀ ਰਾਜੀਵ ਗਾਂਧੀ ਦੀ ਹੱਤਿਆ ਦੀ ਸੰਭਾਵਨਾ

ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਨੇ ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਦੀ ਸੰਭਾਵਨਾ ਪੰਜ ਸਾਲ ਪਹਿਲਾਂ ਹੀ ਜ਼ਾਹਰ ਕਰ ਦਿੱਤੀ ਸੀ। ਹਾਲ ਹੀ 'ਚ ਜਨਤਕ ਹੋਈ ਰਿਪੋਰਟ 'ਚ ਇਸ ਦਾ ਖੁਲਾਸਾ ਹੋਇਆ। ਰਾਜੀਵ ਗਾਂਧੀ ਦੀ ਹੱਤਿਆ 21 ਮਈ 1991 ਨੂੰ ਸ੍ਰੀਪੇਰੰਬੁਦੂਲ 'ਚ ਹੋਈ ਸੀ, ਜਦਕਿ ਸੀ.ਆਈ.ਏ. ਦੀ ਰਿਪੋਰਟ ਮਾਰਚ-1986 'ਚ ਫਾਇਲ ਕੀਤੀ ਗਈ ਸੀ। "ਇੰਡੀਆ ਆਫਟਰ ਰਾਜੀਵ..." ਸਿਰਲੇਖ ਵਾਲੀ ਇਸ 23 ਪੰਨਿਆਂ ਦੀ ਰਿਪੋਰਟ ਦਾ ਕੁੱਝ ਹਿੱਸਾ ਗਾਇਬ ਹੋ ਗਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਕਾਰਜਕਾਲ ਦੇ ਅੰਤ 'ਚ ਰਾਜੀਵ ਗਾਂਧੀ 'ਤੇ ਹਮਲਾ ਹੋ ਸਕਦਾ ਹੈ, ਜਿਸ 'ਚ ਉਨ੍ਹਾਂ ਦੀ ਹਤਿਆ ਵੀ ਕੀਤੀ ਜਾ ਸਕਦੀ ਹੈ। ਸੰਭਾਵਨਾ ਇਹ ਵੀ ਜਤਾਈ ਗਈ ਕਿ ਉਹ ਕਿਸੇ ਕਾਰਨ ਅਹੁਦੇ ਤੋਂ ਅਸਤੀਫਾ ਵੀ ਦੇ ਸਕਦੇ ਹਨ। ਰਿਪੋਰਟ 'ਚ ਇਹ ਵੀ ਕਿਹਾ ਗਿਆ ਕਿ ਕਸ਼ਮੀਰੀ ਮੁਸਲਿਮ ਜਾਂ ਸਿੱਖ ਹਮਲਾਵਰਾਂ ਵੱਲੋਂ ਹੱਤਿਆ ਤੋਂ ਬਾਅਦ ਦੇਸ਼ 'ਚ ਹਿੰਸਾ ਭੜਕ ਸਕਦੀ ਹੈ। ਹਾਲਾਂਕਿ ਰਾਜੀਵ ਗਾਂਧੀ ਦੀ ਹੱਤਿਆ ਤਾਮਿਲ ਅਤਿਵਾਦੀਆਂ ਨੇ ਕੀਤੀ ਸੀ। ਉਨ੍ਹਾਂ ਦੀ ਹੱਤਿਆ ਤੋਂ ਬਾਅਦ ਭਾਰਤ ਦੇ ਅਮਰੀਕਾ ਅਤੇ ਰੂਸ ਨਾਲ ਸਬੰਧਾਂ ਦਾ ਵੀ ਜ਼ਿਕਰ ਕੀਤਾ ਗਿਆ ਸੀ। ਰਿਪੋਰਟ 'ਚ ਦੱਸਿਆ ਗਿਆ ਕਿ ਰਾਜੀਵ ਗਾਂਧੀ ਤੋਂ ਬਾਅਦ ਪੀ.ਵੀ. ਨਰਸਿਮਹਾ ਰਾਓ ਜਾਂ ਵੀ.ਪੀ. ਸਿੰਘ ਉਨ੍ਹਾਂ ਦੇ ਗੱਦੀ ਨਸ਼ੀਨ ਹੋ ਸਕਦੇ ਹਨ। 1991 'ਚ ਪੀ.ਵੀ. ਨਰਸਿਮਹਾ ਰਾਓ ਨੇ ਕਾਂਗਰਸ ਸਰਕਾਰ ਦੀ ਕਮਾਨ ਸੰਭਾਲੀ ਸੀ।














# ਪੰਜਾਬ ਦੇ ਰਾਜਸੀ ਦੰਗਲ ਦੇ ਰੂਬਰੂ

ਨਾਮਜ਼ਦਗੀ ਵਾਪਸੀ ਦਾ ਕੰਮ ਖਤਮ ਹੋਣ ਬਾਅਦ ਰਾਜਸੀ ਪਾਰਟੀਆਂ ਦੇ ਉਮੀਦਵਾਰਾਂ ਅਤੇ ਬਾਗੀਆਂ ਵਲੋਂ ਚੋਣ ਸਰਗਰਮੀਆਂ ਤੇਜ਼ ਕਰ ਦੇਣ ਬਾਅਦਚ ਪੰਜਾਬ ਦੇ ਚੋਣ ਦੰਗਲ ਦਾ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। ਵੱਖ-ਵੱਖ ਦਲਾਂ ਤੇ ਆਜ਼ਾਦਾਂ ਸਮੇਤ ਸੈਂਕੜੇ ਉਮੀਦਵਾਰ ਆਪੋ ਅਪਣੀ ਜਿੱਤ ਯਕੀਨੀ ਬਣਾਉਣ ਲਈ ਦਿਨ ਰਾਤ ਇੱਕ ਕਰ ਰਹੇ ਹਨ। ਚੋਣ ਮੈਦਾਨ ਵਿੱਚ ਨਿਤਰੇ ਚਿਹਰਿਆਂ ਅਤੇ ਉਮਰਾਂ ਵਲ ਵੇਖੀਏ ਤਾਂ ਇਕ ਪਾਸੇ 89 ਸਾਲਾ ਪ੍ਰਕਾਸ਼ ਸਿੰਘ ਬਾਦਲ ਵਰਗੇ ਧੜੱਲੇਬਾਜ਼ ਉਮੀਦਵਾਰ ਮੈਦਾਨ ਵਿਚ ਹਨ, ਉੱਥੇ 25 ਸਾਲਾ ਹਰਜੋਤ ਕੌਰ ਵਰਗੀ ਨੌਜਵਾਨ ਉਮੀਦਵਾਰ ਵੀ ਲੋਕਤੰਤਰ ਦੇ ਉਤਸਵ ਵਿਚ ਕੁੱਦ ਗਈ ਹੈ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੈਸੇ ਤਾਂ ਪਹਿਲਾਂ ਵੀ ਕਈ ਛੋਟੀਆਂ ਪਾਰਟੀਆਂ ਚੋਣ ਮੁਕਾਬਲਿਆਂ ਦਾ ਤਵਾਜ਼ਨ ਬਣਾਉਂਦੀਆਂ ਵਿਗਾੜਦੀਆਂ ਰਹੀਆਂ ਹਨ, ਪ੍ਰੰਤੂ ਪਹਿਲੀ ਵਾਰ ਆਮ ਆਦਮੀ ਪਾਰਟੀ ਦੇ ਆਉਣ ਨਾਲ ਮੁਕਾਬਲਾ ਤਿਕੋਣਾ ਹੋ ਗਿਆ ਹੈ। ਉੱਥੇ ਬਾਗੀਆਂ ਨੇ ਵੀ ਸਾਰੀਆਂ ਪਾਰਟੀਆਂ ਲਈ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਕਾਂਗਰਸ ਤੋਂ ਪਿਛਲੀ ਵਾਰ ਜਿੱਥੇ 22 ਬਾਗੀ ਮੈਦਾਨ ਵਿਚ ਸਨ, ਇਸ ਵਾਰ ਵੀ ਕਈ ਬਾਗੀਆਂ ਨੇ ਸਖ਼ਤ ਟੱਕਰ ਦੇਣ ਦਾ ਮਨ ਬਣਾਇਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਆਪ ਵਿਚ ਵੀ ਇਨ੍ਹਾਂ ਦੀ ਕਮੀ ਨਹੀਂ ਹੈ। ਭਾਜਪਾ ਬਾਗੀਆਂ ਨੂੰ ਮਨਾਉਣ ਵਿਚ ਕਾਮਯਾਬ ਰਹੀ ਹੈ। ਦੂਜੇ ਪਾਸੇ ਦਲ ਬਦਲੂਆਂ ਦੇ ਕਾਰਨ ਚੋਣਾਂ ਕਾਫੀ ਰੌਚਕ ਹੋ ਗਈਆਂ ਹਨ। ਆਪ ਨੇ ਸਭ ਤੋਂ ਵੱਧ ਦਲ ਬਦਲੂਆਂ 'ਤੇ ਦਾਅ ਖੇਡਦੇ ਹੋਏ ਉਨ੍ਹਾਂ ਨੂੰ ਮੈਦਾਨ ਵਿਚ ਉਤਾਰਿਆ ਹੈ। ਨਵਜੋਤ ਸਿੰਘ ਸਿੱਧੂ ਵਰਗੇ ਵੱਡੇ ਖਿਡਾਰੀਆਂ ਦੇ ਆਖਰੀ ਸਮੇਂ 'ਚ ਮੈਦਾਨ ਵਿਚ ਆਉਣ ਨਾਲ ਚੋਣ ਮਾਹੌਲ ਵਿਚ ਗਰਮੀ ਆ ਗਈ ਹੈ। ਸਟਾਰ ਪ੍ਰਚਾਰਕਾਂ ਦੇ ਆਉਣ ਨਾਲ ਇਹ ਗਰਮੀ ਸਿਖ਼ਰ ਵਲ ਵਧਣ ਲੱਗੀ ਹੈ। 4 ਫਰਵਰੀ ਨੂੰ ਵੋਟਾਂ ਹੋਣੀਆਂ ਹਨ, ਅਜਿਹੇ ਹਾਲਾਤ ਵਿਚ ਉਮੀਦਵਾਰਾਂ ਨੇ ਪ੍ਰਚਾਰ ਵਿਚ ਪੂਰੀ ਤਾਕਤ ਝੋਕ ਦਿੱਤੀ ਹੈ।

ਇੱਥੇ ਅਸੀਂ ਇਸ ਬੇਹੱਦ ਦਿਲਚਸਪ ਅਤੇ ਅਹਿਮ ਰਾਜਸੀ ਦੰਗਲ ਦੇ ਰੰਗ ਤੁਹਾਡੇ ਰੂਬਰੂ ਕਰ ਰਹੇ ਹਾਂ ...

| | |
|---|---|
| • ਨੌਜਵਾਨ ਉਮੀਦਵਾਰ | ਹਰਜੋਤ ਕੌਰ (25 ਸਾਲ) |
| • ਬਜ਼ੁਰਗ ਉਮੀਦਵਾਰ | ਪ੍ਰਕਾਸ਼ ਸਿੰਘ ਬਾਦਲ (89 ਸਾਲ) |
| • ਵੱਧ ਜਾਇਦਾਦ | ਰਾਣਾ ਗੁਰਜੀਤ ਸਿੰਘ (1.70 ਕਰੋੜ) |
| • ਘੱਟ ਜਾਇਦਾਦ | ਰੁਪਿੰਦਰ ਕੌਰ (1.75 ਲੱਖ) |
| • ਸਭ ਤੋਂ ਵੱਧ ਵੋਟਿੰਗ | 78.20 ਫ਼ੀਸਦੀ (2012) |
| • ਸਭ ਤੋਂ ਘੱਟ ਵੋਟਿੰਗ | 23.82 ਫ਼ੀਸਦੀ (1992) |

### 2012 ਵਿਚ ਵਿਧਾਨ ਸਭਾ ਦੀ ਸਥਿਤੀ



ਸ਼੍ਰੋਮਣੀ ਅਕਾਲੀ ਦਲ : 56
ਭਾਜਪਾ : 12
ਕਾਂਗਰਸ : 46
ਆਜ਼ਾਦ : 3

- ਕੁਲ ਪੋਲਿੰਗ ਬੂਥ 22,600
- ਸੰਵੇਦਨਸ਼ੀਲ ਬੂਥ 6,000
- ਯੂਥ ਅੰਬੈਸਡਰ 700
- ਸੁਰੱਖਿਆ ਬਲ 800 ਕੰਪਨੀਆਂ

### ਕਿਹੜੇ ਇਲਾਕੇ 'ਚ ਕਿੰਨੀਆਂ ਸੀਟਾਂ

| ਮਾਲਵਾ | ਮਾਝਾ | ਦੋਆਬਾ |
|---|---|---|
| 69 ਸੀਟਾਂ | 25 ਸੀਟਾਂ | 23 ਸੀਟ |

### ਪ੍ਰਮੁੱਖ ਪਾਰਟੀਆਂ

ਸ਼੍ਰੋਮਣੀ ਅਕਾਲੀ ਦਲ, ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ।

### ਹੋਰ ਪਾਰਟੀਆਂ:

ਆਪਣਾ ਪੰਜਾਬ ਪਾਰਟੀ, ਲੋਕ ਇਨਸਾਫ਼ ਪਾਰਟੀ, ਪੰਜਾਬ ਫਰੰਟ, ਅਖੰਡ ਅਕਾਲੀ ਦਲ, ਅਕਾਲੀ ਦਲ 1920, ਤ੍ਰਿਣਮੂਲ ਕਾਂਗਰਸ, ਸ਼ਿਵ ਸੈਨਾ ਹਿੰਦੋਸਤਾਨ।

### 2012 ਨਤੀਜਿਆਂ ਵਾਲੀ ਵੱਡੀ ਛੋਟੀ ਜਿੱਤ

*ਸਭ ਤੋਂ ਵੱਡੇ ਫਰਕ ਨਾਲ ਜਿੱਤ*

ਸੁਖਬੀਰ ਬਾਦਲ (ਜਲਾਲਾਬਾਦ)

50,269 ਵੋਟਾਂ

*ਸਭ ਤੋਂ ਘੱਟ ਫਰਕ ਨਾਲ ਜਿੱਤ*

ਅਵਿਨਾਸ਼ ਚੰਦਰ (ਫਿਲੌਰ)

41 ਵੋਟਾਂ



### ਪ੍ਰਮੁੱਖ ਪਾਰਟੀਆਂ ਦਾ ਪਿਛਲੀਆਂ ਕੁਝ ਚੋਣਾਂ ਦਾ ਪ੍ਰਦਰਸ਼ਨ

| ਪਾਰਟੀ ਸਭ ਤੋਂ ਵਧੀਆ | ਸਭ ਤੋਂ ਖ਼ਰਾਬ |
|---|---|
| ਕਾਂਗਰਸ 87 ਸੀਟਾਂ (1992) | 16 ਸੀਟਾਂ (1977) |
| ਸ਼੍ਰੋਮਣੀ ਅਕਾਲੀ ਦਲ 75 ਸੀਟਾਂ (1997) | 24 ਸੀਟਾਂ (1972) |
| ਭਾਜਪਾ 19 ਸੀਟਾਂ (2007) | 6 ਸੀਟਾਂ (1992) |

### ਮੌਜੂਦਾ ਚੋਣਾਂ ਵਿੱਚ ਨਿਤਰੀਆਂ ਪ੍ਰਮੁੱਖ ਪਾਰਟੀਆਂ

ਸ਼੍ਰੋਮਣੀ ਅਕਾਲੀ ਦਲ, ਭਾਜਪਾ, ਕਾਂਗਰਸ ਤੇ ਆਮ ਆਦਮੀ ਪਾਰਟੀ।

### ਹੋਰ ਪਾਰਟੀਆਂ

ਆਪਣਾ ਪੰਜਾਬ ਪਾਰਟੀ, ਲੋਕ ਇਨਸਾਫ ਪਾਰਟੀ, ਪੰਜਾਬ ਫਰੰਟ, ਅਖੰਡ ਅਕਾਲੀ ਦਲ, ਅਕਾਲੀ ਦਲ 1920, ਤ੍ਰਿਣਮੂਲ ਕਾਂਗਰਸ, ਸ਼ਿਵ ਸੈਨਾ ਹਿੰਦੋਸਤਾਨ।

ਕੁੱਲ ਵੋਟਰ : 1,97,49,964
ਮਹਿਲਾ ਵੋਟਰ : 93,09,274
ਪੁਰਸ਼ ਵੋਟਰ : 1,04,40,310
ਕਿੰਨਰ ਵੋਟਰ : 380
ਐੱਨਆਰਆਈ ਵੋਟਰ : 281
ਅੰਗਹੀਣ ਵੋਟਰ : 55000
ਯੂਥ ਅੰਬੈਸਡਰ : 700

**ਪਹਿਲੀ ਵਾਰ ਪਾਉਣਗੇ ਵੋਟ : 9.75 ਲੱਖ**

*18 ਤੋਂ 20 ਸਾਲ ਦੇ ਉਮਰ ਵਰਗ ਦੇ ਵੋਟਰ : 53.5 ਲੱਖ (25 ਫੀਸਦੀ)*

ਕੁੱਲ ਪੋਲਿੰਗ ਬੂਥ : *22,600* ਸੰਵੇਦਨਸ਼ੀਲ ਬੂਥ : *6000* ਪਿਛਲੀ ਵਾਰ ਵੋਟ ਫੀਸਦੀ : *78.20* ਸੁਰੱਖਿਆ ਬਲ : *800 ਕੰਪਨੀਆਂ*

## ਫਲੈਸ਼ ਬੈਕ *ਕੌਣ ਕਦੋਂ ਰਿਹਾ ਸੀਐੱਮ*

**1952** ਭੀਮਸੈਨ ਸੱਚਰ

**1957** ਪ੍ਰਤਾਪ ਸਿੰਘ ਕੈਰੋਂ

**1962** ਪ੍ਰਤਾਪ ਸਿੰਘ ਕੈਰੋਂ, ਗੋਪੀ ਚੰਦ ਭਾਰਗਵ, ਰਾਮ ਕਿਸ਼ਨ, ਗਿਆਨੀ ਗੁਰਮੁਖ ਸਿੰਘ

**1967** ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ

**1969** ਗੁਰਨਾਮ ਸਿੰਘ, ਪ੍ਰਕਾਸ਼ ਸਿੰਘ ਬਾਦਲ

**1972** ਗਿਆਨੀ ਜ਼ੈਲ ਸਿੰਘ

**1977** ਪ੍ਰਕਾਸ਼ ਸਿੰਘ ਬਾਦਲ

**1980** ਦਰਬਾਰਾ ਸਿੰਘ

**1985** ਸੁਰਜੀਤ ਸਿੰਘ ਬਰਨਾਲਾ

**1992** ਬੇਅੰਤ ਸਿੰਘ, ਹਰਚਰਨ ਸਿੰਘ ਬਰਾੜ , ਰਜਿੰਦਰ ਕੌਰ ਭੱਠਲ

**1997** ਪ੍ਰਕਾਸ਼ ਸਿੰਘ ਬਾਦਲ

**2002** ਕੈਪਟਨ ਅਮਰਿੰਦਰ ਸਿੰਘ

**2007** ਪ੍ਰਕਾਸ਼ ਸਿੰਘ ਬਾਦਲ

**2012** ਪ੍ਰਕਾਸ਼ ਸਿੰਘ ਬਾਦਲ

**2017** ਫ਼ੈਸਲਾ 11 ਮਾਰਚ ਨੂੰ




# ਸਿਰਸੇ ਵਾਲੇ ਸਾਧ ਦੇ ਡੇਰੇ ਵਿੱਚ ਸਿਆਸੀ ਮੇਲਾ

**ਬਠਿੰਡਾ/ਚਰਨਜੀਤ ਭੁੱਲਰ:** ਪੰਜਾਬ ਚੋਣਾਂ ਵਿੱਚ ਕਿਸਮਤ ਅਜ਼ਮਾ ਰਹੇ ਤੇ ਲੋਕਾਂ ਦੇ ਹੰਢੇ ਵਰਤੇ ਉਮੀਦਵਾਰਾਂ ਦਾ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਰਿਹਾਇਸ਼ 'ਤੇ ਮੇਲਾ ਲੱਗਾ ਰਿਹਾ। ਸ਼੍ਰੋਮਣੀ ਅਕਾਲੀ ਦਲ, ਭਾਜਪਾ ਤੇ ਕਾਂਗਰਸ ਨਾਲ ਸਬੰਧਤ ਇਨ੍ਹਾਂ 80 ਉਮੀਦਵਾਰਾਂ ਨੇ ਪਿਛਲੇ ਹਫ਼ਤੇ ਇੱਕ ਦਿਨ ਦੌਰਾਨ ਡੇਰਾ ਮੁਖੀ ਨਾਲ ਮੁਲਾਕਾਤ ਕੀਤੀ ਤੇ ਸਿਆਸੀ ਆਸ਼ੀਰਵਾਦ ਮੰਗਿਆ। ਉਮੀਦਵਾਰ ਪਿਛਲੇ ਕਈ ਦਿਨਾਂ ਤੋਂ ਡੇਰਾ ਮੁਖੀ ਤੋਂ ਮਿਲਣ ਲਈ ਸਮਾਂ ਮੰਗਿਆ ਜਾ ਰਿਹਾ ਸੀ। ਡੇਰਾ ਸਿਰਸਾ ਵਿੱਚ ਦੋ ਦਿਨ ਮੁੱਖ ਭੰਡਾਰਾ ਸੀ। ਡੇਰਾ ਮੁਖੀ ਨੇ ਕਰੀਬ ਪੌਣਾ ਘੰਟਾ ਇਨ੍ਹਾਂ ਨੂੰ ਮਿਲਣ ਦਾ ਸਮਾਂ ਦਿੱਤਾ। ਅਕਾਲ ਤਖ਼ਤ ਤੋਂ ਡੇਰਾ ਮੁਖੀ ਨੂੰ ਦਿੱਤੀ ਮੁਆਫ਼ੀ ਸਬੰਧੀ ਹੁਕਮਨਾਮਾ ਵਾਪਸ ਲੈਣ ਮਗਰੋਂ ਅਕਾਲੀ ਉਮੀਦਵਾਰ ਅੱਜ ਪਹਿਲੀ ਦਫ਼ਾ ਡੇਰਾ ਸਿਰਸਾ ਗਏ। ਜਾਣਕਾਰੀ ਅਨੁਸਾਰ ਕੈਬਨਿਟ ਮੰਤਰੀ ਅਤੇ ਰਾਮਪੁਰਾ ਹਲਕੇ ਤੋਂ ਅਕਾਲੀ ਉਮੀਦਵਾਰ ਸਿਕੰਦਰ ਸਿੰਘ ਮਲੂਕਾ, ਮੌੜ ਹਲਕੇ ਤੋਂ ਅਕਾਲੀ ਉਮੀਦਵਾਰ ਤੇ ਮੰਤਰੀ ਜਨਮੇਜਾ ਸਿੰਘ ਸੇਖੋਂ ਅਤੇ ਫਾਜ਼ਿਲਕਾ ਤੋਂ ਭਾਜਪਾ ਉਮੀਦਵਾਰ ਤੇ ਮੰਤਰੀ ਸੁਰਜੀਤ ਕੁਮਾਰ ਜਿਆਣੀ ਡੇਰਾ ਮੁਖੀ ਨਾਲ ਮੁਲਾਕਾਤ ਕਰਨ ਵਾਲਿਆਂ ਵਿੱਚ ਪ੍ਰਮੁੱਖ ਸਨ। ਅਕਾਲੀ ਉਮੀਦਵਾਰ; ਭੁੱਚੋ ਤੋਂ ਹਰਪ੍ਰੀਤ ਕੋਟਭਾਈ, ਬੱਲੂਆਣਾ ਤੋਂ ਪ੍ਰਕਾਸ਼ ਭੱਟੀ, ਹਲਕਾ ਕੋਟਕਪੂਰਾ ਤੋਂ ਮਨਤਾਰ ਬਰਾੜ, ਗਿੱਦੜਬਾਹਾ ਤੋਂ ਡਿੰਪੀ ਢਿੱਲੋਂ, ਹਲਕਾ ਤਲਵੰਡੀ ਸਾਬੋ ਤੋਂ ਜੀਤਮਹਿੰਦਰ ਸਿੰਘ ਸਿੱਧੂ, ਹਲਕਾ ਸਰਦੂਲਗੜ੍ਹ ਤੋਂ ਦਿਲਰਾਜ ਭੂੰਦੜ, ਹਲਕਾ ਮੁਕਤਸਰ ਤੋਂ ਰੋਜ਼ੀ ਬਰਕੰਦੀ, ਹਲਕਾ ਨਾਭਾ ਤੋਂ ਕਬੀਰ ਦਾਸ, ਹਲਕਾ ਅਮਲੋਹ ਤੋਂ ਗੁਰਪ੍ਰੀਤ ਸਿੰਘ ਰਾਜੂ ਖੰਨਾ, ਸ਼ੁਤਰਾਣਾ ਤੋਂ ਵਨਿੰਦਰ ਲੂੰਬਾ, ਦਿੜ੍ਹਬਾ ਤੋਂ ਗੁਲਜ਼ਾਰ ਸਿੰਘ ਤੇ ਹੋਰਨਾਂ ਨੇ ਡੇਰਾ ਮੁਖੀ ਦਾ ਆਸ਼ੀਰਵਾਦ ਲਿਆ। ਡੇਰਾ ਮੁਖੀ ਤੋਂ ਸਿਆਸੀ ਆਸ਼ੀਰਵਾਰ ਲੈਣ ਵਾਲਿਆਂ 'ਚ ਕਾਂਗਰਸੀ ਉਮੀਦਵਾਰ ਵੀ ਪਿੱਛੇ ਨਹੀਂ ਰਹੇ। ਇਨ੍ਹਾਂ ਵਿੱਚ ਲਹਿਰਾਗਾਗਾ ਤੋਂ ਬੀਬੀ ਰਜਿੰਦਰ ਕੌਰ ਭੱਠਲ, ਬਰਨਾਲਾ ਤੋਂ ਕੇਵਲ ਢਿੱਲੋਂ, ਫਰੀਦਕੋਟ ਤੋਂ ਕੁਸ਼ਲਦੀਪ ਢਿੱਲੋਂ, ਮਲੋਟ ਤੋਂ ਅਜਾਇਬ ਭੱਟੀ, ਮੁਕਤਸਰ ਤੋਂ ਕਰਨ ਬਰਾੜ, ਅਮਲੋਹ ਤੋਂ ਰਣਦੀਪ ਸਿੰਘ, ਦਰਸ਼ਨ ਬਰਾੜ, ਸੰਗਰੂਰ ਤੋਂ ਵਿਜੇਇੰਦਰ ਸਿੰਗਲਾ, ਗਿੱਦੜਬਹਾ ਤੋਂ ਰਾਜਾ ਵੜਿੰਗ, ਘਨੌਰ ਤੋਂ ਮਦਨ ਲਾਲ, ਨਾਭਾ ਤੋਂ ਸਾਧੂ ਸਿੰਘ ਧਰਮਸੋਤ, ਸਮਾਣਾ ਤੋਂ ਰਾਜਿੰਦਰ ਸਿੰਘ, ਸੁਨਾਮ ਤੋਂ ਦਮਨ ਬਾਜਵਾ, ਲੁਧਿਆਣਾ ਤੋਂ ਆਸ਼ੂ ਅਤੇ ਬਠਿੰਡਾ ਤੋਂ ਕਾਂਗਰਸੀ ਉਮੀਦਵਾਰ ਮਨਪ੍ਰੀਤ ਬਾਦਲ ਦਾ ਲੜਕਾ ਅਰਜਨ ਬਾਦਲ ਸ਼ਾਮਿਲ ਸਨ।

ਸੂਤਰਾਂ ਮੁਤਾਬਕ ਆਮ ਆਦਮੀ ਪਾਰਟੀ ਦੇ ਅੱਧੀ ਦਰਜਨ ਉਮੀਦਵਾਰ ਵੀ ਡੇਰੇ 'ਚ ਮੌਜੂਦ ਸਨ, ਜਿਨ੍ਹਾਂ ਦੇ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ।

## ਸਾਰੇ ਉਮੀਦਵਾਰਾਂ ਨੂੰ ਇਕੋ ਵੇਲੇ ਮਿਲਿਆ ਡੇਰਾ ਮੁਖੀ

ਡੇਰੇ ਦੇ ਸਿਆਸੀ ਵਿੰਗ ਦੇ ਮੁਖੀ ਰਾਮ ਸਿੰਘ ਨੇ ਵੱਖ ਵੱਖ ਪਾਰਟੀਆਂ ਦੇ ਉਮੀਦਵਾਰਾਂ ਦੀ ਡੇਰੇ 'ਚ ਮੌਜੂਦਗੀ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਡੇਰਾ ਮੁਖੀ ਨੇ ਸਾਰੇ ਉਮੀਦਵਾਰਾਂ ਨਾਲ ਇਕੱਠਿਆਂ ਗੱਲਬਾਤ ਕੀਤੀ। ਉਨ੍ਹਾਂ ਦੱਸਿਆ ਕਿ ਹੋਰ ਬਹੁਤ ਸਾਰੇ ਉਮੀਦਵਾਰ ਡੇਰਾ ਮੁਖੀ ਤੋਂ ਸਮਾਂ ਮੰਗ ਰਹੇ ਹਨ, ਪਰ ਡੇਰਾ ਮੁਖੀ ਦੀ ਅਗਲੀ ਫ਼ਿਲਮ 10 ਫਰਵਰੀ ਨੂੰ ਰਿਲੀਜ਼ ਹੋਣ ਕਰ ਕੇ ਉਨ੍ਹਾਂ ਦੇ ਵਿਦੇਸ਼ ਜਾਣ ਦੇ ਆਸਾਰ ਹਨ। ਉਨ੍ਹਾਂ ਕਿਹਾ ਕਿ ਸਿਆਸੀ ਵਿੰਗ ਵੱਲੋਂ ਚੋਣਾਂ ਤੋਂ ਐਨ ਪਹਿਲਾਂ ਹਮਾਇਤ ਦਾ ਐਲਾਨ ਕੀਤਾ ਜਾਵੇਗਾ।




# ਪੰਜਾਬ ਵਿਧਾਨ ਸਭਾ ਦੇ ਚੋਣ ਦੰਗਲ ਦੀਆਂ ਕੁਝ ਮਹੱਤਵਪੂਰਨ ਸੀਟਾਂ

### ਪ੍ਰਕਾਸ਼ ਸਿੰਘ ਬਾਦਲ : ਲੰਬੀ

ਪੰਜਾਬ ਦੀ ਰਾਜਨੀਤੀ ਵਿਚ ਸਭ ਤੋਂ ਪੁਰਾਣਾ ਅਤੇ ਸਭ ਤੋਂ ਵੱਡਾ ਚਿਹਰਾ। 70 ਸਾਲ ਦਾ ਸਿਆਸੀ ਤਜਰਬਾ। 89 ਸਾਲ ਦੀ ਉਮਰ ਵਿਚ ਨੌਜਵਾਨਾਂ ਵਰਗਾ ਜੋਸ਼। ਸਾਲ 1947 ਤੋਂ ਸਰਪੰਚ ਦੇ ਰੂਪ ਵਿਚ ਚੋਣ ਕਰੀਅਰ ਦੀ ਸ਼ੁਰੂਆਤ ਕੀਤੀ। ਪੰਜ ਵਾਰ ਮੁੱਖ ਮੰਤਰੀ ਬਣੇ। 1995 ਤੋਂ 2008 ਤਕ ਅਕਾਲੀ ਦਲ ਦੇ ਪ੍ਰਧਾਨ ਰਹੇ ਅਤੇ ਸਿਆਸੀ ਵਿਰਾਸਤ ਨੂੰ ਲਗਾਤਾਰ ਅੱਗੇ ਵਧਾਇਆ।

**ਮੁਕਾਬਲਾ** : ਕਾਂਗਰਸ ਦੇ ਅਮਰਿੰਦਰ ਸਿੰਘ ਤੇ ਆਪ ਦੇ ਜਰਨੈਲ ਸਿੰਘ।

### ਕੈਪਟਨ ਅਮਰਿੰਦਰ ਸਿੰਘ : ਪਟਿਆਲਾ ਸ਼ਹਿਰੀ/ਲੰਬੀ

ਮੌਜੂਦਾ ਸਮੇਂ 'ਚ ਪੰਜਾਬ ਕਾਂਗਰਸ ਦਾ ਸਭ ਤੋਂ ਵੱਡਾ ਚਿਹਰਾ। 1980 ਤੋਂ ਰਾਜਨੀਤੀ 'ਚ। ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਸਮੇਂ 'ਚ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ। ਹਾਲ ਹੀ ਵਿਚ ਅੰਮ੍ਰਿਤਸਰ ਲੋਕ ਸਭਾ ਸੀਟ ਤੋਂ ਅਸਤੀਫਾ ਦਿੱਤਾ। ਐਲਾਨ ਕਰ ਚੁੱਕੇ ਹਨ ਕਿ ਇਹ ਉਨ੍ਹਾਂ ਦੀ ਆਖ਼ਰੀ ਚੋਣ ਹੈ। ਵਿਦੇਸ਼ ਵਿਚ ਪ੍ਰਾਪਰਟੀ ਤੇ ਸਵਿਸ ਬੈਂਕਾਂ ਵਿਚ ਖਾਤਿਆਂ ਨੂੰ ਲੈ ਕੇ ਇਨ੍ਹਾਂ ਦਿਨੀਂ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ।

**ਮੁਕਾਬਲਾ** : ਲੰਬੀ 'ਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਕਾਸ਼ ਸਿੰਘ ਬਾਦਲ ਅਤੇ ਆਪ ਦੇ ਜਰਨੈਲ ਸਿੰਘ। ਪਟਿਆਲਾ ਸ਼ਹਿਰੀ 'ਚ ਸ਼੍ਰੋਮਣੀ ਅਕਾਲੀ ਦਲ ਦੇ ਜੇ ਜੇ ਸਿੰਘ ਅਤੇ ਆਪ ਦੇ ਡਾ. ਬਲਵੀਰ ਸਿੰਘ।

### ਸੁਖਬੀਰ ਸਿੰਘ ਬਾਦਲ : ਜਲਾਲਾਬਾਦ

ਪਿਤਾ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ 'ਚ ਦੂਸਰਾ ਸਭ ਤੋਂ ਵੱਡਾ ਨਾਂ। 2009 ਤੋਂ ਪਾਰਟੀ ਪ੍ਰਧਾਨ। ਉਪ ਮੁੱਖ ਮੰਤਰੀ ਦੇ ਨਾਲ ਗ੍ਰਹਿ ਮੰਤਰਾਲੇ ਦਾ ਜਿੰਮਾ ਸੰਭਾਲ ਰਹੇ ਹਨ। ਪਾਰਟੀ ਨੂੰ ਨਵਾਂ ਕਲੇਵਰ-ਫਲੇਵਰ ਦੇ ਕੇ ਰਵਾਇਤੀ ਸ਼ੈਲੀ ਤੋਂ ਹਟ ਕੇ ਹਮਲਾਵਰ ਬਣਾਇਆ। ਉਚ ਸਿੱਖਿਆ ਪ੍ਰਾਪਤ ਹੋਣ ਕਾਰਨ ਆਧੁਨਿਕ ਤਕਨੀਕ ਦੇ ਮੁਰੀਦ।

**ਮੁਕਾਬਲਾ** : ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਤੇ ਆਪ ਦੇ ਭਗਵੰਤ ਮਾਨ।

### ਭਗਵੰਤ ਮਾਨ : ਜਲਾਲਾਬਾਦ

ਟੀਵੀ ਕਲਾਕਾਰ ਤੇ ਕਾਮੇਡੀਅਨ ਦੇ ਰੂਪ ਵਿਚ ਪਛਾਣ। 2014 ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਸੰਗਰੂਰ ਤੋਂ ਸੰਸਦ ਮੈਂਬਰ ਚੁਣੇ ਗਏ। ਆਪਣੇ ਸਿਆਸੀ ਕਰੀਅਰ ਦੀ ਸ਼ੁਰੂਆਤ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਪੰਜਾਬ ਪੀਪਲਸ ਪਾਰਟੀ ਨਾਲ ਕੀਤੀ। ਵਿਵਾਦਿਤ ਬਿਆਨਾਂ ਕਾਰਨ ਹਮੇਸ਼ਾ ਚਰਚਾ ਵਿਚ ਰਹੇ। ਇਨ੍ਹਾਂ ਦਿਨੀਂ ਲੋਕ ਸਭਾ ਤੋਂ ਮੁਅੱਤਲ। ਮਾਲਵਾ ਬੈਲਟ ਵਿਚ ਚੰਗੀ ਪਕੜ।

**ਮੁਕਾਬਲਾ** : ਸ਼੍ਰੋਮਣੀ ਅਕਾਲੀ ਦਲ ਦੇ ਸੁਖਬੀਰ ਬਾਦਲ ਤੇ ਕਾਂਗਰਸ ਦੇ ਰਵਨੀਤ ਬਿੱਟੂ।

### ਰਾਜਿੰਦਰ ਕੌਰ ਭੱਠਲ : ਲਹਿਰਾਗਾਗਾ

ਪੰਜਾਬ ਦੀ ਪਹਿਲੀ ਤੇ ਇੱਕੋ ਇਕ ਮਹਿਲਾ ਮੁੱਖ ਮੰਤਰੀ ਰਹੀ। ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਦੇ ਰੂਪ ਵਿਚ ਵੀ ਕੰਮ ਕੀਤਾ। 1996 ਵਿਚ ਛੋਟੇ ਕਿਸਾਨਾਂ ਨੂੰ ਮੁਫਤ ਬਿਜਲੀ ਦੇਣ ਦਾ ਫੈਸਲਾ ਕਾਫੀ ਚਰਚਾ ਵਿਚ ਰਿਹਾ। ਬਾਅਦ ਵਿਚ ਅਕਾਲੀ ਸਰਕਾਰ ਨੇ ਵੀ ਇਸ ਫੈਸਲੇ ਨੂੰ ਜਾਰੀ ਰੱਖਿਆ। ਚੰਗੇ ਪ੍ਰਸ਼ਾਸਕ ਦਾ ਅਕਸ। ਪਾਰਟੀ ਦੇ ਕਈ ਅਹਿਮ ਅਹੁਦੇ ਸੰਭਾਲੇ।

**ਮੁਕਾਬਲਾ** : ਸ਼੍ਰੋਮਣੀ ਅਕਾਲੀ ਦਲ ਦੇ ਪਰਮਿੰਦਰ ਸਿੰਘ ਢੀਂਡਸਾ ਤੇ ਆਪ ਦੇ ਜਸਵੀਰ ਸਿੰਘ ਕੁਦਨੀ।

### ਨਵਜੋਤ ਸਿੰਘ ਸਿੱਧੂ : ਅੰਮ੍ਰਿਤਸਰ (ਪੂਰਬੀ)

ਤੇਜ਼ ਤਰਾਰ ਨੇਤਾ ਤੇ ਪ੍ਰਮੁੱਖ ਬੁਲਾਰਾ। 2004 'ਚ ਭਾਜਪਾ ਦੀ ਟਿਕਟ 'ਤੇ ਅੰਮ੍ਰਿਤਸਰ ਲੋਕ ਸਭਾ ਸੀਟ 'ਤੇ ਜਿੱਤ ਕੇ ਸਿਆਸੀ ਕਰੀਅਰ ਸ਼ੁਰੂ ਕੀਤਾ। 2007 ਤੇ 2009 'ਚ ਵੀ ਸੰਸਦ ਮੈਂਬਰ ਬਣੇ। 2014 'ਚ ਟਿਕਟ ਕੱਟੀ। ਭਾਜਪਾ ਨੇ 28 ਅਪ੍ਰੈਲ, 2016 'ਚ ਰਾਜ ਸਭਾ ਭੇਜਿਆ। 18 ਜੁਲਾਈ ਨੂੰ ਅਸਤੀਫਾ ਦੇ ਕੇ ਆਵਾਜ਼-ਏ-ਪੰਜਾਬ ਫਰੰਟ ਬਣਾਇਆ। 15 ਜਨਵਰੀ ਨੂੰ ਕਾਂਗਰਸ ਵਿਚ ਸ਼ਾਮਲ ਹੋਏ। **ਮੁਕਾਬਲਾ** : ਭਾਜਪਾ ਦੇ ਰਾਜੇਸ਼ ਹਨੀ ਤੇ ਆਪ ਦੇ ਸਰਬਜੀਤ ਸਿੰਘ ਠੰਡਲ।

### ਬਿਕਰਮ ਸਿੰਘ ਮਜੀਠੀਆ: ਮਜੀਠਾ

ਬਾਦਲ ਪਰਿਵਾਰ ਦੇ ਤੀਸਰੇ ਵੱਡੇ ਸਿਪਾਹੀ। ਤੇਜ਼ ਤਰਾਰ ਨੇਤਾ ਦਾ ਅਕਸ। ਨਸ਼ਾ ਤਸਕਰਾਂ ਨਾਲ ਗੰਢਤੁੱਪ ਦੇ ਦੋਸ਼ਾਂ ਕਾਰਨ ਹਮੇਸ਼ਾ ਵਿਰੋਧੀਆਂ ਦੇ ਨਿਸ਼ਾਨੇ 'ਤੇ। 2007 'ਚ ਪਹਿਲੀ ਵਿਧਾਨ ਸਭਾ ਚੋਣ ਲੜੀ। ਹੁਣ ਕੈਬਨਿਟ ਮੰਤਰੀ ਹਨ। ਨੌਜਵਾਨਾਂ 'ਚ ਖਾਸ ਪਕੜ। ਇਸ ਲਈ ਯੂਥ ਵਿੰਗ ਦੇ ਪ੍ਰਧਾਨ। ਸੰਸਦ ਮੈਂਬਰ ਹਰਸਿਮਰਤ ਕੌਰ ਦੇ ਛੋਟੇ ਭਰਾ।

**ਮੁਕਾਬਲਾ** : ਆਪ ਦੇ ਹਿੰਮਤ ਸਿੰਘ ਸ਼ੇਰਗਿਲ ਅਤੇ ਕਾਂਗਰਸ ਦੇ ਸੁਖਜਿੰਦਰ ਸਿੰਘ ਲਾਲੀ।

### ਮਨਪ੍ਰੀਤ ਸਿੰਘ ਬਾਦਲ : ਬਠਿੰਡਾ ਸ਼ਹਿਰੀ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਹਨ। 1995 'ਚ ਗਿੱਦੜਬਾਹਾ ਤੋਂ ਵਿਧਾਇਕ ਚੁਣੇ ਗਏ। 2007 ਤੋਂ 2010 ਤਕ ਬਾਦਲ ਸਰਕਾਰ ਵਿਚ ਵਿੱਤ ਮੰਤਰੀ ਦੇ ਰੂਪ ਵਿਚ ਕੰਮ ਕੀਤਾ। ਕਰਜ਼ਾ ਮਾਫੀ ਦੇ ਮੁੱਦੇ 'ਤੇ ਹਟਾਏ ਗਏ। ਅਕਤੂਬਰ 2010 ਵਿਚ ਅਕਾਲੀ ਦਲ ਤੋਂ ਕੱਢੇ ਗਏ। 2012 ਵਿਚ ਪੰਜਾਬ ਪੀਪਲਸ ਪਾਰਟੀ ਬਣਾਈ। 2016 'ਚ ਕਾਂਗਰਸ 'ਚ ਸ਼ਾਮਲ।

**ਮੁਕਾਬਲਾ** : ਸ਼੍ਰੋਮਣੀ ਅਕਾਲੀ ਦਲ ਦੇ ਸਰੂਪ ਚੰਦ ਸਿੰਗਲਾ ਤੇ ਆਪ ਦੇ ਦੀਪਕ ਬਾਂਸਲ।




### ਸੁੱਚਾ ਸਿੰਘ ਛੋਟੇਪੁਰ : ਗੁਰਦਾਸਪੁਰ

1968 ਤੋਂ ਰਾਜਨੀਤੀ ਵਿਚ। ਆਮ ਆਦਮੀ ਪਾਰਟੀ ਦੇ ਕਨਵੀਨਰ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਆਪਣਾ ਪੰਜਾਬ ਪਾਰਟੀ ਬਣਾਈ। ਦੋ ਵਾਰ ਵਿਧਾਇਕ ਰਹੇ। ਅਕਾਲੀ ਦਲ ਤੋਂ ਮੰਤਰੀ ਵੀ ਬਣੇ। 2002 'ਚ ਗੁਰਦਾਸਪੁਰ ਤੋਂ ਆਜ਼ਾਦ ਜਿੱਤ ਕੇ ਰਿਕਾਰਡ ਬਣਾਇਆ। ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਖੜ੍ਹਾ ਕਰਨ ਦਾ ਸਿਹਰਾ ਛੋਟੇਪੁਰ ਨੂੰ ਹੀ ਜਾਂਦਾ ਹੈ। ਪਾਰਟੀ ਦੇ ਖ਼ਿਲਾਫ਼ ਬੋਲਣ 'ਤੇ ਆਪ ਤੋਂ ਹਟਾਏ ਗਏ।

**ਮੁਕਾਬਲਾ** : ਕਾਂਗਰਸ ਦੇ ਬਰਿੰਦਰ ਮੀਤ ਸਿੰਘ ਪਾਹੜਾ, ਸ਼੍ਰੋਮਣੀ ਅਕਾਲੀ ਦਲ ਦੇ ਗੁਰਬਚਨ ਸਿੰਘ ਬੱਬੇਹਾਲੀ ਤੇ ਆਪ ਦੇ ਅਮਰਜੀਤ ਸਿੰਘ ਚਹਿਲ।

### ਸੁਨੀਲ ਜਾਖੜ : ਅਬੋਹਰ

ਕਾਂਗਰਸ ਦੇ ਸੀਨੀਅਰ ਉਪ ਪ੍ਰਧਾਨ ਹਨ। ਨੇਤਾ ਵਿਰੋਧੀ ਧਿਰ ਦੇ ਰੂਪ ਵਿਚ ਸਰਕਾਰ ਲਈ ਹਮੇਸ਼ਾ ਚੁਣੌਤੀ ਬਣੇ ਰਹੇ। 2002 ਵਿਚ ਪਹਿਲੀ ਵਾਰ ਅਬੋਹਰ ਤੋਂ ਵਿਧਾਇਕ ਬਣੇ। ਦਮਦਾਰ ਤੇ ਸਾਫ ਅਕਸ। ਸਰਕਾਰ ਦੇ ਘੁਟਾਲਿਆਂ ਦਾ ਉਜਾਗਰ ਕਰਨ ਵਿਚ ਅਹਿਮ ਭੂਮਿਕਾ। ਸਪੱਸ਼ਟ ਬੋਲਣ ਲਈ ਜਾਣੇ ਜਾਂਦੇ ਹਨ। ਕੈਪਟਨ ਅਮਰਿੰਦਰ ਸਿੰਘ ਤੋਂ ਬਾਅਦ ਦੂਸਰੀ ਪਾਰਟੀ 'ਚ ਦੂਸਰਾ ਵੱਡਾ ਚਿਹਰਾ।

**ਮੁਕਾਬਲਾ** : ਭਾਜਪਾ ਦੇ ਅਰੁਣ ਨਾਰੰਗ ਤੇ ਆਪ ਦੇ ਅਤੁਲ ਨਾਗਪਾਲ।

### ਗੁਰਪ੍ਰੀਤ ਸਿੰਘ ਵੜੈਚ : ਬਟਾਲਾ

ਗੁਰਪ੍ਰੀਤ ਸਿੰਘ ਘੁੱਗੀ ਦੇ ਨਾਂ ਨਾਲ ਜ਼ਿਆਦਾ ਮਸ਼ਹੂਰ। ਕਾਮੇਡੀਅਨ ਦੇ ਰੂਪ ਵਿਚ ਪਛਾਣ। ਟੀਵੀ, ਸਿਨੇਮਾ ਵਿਚ 26 ਸਾਲ ਤੋਂ ਸਰਗਰਮ। ਇਸੇ ਸਾਲ ਆਮ ਆਦਮੀ ਪਾਰਟੀ ਨੇ ਸੂਬਾ ਕਨਵੀਨਰ ਬਣਾਇਆ। ਪਹਿਲਾਂ ਕੋਈ ਸਿਆਸੀ ਤਜਰਬਾ ਨਹੀਂ। ਪਾਰਟੀ ਪਹਿਲਾਂ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਚੋਣ ਮੈਦਾਨ ਵਿਚ ਉਤਾਰਨ ਦੀ ਤਿਆਰੀ ਵਿਚ ਸੀ। ਹੁਣ ਬਟਾਲਾ ਤੋਂ ਉਤਾਰਿਆ।

**ਮੁਕਾਬਲਾ** : ਕਾਂਗਰਸ ਦੇ ਅਸ਼ਵਨੀ ਸੇਖੜੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਲਖਬੀਰ ਸਿੰਘ ਲੋਧੀਨੰਗਲ।

### ਪ੍ਰਗਟ ਸਿੰਘ : ਜਲੰਧਰ ਕੈਂਟ

ਭਾਰਤ ਦੇ ਸਾਬਕਾ ਹਾਕੀ ਖਿਡਾਰੀ ਤੇ ਓਲੰਪੀਅਨ। 2012 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ ਦੇ ਜਲੰਧਰ ਕੈਂਟ ਤੋਂ ਵਿਧਾਇਕ ਬਣੇ। ਜਮਸ਼ੇਰ ਦੇ ਸੀਵਰੇਜ ਟਰੀਟਮੈਂਟ ਪਲਾਂਟ ਦੇ ਵਿਰੋਧ ਵਿਚ ਪਾਰਟੀ ਵਿਰੁੱਧ ਖੜ੍ਹੇ ਹੋਏ। 19 ਜੁਲਾਈ, 2017 ਨੂੰ ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿਚ ਮੁਅੱਤਲ ਕੀਤਾ। 12 ਸਤੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਤੋਂ ਅਸਤੀਫਾ ਦੇ ਦਿੱਤਾ। 28 ਨਵੰਬਰ ਨੂੰ ਕਾਂਗਰਸ ਵਿਚ ਸ਼ਾਮਲ ਹੋਏ।

**ਮੁਕਾਬਲਾ** : ਸ਼੍ਰੋਮਣੀ ਅਕਾਲੀ ਦਲ ਦੇ ਸਰਬਜੀਤ ਮੱਕੜ ਤੇ ਆਪ ਦੇ ਐੱਚਐੱਸ ਵਾਲੀਆ।

ਮੋਬਾਈਲ 'ਤੇ ਤਾਜ਼ਾ ਖ਼ਬਰਾਂ, ਫੋਟੋ, ਵੀਡੀਓ ਅਤੇ ਲਾਈਵ ਸਕੋਰ ਦੇਖਣ ਲਈ ਜਾਓ




| ਹਲਕੇ | ਕਾਂਗਰਸ | ਭਾਜਪਾ / ਸ਼੍ਰੋਮਣੀ ਅਕਾਲੀ ਦਲ | ਆਮ ਆਦਮੀ ਪਾਰਟੀ ਪੰਜਾਬ |
|---|---|---|---|
| | **ਪਠਾਨਕੋਟ 3 : ਕੁਲ ਉਮੀਦਵਾਰ ਮੈਦਾਨ 'ਚ 35** | | |
| ਭੋਆ | ਜੋਗਿੰਦਰਪਾਲ | ਸੀਮਾ ਕੁਮਾਰੀ | ਠੇਕੇਦਾਰ ਅਮਰਜੀਤ ਸਿੰਘ |
| ਪਠਾਨਕੋਟ | ਅਮਿਤ ਵਿਜ | ਅਸ਼ਵਨੀ ਸ਼ਰਮਾ | ਰਾਜਕੁਮਾਰ ਮਹਾਜਨ |
| ਸੁਜਾਨਪੁਰ | ਅਮਿਤ ਮੰਟੂ | ਦਿਨੇਸ਼ ਬੱਬੂ | ਕੁਲਭੂਸ਼ਣ ਮਿਨਹਾਸ |
| | **ਗੁਰਦਾਸਪੁਰ-7 ਕੁਲ ਉਮੀਦਵਾਰ ਮੈਦਾਨ 'ਚ 66** | | |
| ਦੀਨਾਨਗਰ (ਐਸਸੀ) | ਅਰੁਣਾ ਚੌਧਰੀ | ਬਿਸ਼ਨਦਾਸ ਧੁੱਪੜ | ਜੋਗਿੰਦਰ ਛੀਨਾ |
| ਕਾਦੀਆਂ | ਫ਼ਤਹਿਜੰਗ ਸਿੰਘ ਬਾਜਵਾ | ਸੇਵਾ ਸਿੰਘ ਸੇਖਵਾਂ | ਕੰਵਲਪ੍ਰੀਤ ਸਿੰਘ ਕਾਕੂ |
| ਬਟਾਲਾ | ਅਸ਼ਵਨੀ ਸੇਖੜੀ | ਲਖਬੀਰ ਸਿੰਘ ਲੋਧੀਨੰਗਲ | ਗੁਰਪ੍ਰੀਤ ਸਿੰਘ ਵੜੈਚ |
| ਸ੍ਰੀ ਹਰਿਗੋਬਿੰਦਪੁਰ | ਬਲਵਿੰਦਰ ਸਿੰਘ ਲਾਡੀ | ਮਨਜੀਤ ਸਿੰਘ | ਐਡਵੋਕੇਟ ਅਮਰਪਾਲ ਸਿੰਘ |
| ਫ਼ਤਹਿਗੜ੍ਹ ਚੂੜੀਆਂ | ਤ੍ਰਿਪਤ ਰਜਿੰਦਰ ਸਿੰਘ | ਨਿਰਮਲ ਸਿੰਘ ਕਾਹਲੋਂ | ਗੁਰਵਿੰਦਰ ਸਿੰਘ ਸ਼ਾਮਪੁਰਾ |
| ਗੁਰਦਾਸਪੁਰ | ਬਰਿੰਦਰਮੀਤ ਸਿੰਘ ਪਾਹੜਾ | ਗੁਰਬਚਨ ਸਿੰਘ ਬੱਬੇਹਾਲੀ | ਅਮਰਜੀਤ ਸਿੰਘ ਚਾਹਲ |
| ਡੇਰਾ ਬਾਬਾ ਨਾਨਕ | ਸੁਖਜਿੰਦਰ ਸਿੰਘ ਰੰਧਾਵਾ | ਸੁੱਚਾ ਸਿੰਘ ਲੰਗਾਹ | ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ |
| | **ਅੰਮ੍ਰਿਤਸਰ- 14 ਕੁਲ ਉਮੀਦਵਾਰ ਮੈਦਾਨ 'ਚ 120** | | |
| ਰਾਜਾਸਾਂਸੀ | ਸੁਖਵਿੰਦਰ ਰਾਜ ਸਰਕਾਰੀਆ | ਵੀਰ ਸਿੰਘ ਲੋਪੋਕੇ | ਜਗਜੋਤ ਸਿੰਘ ਢਿੱਲੋਂ |
| ਮਜੀਠਾ | ਸੁਖਵਿੰਦਰ ਰਾਜ ਸਿੰਘ ਲਾਲੀ | ਬਿਕਰਮ ਸਿੰਘ ਮਜੀਠੀਆ | ਹਿੰਮਤ ਸਿੰਘ ਸ਼ੇਰਗਿੱਲ |
| ਜੰਡਿਆਲਾ (ਐੱਸਸੀ) | ਸੁਖਵਿੰਦਰ ਸਿੰਘ ਡੈਨੀ | ਡਾ. ਦਲਬੀਰ ਸਿੰਘ | ਹਰਭਜਨ ਸਿੰਘ |
| ਅੰਮ੍ਰਿਤਸਰ (ਪੱਛਮੀ) | ਡਾ. ਰਾਜਕੁਮਾਰ ਵੇਰਕਾ | ਰਾਕੇਸ਼ ਗਿੱਲ | ਬਲਵਿੰਦਰ ਸਿੰਘ ਸਹੋਤਾ |
| ਅੰਮ੍ਰਿਤਸਰ (ਕੇਂਦਰੀ) | ਓਮ ਪ੍ਰਕਾਸ਼ ਸੋਨੀ | ਤਰੁਣ ਚੁੱਘ | ਡਾ. ਅਜੇ ਗੁਪਤਾ |
| ਅਟਾਰੀ (ਐੱਸਸੀ) | ਤਰਸੇਮ ਸਿੰਘ ਡੀਸੀ | ਗੁਲਜ਼ਾਰ ਸਿੰਘ ਰਣੀਕੇ | ਜਸਵਿੰਦਰ ਸਿੰਘ ਜਹਾਂਗੀਰ |
| ਅਜਨਾਲਾ | ਹਰਪ੍ਰਤਾਪ ਸਿੰਘ | ਅਮਰਪਾਲ ਸਿੰਘ ਬੋਨੀ | ਰਾਜਪ੍ਰੀਤ ਸਿੰਘ ਸੰਨੀ ਰੰਧਾਵਾ |
| ਅੰਮ੍ਰਿਤਸਰ (ਪੂਰਬੀ) | ਨਵਜੋਤ ਸਿੰਘ ਸਿੱਧੂ | ਰਾਜੇਸ਼ ਹਨੀ | ਸਰਬਜੋਤ ਸਿੰਘ ਧੰਜਲ |
| ਅੰਮ੍ਰਿਤਸਰ (ਉੱਤਰੀ) | ਸੁਨੀਲ ਦੱਤੀ | ਅਨਿਲ ਜੋਸ਼ੀ | ਮਨੀਸ਼ ਅਗਰਵਾਲ |
| ਅੰਮ੍ਰਿਤਸਰ (ਦੱਖਣੀ) | ਇੰਦਰਬੀਰ ਸਿੰਘ ਬੁਲਾਰੀਆ | ਗੁਰਪ੍ਰਤਾਪ ਸਿੰਘ ਟਿੱਕਾ | ਇੰਦਰਬੀਰ ਸਿੰਘ ਨਿੱਜਰ |
| ਬਾਬਾ ਬਕਾਲਾ | ਸੰਤੋਖ ਸਿੰਘ ਭਲਾਈਪੁਰ | ਮਲਕੀਤ ਸਿੰਘ | ਏਆਰ ਦਲਬੀਰ ਸਿੰਘ |
| | **ਤਰਨਤਾਰਨ- 4 ਕੁਲ ਉਮੀਦਵਾਰ ਮੈਦਾਨ 'ਚ 30** | | |
| ਤਰਨਤਾਰਨ | ਧਰਮਵੀਰ ਅਗਨੀਹੋਤਰੀ | ਹਰਮੀਤ ਸਿੰਘ ਸੰਧੂ | ਕਰਤਾਰ ਸਿੰਘ ਪਹਿਲਵਾਨ |
| ਪੱਟੀ | ਹਰਮਿੰਦਰ ਸਿੰਘ ਗਿੱਲ | ਆਦੇਸ਼ ਪ੍ਰਤਾਪ ਸਿੰਘ ਕੈਰੋਂ | ਰਣਜੀਤ ਸਿੰਘ ਚੀਮਾ |
| ਖਡੂਰ ਸਾਹਿਬ | ਰਮਨਜੀਤ ਸਿੰਘ ਸਿੱਕੀ | ਰਵਿੰਦਰ ਸਿੰਘ ਬ੍ਰਹਮਪੁਰਾ | ਭੁਪਿੰਦਰ ਸਿੰਘ ਬਿੱਟੂ |
| ਖੇਮਕਰਨ | ਸੁਖਪਾਲ ਸਿੰਘ ਭੁੱਲਰ | ਪ੍ਰੋ. ਵਿਰਸਾ ਸਿੰਘ ਵਲਟੋਹਾ | ਕੈਪਟਨ ਬਿਕਰਮਜੀਤ ਸਿੰਘ |
| | **ਕਪੂਰਥਲਾ-4 ਕੁਲ ਉਮੀਦਵਾਰ ਮੈਦਾਨ 'ਚ 35** | | |
| ਕਪੂਰਥਲਾ | ਰਾਣਾ ਗੁਰਜੀਤ ਸਿੰਘ | ਪਰਮਜੀਤ ਸਿੰਘ ਪੰਮਾ | ਸੁਖਵੰਤ ਸਿੰਘ ਪੱਡਾ |
| ਸੁਲਤਾਨਪੁਰ ਲੋਧੀ | ਨਵਤੇਜ ਸਿੰਘ ਚੀਮਾ | ਡਾ. ਉਪਿੰਦਰ ਜੀਤ ਕੌਰ | ਸੱਜਣ ਸਿੰਘ ਚੀਮਾ |
| ਫਗਵਾੜਾ | ਜੋਗਿੰਦਰ ਸਿੰਘ ਮਾਨ | ਸੋਮਪ੍ਰਕਾਸ਼ | ਜਰਨੈਲ ਸਿੰਘ ਨੰਗਲ |
| ਭੁਲੱਥ | ਰਣਜੀਤ ਸਿੰਘ | ਯੁਵਰਾਜ ਭੁਪਿੰਦਰ ਸਿੰਘ | ਸੁਖਪਾਲ ਸਿੰਘ ਖਹਿਰਾ |
| | **ਜਲੰਧਰ-9 ਕੁਲ ਉਮੀਦਵਾਰ ਮੈਦਾਨ 'ਚ 84** | | |
| ਜਲੰਧਰ (ਉੱਤਰੀ) | ਅਵਤਾਰ ਸਿੰਘ ਸੰਘੇੜਾ | ਕੇਡੀ ਭੰਡਾਰੀ | ਗੁਲਸ਼ਨ ਸ਼ਰਮਾ |
| ਜਲੰਧਰ (ਕੇਂਦਰੀ) | ਰਾਜਿੰਦਰ ਬੇਰੀ | ਮਨੋਰੰਜਨ ਕਾਲੀਆ | ਡਾ. ਸੰਜੀਵ ਕੁਮਾਰ ਸ਼ਰਮਾ |
| ਜਲੰਧਰ (ਪੱਛਮੀ) | ਸੁਸ਼ੀਲ ਰਿੰਕੂ | ਮਹਿੰਦਰ ਭਗਤ | ਦਰਸ਼ਨ ਲਾਲ ਭਗਤ |
| ਜਲੰਧਰ ਛਾਉਣੀ | ਪਰਗਟ ਸਿੰਘ | ਸਰਬਜੀਤ ਸਿੰਘ ਮੱਕੜ | ਐੱਚਐੱਸ ਵਾਲੀਆ |
| ਆਦਮਪੁਰ | ਮਹਿੰਦਰ ਸਿੰਘ ਕੇਪੀ | ਪਵਨ ਕੁਮਾਰ ਟੀਨੂੰ | ਹੰਸ ਰਾਜ ਰਾਣਾ |
| ਨਕੋਦਰ | ਜਗਬੀਰ ਸਿੰਘ ਬਰਾੜ | ਗੁਰਪ੍ਰਤਾਪ ਸਿੰਘ ਵਡਾਲਾ | ਸਰਵਨ ਸਿੰਘ ਹੇਅਰ |
| ਫਿਲੌਰ | ਬਿਕਰਮ ਜੀਤ ਸਿੰਘ ਚੌਧਰੀ | ਬਲਦੇਵ ਸਿੰਘ ਖਹਿਰਾ | ਸਰੂਪ ਸਿੰਘ ਕੜਿਆਣਾ |
| ਕਰਤਾਰਪੁਰ (ਐੱਸਸੀ) | ਚੌਧਰੀ ਸੁਰਿੰਦਰ ਸਿੰਘ | ਸਤਪਾਲ ਮੱਲ | ਚੰਦਨ ਗਰੇਵਾਲ |
| ਸ਼ਾਹਕੋਟ | ਲਾਡੀ ਸ਼ੇਰੋਂਵਾਲੀਆ | ਅਜੀਤ ਸਿੰਘ ਕੋਹਾੜ | ਅਮਰਜੀਤ ਸਿੰਘ ਥਿੰਦ |
| | **ਹੁਸ਼ਿਆਰਪੁਰ-7 ਕੁਲ ਉਮੀਦਵਾਰ ਮੈਦਾਨ 'ਚ 70** | | |
| ਮੁਕੇਰੀਆਂ | ਰਜਨੀਸ਼ ਕੁਮਾਰ | ਅਰੁਨੇਸ਼ ਸ਼ਾਕਰ | ਸੁਲੱਖਣ ਸਿੰਘ ਜੱਗੀ |
| ਉੜਮੁੜ | ਸੰਗਤ ਸਿੰਘ ਗਿਲਜੀਆਂ | ਅਰਵਿੰਦਰ ਸਿੰਘ ਰਸੂਲਪੁਰ | ਜਸਵੀਰ ਸਿੰਘ ਗਿੱਲ |
| ਹੁਸ਼ਿਆਰਪੁਰ | ਸੁੰਦਰਸ਼ਾਮ ਅਰੋੜਾ | ਤੀਕਸ਼ਣ ਸੂਦ | ਪਰਮਜੀਤ ਸਚਦੇਵਾ |
| ਚੱਬੇਵਾਲ (ਐੱਸਸੀ) | ਡਾ. ਰਾਜਕੁਮਾਰ | ਸੋਹਨ ਸਿੰਘ ਠੰਡਲ | ਰਮਨ ਕੁਮਾਰ |
| ਦਸੂਹਾ | ਅਰੁਣ ਡੋਗਰਾ | ਸੁਖਜੀਤ ਕੌਰ ਸਾਹੀ | ਬਲਵੀਰ ਕੌਰ ਫੁੱਲ |
| ਗੜ੍ਹਸ਼ੰਕਰ | ਲਵ ਕੁਮਾਰ ਗੋਲਡੀ | ਸੁਰਿੰਦਰ ਸਿੰਘ ਗੋਲੇਵਾਲਰਾਠਾ | ਜੈ ਕਿਸ਼ਨ ਰੌੜੀ |
| ਸ਼ਾਮਚੁਰਾਸੀ | ਪਵਨ ਆਦੀਆ | ਬੀਬੀ ਮਹਿੰਦਰ ਕੌਰ | ਜੋਸ਼ ਡਾ. ਰਵਜੋਤ |
| | **ਨਵਾਂਸ਼ਹਿਰ-3 ਕੁਲ ਉਮੀਦਵਾਰ ਮੈਦਾਨ 'ਚ 26** | | |
| ਨਵਾਂਸ਼ਹਿਰ | ਅੰਗਦ ਸਿੰਘ | ਜਰਨੈਲ ਸਿੰਘ ਵਾਹਦ | ਚਰਨਜੀਤ ਸਿੰਘ ਚੰਨੀ |
| ਬੰਗਾ (ਐੱਸਸੀ) | ਡਾ. ਸਤਨਾਮ ਸਿੰਘ ਕੈਂਥ | ਸੁਖਵਿੰਦਰ ਸੁੱਖੀ | ਹਰਜੋਤ ਕੌਰ |
| ਬਲਾਚੌਰ | ਚੌਧਰੀ ਦਰਸ਼ਨ ਲਾਲ ਮੰਗੂਪੁਰ | ਚੌਧਰੀ ਨੰਦਲਾਲ | ਬ੍ਰਿਗੇਡੀਅਰ ਰਾਜਕੁਮਾਰ |
| | **ਰੂਪਨਗਰ-3 ਕੁਲ ਉਮੀਦਵਾਰ ਮੈਦਾਨ 'ਚ 24** | | |
| ਸ੍ਰੀ ਆਨੰਦਪੁਰ ਸਾਹਿਬ | ਰਾਣਾ ਕੰਵਰ ਪਾਲ ਸਿੰਘ | ਡਾ. ਪਰਮਿੰਦਰ ਸ਼ਰਮਾ | ਡਾ. ਸੰਜੀਵ ਗੌਤਮ |
| ਰੂਪਨਗਰ | ਵਰਿੰਦਰ ਸਿੰਘ | ਡਾ. ਦਲਜੀਤ ਸਿੰਘ ਚੀਮਾ | ਅਮਰਜੀਤ ਸਿੰਘ ਸੰਧਵਾ |
| ਚਮਕੌਰ ਸਾਹਿਬ | ਚਰਨਜੀਤ ਸਿੰਘ ਚੰਨੀ | ਨਿਰਮਲ ਸਿੰਘ | ਡਾ. ਚਰਨਜੀਤ ਸਿੰਘ |
| | **ਐੱਸਏਐੱਸ ਨਗਰ-3 ਕੁਲ ਉਮੀਦਵਾਰ ਮੈਦਾਨ 'ਚ 34** | | |
| ਖਰੜ | ਜਗਮੋਹਨ ਸਿੰਘ ਕੰਗ | ਰਣਜੀਤ ਸਿੰਘ ਗਿੱਲ | ਕੰਵਰ ਸੰਧੂ |
| ਐੱਸਏਐੱਸ ਨਗਰ | ਬਲਬੀਰ ਸਿੰਘ ਸਿੱਧੂ | ਤਜਿੰਦਰ ਸਿੰਘ | ਨਰਿੰਦਰ ਸ਼ੇਰਗਿੱਲ |
| ਡੇਰਾਬੱਸੀ | ਦੀਪਇੰਦਰ ਸਿੰਘ | ਐੱਨਕੇ ਸ਼ਰਮਾ | ਸਰਬਜੀਤ ਕੌਰ |
| | **ਫ਼ਤਹਿਗੜ੍ਹ ਸਾਹਿਬ-3 ਕੁਲ ਉਮੀਦਵਾਰ ਮੈਦਾਨ 'ਚ 25** | | |
| ਬੱਸੀ ਪਠਾਣਾ (ਐੱਸਸੀ) | ਗੁਰਪ੍ਰੀਤ ਸਿੰਘ ਜੀਪੀ | ਦਰਬਾਰਾ ਸਿੰਘ ਗੁਰੂ | ਸੰਤੋਖ ਸਿੰਘ ਸਲਾਣਾ |
| ਫ਼ਤਹਿਗੜ੍ਹ ਸਾਹਿਬ | ਕੁਲਜੀਤ ਸਿੰਘ ਨਾਗਰਾ | ਦੀਦਾਰ ਸਿੰਘ ਭੱਟੀ | ਲਖਬੀਰ ਸਿੰਘ ਰਾਏ |
| ਅਮਲੋਹ | ਰਣਦੀਪ ਸਿੰਘ ਨਾਭਾ | ਗੁਰਪ੍ਰੀਤ ਸਿੰਘ ਰਾਜੂ ਖੰਨਾ | ਗੁਰਪ੍ਰੀਤ ਸਿੰਘ ਭੱਟੀ |

| ਹਲਕੇ | ਕਾਂਗਰਸ | ਭਾਜਪਾ / ਸ਼੍ਰੋਮਣੀ ਅਕਾਲੀ ਦਲ | ਆਮ ਆਦਮੀ ਪਾਰਟੀ ਪੰਜਾਬ |
|---|---|---|---|
| | **ਲੁਧਿਆਣਾ - 14 ਕੁਲ ਉਮੀਦਵਾਰ ਮੈਦਾਨ 'ਚ 137** | | |
| ਖੰਨਾ | ਗੁਰਕੀਰਤ ਸਿੰਘ ਕੋਟਲੀ | ਰਣਜੀਤ ਸਿੰਘ ਤਲਵੰਡੀ | ਅਨਿਲ ਦੱਤ ਫੱਲੀ |
| ਲੁਧਿਆਣਾ ਕੇਂਦਰੀ | ਸੁਰਿੰਦਰ ਡਾਬਰ | ਗੁਰਦੇਵ ਸ਼ਰਮਾ | ਵਿਪਨ ਕਾਕਾ ਸੂਦ |
| ਲੁਧਿਆਣਾ | ਭਾਰਤ ਭੂਸ਼ਣ ਆਸ਼ੂ | ਕਮਲ ਚੇਟਲੀ | ਅਹਿਬਾਬ ਸਿੰਘ ਗਰੇਵਾਲ |
| ਗਿੱਲ (ਐੱਸਸੀ) | ਕੁਲਦੀਪ ਸਿੰਘ ਵੈਦ | ਦਰਸ਼ਨ ਸਿੰਘ ਸ਼ਿਵਾਲਿਕ | ਜੀਵਨ ਸੰਗੋਵਾਲ |
| ਪਾਇਲ (ਐੱਸਸੀ) | ਲਖਵੀਰ ਸਿੰਘ ਲੱਖਾ | ਈਸ਼ਰ ਸਿੰਘ ਮੇਹਰਬਾਨ | ਗੁਰਪ੍ਰੀਤ ਸਿੰਘ ਲਾਪਰਾਂ |
| ਰਾਏਕੋਟ (ਐੱਸਸੀ) | ਡਾ. ਅਮਰ ਸਿੰਘ | ਇੰਦਰਇਕਬਾਲ ਸਿੰਘ ਅਟਵਾਲ | ਜਗਤਾਰ ਸਿੰਘ ਜੱਗਾ |
| ਦਾਖਾ | ਮੇਜਰ ਸਿੰਘ ਭੈਣੀ | ਮਨਪ੍ਰੀਤ ਸਿੰਘ ਇਯਾਲੀ | ਐਚਐੱਸ ਫੂਲਕਾ |
| ਜਗਰਾਓਂ | ਮਲਕੀਅਤ ਸਿੰਘ ਦਾਖਾ | ਅਮਰਜੀਤ ਕੌਰ ਸਹੋਕੇ | ਸਰਬਜੀਤ ਕੌਰ ਮਲੂਕੇ |
| ਲੁਧਿਆਣਾ ਪੂਰਬੀ | ਸੰਜੀਵ ਤਲਵਾੜ | ਰਣਜੀਤ ਸਿੰਘ ਢਿੱਲੋਂ | ਦਲਜੀਤ ਸਿੰਘ ਭੋਲਾ |
| ਲੁਧਿਆਣਾ ਉੱਤਰੀ | ਰਕੇਸ਼ ਪਾਂਡੇ | ਪਰਵੀਨ ਬੰਸਲ | ਰਣਧੀਰ ਸਿੰਘ ਸੀਬਿਆ |
| ਲੁਧਿਆਣਾ ਦੱਖਣੀ | ਭੁਪਿੰਦਰ ਸਿੱਧੂ | ਹੀਰਾ ਸਿੰਘ ਗ਼ਾਵੜਿਆ | ਬਲਵਿੰਦਰ ਸਿੰਘ ਬੈਂਸ |
| ਸਾਹਨੇਵਾਲ | ਸਤਵਿੰਦਰ ਬਿੱਟੀ | ਸਰਬਜੀਤ ਸਿੰਘ ਢਿੱਲੋਂ | ਹਰਜੋਤ ਸਿੰਘ ਬੈਂਸ |
| ਆਤਮ ਨਗਰ | ਕੰਵਲਜੀਤ ਸਿੰਘ ਕੜਵਲ | ਗੁਰਮੀਤ ਸਿੰਘ | ਸਿਮਰਜੀਤ ਸਿੰਘ ਬੈਂਸ |
| ਸਮਰਾਲਾ | ਅਮਰੀਕ ਸਿੰਘ ਢਿੱਲੋਂ | ਸੰਤਾ ਸਿੰਘ | ਸਰਬੰਸ ਮਾਨਕੀ |
| | **ਮੋਗਾ 4 ਕੁਲ ਉਮੀਦਵਾਰ ਮੈਦਾਨ 'ਚ 41** | | |
| ਬਾਘਾਪੁਰਾਣਾ | ਦਰਸ਼ਨ ਸਿੰਘ ਬਰਾੜ | ਤੀਰਥ ਸਿੰਘ ਮਾਹਲਾ | ਗੁਰਵਿੰਦਰ ਸਿੰਘ ਕੰਗ |
| ਧਰਮਕੋਟ | ਸੁਖਜੀਤ ਸਿੰਘ ਲੋਹਗੜ੍ਹ | ਤੋਤਾ ਸਿੰਘ | ਦਲਜੀਤ ਸਿੰਘ ਸਦਰਪੁਰਾ |
| ਮੋਗਾ | ਹਰਜੋਤ ਕਮਲ | ਐਡਵੋਕੇਟ ਬਲਜਿੰਦਰ ਬਰਾੜ | ਐਡਵੋਕੇਟ ਰਮੇਸ਼ ਗਰੋਵਰ |
| ਨਿਹਾਲ ਸਿੰਘ ਵਾਲਾ | ਰਾਜਵਿੰਦਰ ਕੌਰ ਭਾਗੀਕੇ | ਐੱਸਆਰ ਕਲੇਰ | ਮਨਜੀਤ ਸਿੰਘ ਬਿਲਾਸਪੁਰੀਆ |
| | **ਫ਼ਰੀਦਕੋਟ-3 ਕੁਲ ਉਮੀਦਵਾਰ ਮੈਦਾਨ 'ਚ 28** | | |
| ਫ਼ਰੀਦਕੋਟ | ਕੁਸ਼ਲਦੀਪ ਸਿੰਘ ਢਿੱਲੋਂ | ਪਰਮਬੰਸ ਸਿੰਘ ਬੰਟੀ ਰੋਮਾਣਾ | ਗੁਰਦਿੱਤ ਸਿੰਘ ਸੇਖੋਂ |
| ਜੈਤੋ (ਐੱਸਸੀ) | ਮੁਹੰਮਦ ਸਦੀਕ | ਸੂਬਾ ਸਿੰਘ ਬਾਦਲ | ਮਾਸਟਰ ਬਲਦੇਵ |
| ਕੋਟਕਪੂਰਾ | ਭਾਈ ਹਰਨਿਰਪਾਲ ਸਿੰਘ ਕੁੱਕੂ | ਮਨਤਾਰ ਸਿੰਘ ਬਰਾੜ | ਕੁਲਤਾਰ ਸਿੰਘ ਸੰਧਵਾ |
| | **ਫ਼ਿਰੋਜ਼ਪੁਰ-4 ਕੁਲ ਉਮੀਦਵਾਰ ਮੈਦਾਨ 'ਚ 48** | | |
| ਜ਼ੀਰਾ | ਕੁਲਬੀਰ ਸਿੰਘ ਜ਼ੀਰਾ | ਹਰੀ ਸਿੰਘ ਜ਼ੀਰਾ | ਗੁਰਪ੍ਰੀਤ ਸਿੰਘ ਗੋਰਾ |
| ਫ਼ਿਰੋਜ਼ਪੁਰ ਸਿਟੀ | ਪਰਮਿੰਦਰ ਸਿੰਘ ਪਿੰਕੀ | ਸੁਖਪਾਲ ਸਿੰਘ ਨੰਨੂੰ | ਨਰਿੰਦਰ ਸਿੰਘ ਸੰਧਾ |
| ਫਿਰੋਜ਼ਪੁਰ ਦਿਹਾਤੀ | ਸਤਿਕਾਰ ਕੌਰ ਗਹਿਰੀ | ਜੋਗਿੰਦਰ ਸਿੰਘ ਜਿੰਦੂ | ਮੋਹਨ ਸਿੰਘ ਫਲੀਆਂਵਾਲਾ |
| ਗੁਰੂਹਰਸਿਹਾਏ | ਰਾਣਾ ਗੁਰਮੀਤ ਸਿੰਘ ਸੋਢੀ | ਬਰਦੇਵ ਸਿੰਘ ਮਾਨ | ਮਲਕੀਤ ਸਿੰਘ ਥਿੰਦ |
| | **ਫਾਜ਼ਿਲਕਾ-4 ਕੁਲ ਉਮੀਦਵਾਰ ਮੈਦਾਨ 'ਚ 44** | | |
| ਅਬੋਹਰ | ਸੁਨੀਲ ਕੁਮਾਰ ਜਾਖੜ | ਅਰੁਣ ਨਾਰੰਗ | ਅਤੁਲ ਨਾਗਪਾਲ |
| ਬੱਲੂਆਣਾ | ਨੱਥੂ ਰਾਮ | ਪ੍ਰਕਾਸ਼ ਭੱਟੀ | ਸਿਮਰਜੀਤ ਸਿੰਘ |
| ਜਲਾਲਾਬਾਦ | ਰਵਨੀਤ ਸਿੰਘ ਬਿੱਟੂ | ਸੁਖਬੀਰ ਸਿੰਘ ਬਾਦਲ | ਭਗਵੰਤ ਮਾਨ |
| ਫਾਜ਼ਿਲਕਾ | ਦਵਿੰਦਰ ਸਿੰਘ ਘੁਬਾਇਆ | ਸੁਰਜੀਤ ਕੁਮਾਰ ਜਿਆਣੀ | ਸਮਰਬੀਰ ਸਿੰਘ ਸਿੱਧੂ |
| | **ਮੁਕਤਸਰ -4 ਕੁਲ ਉਮੀਦਵਾਰ ਮੈਦਾਨ 'ਚ 30** | | |
| ਲੰਬੀ | ਕੈਪਟਨ ਅਮਰਿੰਦਰ ਸਿੰਘ | ਪ੍ਰਕਾਸ਼ ਸਿੰਘ ਬਾਦਲ | ਜਰਨੈਲ ਸਿੰਘ |
| ਮੁਕਤਸਰ | ਕਰਨ ਕੌਰ ਬਰਾੜ | ਕੰਵਲਜੀਤ ਸਿੰਘ ਰੋਜ਼ੀ | ਬਰਕੰਦੀ ਜਗਦੀਪ ਬਰਾੜ |
| ਗਿੱਦੜਬਾਹਾ | ਅਮਰਿੰਦਰ ਸਿੰਘ ਰਾਜਾ ਵੜਿੰਗ | ਹਰਦੀਪ ਡਿੰਪੀ | ਜਗਦੀਪ ਸੰਧੂ |
| ਮਲੋਟ (ਐੱਸਸੀ) | ਅਜੈਬ ਸਿੰਘ ਭੱਟੀ | ਦਰਸ਼ਨ ਸਿੰਘ ਕੋਟਫੱਤਾ | ਬਲਦੇਵ ਸਿੰਘ ਆਜ਼ਾਦ |
| | **ਸੰਗਰੂਰ-7 ਕੁਲ ਉਮੀਦਵਾਰ ਮੈਦਾਨ 'ਚ 66** | | |
| ਲਹਿਰਾਗਾਗਾ | ਰਜਿੰਦਰ ਕੌਰ ਭੱਠਲ | ਪਰਮਿੰਦਰ ਸਿੰਘ ਢੀਂਡਸਾ | ਜਸਵੀਰ ਸਿੰਘ ਕੁਦਨੀ |
| ਦਿੜ੍ਹਬਾ (ਐੱਸਸੀ) | ਅਜਾਇਬ ਸਿੰਘ ਰਟੌਲ | ਗੁਲਜ਼ਾਰ ਸਿੰਘ | ਹਰਪਾਲ ਸਿੰਘ ਚੀਮਾ |
| ਮਾਲੇਰਕੋਟਲਾ | ਰਜ਼ੀਆ ਸੁਲਤਾਨਾ | ਮੁਹੰਮਦ ਓਵੈਸ | ਅਰਸ਼ਦ ਡਾਲੀ |
| ਧੂਰੀ | ਦਲਬੀਰ ਸਿੰਘ ਗੋਲਡੀ | ਹਰੀ ਸਿੰਘ | ਜਸਬੀਰ ਸਿੰਘ ਸੇਖੋਂ |
| ਸੰਗਰੂਰ | ਵਿਜੇਇੰਦਰ ਸਿੰਗਲਾ | ਪ੍ਰਕਾਸ਼ ਚੰਦ ਗਰਗ | ਦਿਨੇਸ਼ ਬਾਂਸਲ |
| ਸੁਨਾਮ | ਦਮਨ ਬਾਜਵਾ | ਗੋਬਿੰਦ ਸਿੰਘ ਲੌਂਗੋਵਾਲ | ਅਮਨ ਅਰੋੜਾ |
| ਅਮਰਗੜ੍ਹ | ਸੁਰਜੀਤ ਸਿੰਘ ਧੀਮਾਨ | ਇਕਬਾਲ ਸਿੰਘ ਝੂੰਦਾ | ਜਸਵੰਤ ਸਿੰਘ |
| | **ਬਰਨਾਲਾ-3 ਕੁਲ ਉਮੀਦਵਾਰ ਮੈਦਾਨ 'ਚ 30** | | |
| ਬਰਨਾਲਾ | ਕੇਵਲ ਸਿੰਘ ਢਿੱਲੋਂ | ਸੁਰਿੰਦਰ ਪਾਲ ਸਿੰਘ ਸਿਬੀਆ | ਮੀਤ ਹੇਅਰ |
| ਮਹਿਲ ਕਲਾਂ (ਐੱਸਸੀ) | ਹਰਚੰਦ ਕੌਰ | ਅਜੀਤ ਸਿੰਘ ਸ਼ਾਂਤ | ਕੁਲਵੰਤ ਸਿੰਘ ਪੰਡੋਰੀ |
| ਭਦੌੜ (ਐੱਸਸੀ) | ਜੋਗਿੰਦਰ ਸਿੰਘ ਪੰਜਗਰਾਈਂ | ਸੰਤ ਬਲਵੀਰ ਸਿੰਘ ਘੁੰਨਸ | ਪਰਮਿਲ ਸਿੰਘ |
| | **ਪਟਿਆਲਾ-8 ਕੁਲ ਉਮੀਦਵਾਰ ਮੈਦਾਨ 'ਚ 86** | | |
| ਨਾਭਾ (ਐੱਸਸੀ) | ਸਾਧੂ ਸਿੰਘ ਧਰਮਸੋਤ | ਕਬੀਰ ਦਾਸ | ਦੇਵਮਾਨ |
| ਪਟਿਆਲਾ ਦਿਹਾਤੀ | ਬ੍ਰਹਮ ਮਹਿੰਦਰਾ | ਸਤਬੀਰ ਸਿੰਘ ਖੱਟੜਾ | ਕਰਨਬੀਰ ਸਿੰਘ ਟਿਵਾਣਾ |
| ਰਾਜਪੁਰਾ | ਹਰਦਿਆਲ ਸਿੰਘ ਕੰਬੋਜ | ਹਰਜੀਤ ਸਿੰਘ ਗਰੇਵਾਲ | ਆਸ਼ੂਤੋਸ਼ ਜੋਸ਼ੀ |
| ਘਨੌਰ | ਮਦਨ ਲਾਲ ਜਲਾਲਪੁਰ | ਹਰਪ੍ਰੀਤ ਕੌਰ ਮੁਖਮੈਲਪੁਰ | ਅਨੂੰ ਰੰਧਾਵਾ |
| ਪਟਿਆਲਾ | ਕੈਪਟਨ ਅਮਰਿੰਦਰ ਸਿੰਘ | ਜਰਨਲ ਜੇਜੇ ਸਿੰਘ | ਡਾ. ਬਲਬੀਰ ਸਿੰਘ |
| ਸ਼ੁਤਰਾਣਾ (ਐੱਸਸੀ) | ਨਿਰਮਲ ਸਿੰਘ | ਮਨਿੰਦਰ ਕੌਰ ਲੂੰਬਾ | ਬਲਵਿੰਦਰ ਕੌਰ |
| ਸਮਾਣਾ | ਰਜਿੰਦਰ ਸਿੰਘ | ਸੁਰਜੀਤ ਸਿੰਘ ਰੱਖੜਾ | ਜਗਤਾਰ ਸਿੰਘ ਰਾਜਲਾ |
| ਸਨੌਰ | ਹਰਿੰਦਰ ਸਿੰਘ ਮਾਨ | ਹਰਿੰਦਰ ਪਾਲ ਸਿੰਘ ਚੰਦੂਮਾਜਰਾ | ਕੁਲਦੀਪ ਕੌਰ ਟੋਹੜਾ |
| | **ਬਠਿੰਡਾ-6 ਕੁਲ ਉਮੀਦਵਾਰ ਮੈਦਾਨ 'ਚ 60** | | |
| ਰਾਮਪੁਰਾ ਫੂਲ | ਗੁਰਪ੍ਰੀਤ ਸਿੰਘ ਕਾਂਗੜ | ਸਿਕੰਦਰ ਸਿੰਘ ਮਲੂਕਾ | ਮਨਜੀਤ ਸਿੰਘ ਸਿੱਧੂ |
| ਬਠਿੰਡਾ ਸ਼ਹਿਰੀ | ਮਨਪ੍ਰੀਤ ਸਿੰਘ ਬਾਦਲ | ਸਰੂਪ ਚੰਦ ਸਿੰਗਲਾ | ਦੀਪਕ ਬਾਂਸਲ |
| ਤਲਵੰਡੀ ਸਾਬੋ | ਖੁਸ਼ਬਾਜ਼ ਸਿੰਘ ਜਟਾਣਾ | ਜੀਤਮਹਿੰਦਰ ਸਿੰਘ ਸਿੱਧੂ | ਪ੍ਰੋ. ਬਲਜਿੰਦਰ ਕੌਰ |
| ਬਠਿੰਡਾ ਦਿਹਾਤੀ | ਹਰਵਿੰਦਰ ਸਿੰਘ ਲਾਡੀ | ਅਮਿਤ ਰਤਨ | ਰੁਪਿੰਦਰ ਕੌਰ ਰੂਬੀ |
| ਭੁੱਚੋ ਮੰਡੀ | ਪ੍ਰੀਤਮ ਸਿੰਘ ਕੋਟਭਾਈ | ਹਰਪ੍ਰੀਤ ਸਿੰਘ | ਜਗਸੀਰ ਸਿੰਘ |
| ਮੌੜ | ਹਰਮੰਦਰ ਸਿੰਘ ਜੱਸੀ | ਜਨਮੇਜਾ ਸਿੰਘ ਸੇਖੋਂ | ਜਗਦੇਵ ਸਿੰਘ ਕਮਾਲੂ |
| | **ਮਾਨਸਾ-3 ਕੁਲ ਉਮੀਦਵਾਰ ਮੈਦਾਨ 'ਚ 27** | | |
| ਸਰਦੂਲਗੜ੍ਹ | ਅਜੀਤ ਇੰਦਰ ਸਿੰਘ ਮੋਫਰ | ਦਿਲਰਾਜ ਸਿੰਘ ਭੂੰਦੜ | ਸੁਖਵਿੰਦਰ ਸਿੰਘ |
| ਬੁਢਲਾਡਾ (ਐੱਸਸੀ) | ਰਣਜੀਤ ਕੌਰ ਭੱਟੀ | ਨਿਸ਼ਾਨ ਸਿੰਘ | ਬੁੱਧ ਰਾਮ ਪ੍ਰਿੰਸੀਪਲ |
| ਮਾਨਸਾ | ਡਾ. ਮੰਜੂ ਬਾਂਸਲ | ਜਗਦੀਪ ਸਿੰਘ ਨਕਈ | ਨਾਜ਼ਰ ਸਿੰਘ ਮਾਨਸ਼ਾਹੀਆ |

**ਪੰਜਾਬ ਦੇ ਸੀਨੀਅਰ ਪੱਤਰਕਾਰ ਮੇਜਰ ਸਿੰਘ ਜਿਸ ਨੇ ਲੰਮਾ ਸਮਾਂ ਪੰਜਾਬੀ ਦੇ ਉੱਘੇ ਅਖ਼ਬਾਰਾਂ ਨਾਲ ਕੰਮ ਕਰਦਿਆਂ ਪੰਜਾਬ ਤੋਂ ਬਾਹਰ ਉੱਤਰ ਪ੍ਰਦੇਸ਼, ਕਸ਼ਮੀਰ ਅਤੇ ਹੋਰਨਾਂ ਇਲਾਕਿਆਂ ਵਿਚ ਵਸਦੇ ਸਿੱਖ ਭਾਈਚਾਰੇ ਦੇ ਮਸਲਿਆਂ ਅਤੇ ਮੁਸ਼ਕਲਾਂ ਨੂੰ ਡੂੰਘੀ ਤਰ੍ਹਾਂ ਸਮਝ ਕੇ, ਖੁਲ੍ਹ ਕੇ ਲਿਖਿਆ ਅਤੇ ਸਭ ਪਾਸਿਓਂ ਸਰਾਹਨਾ ਅਤੇ ਸ਼ਾਬਾਸ਼ ਕਮਾਈ ਹੈ। ਮੇਜਰ ਸਿੰਘ ਆਮ ਆਦਮੀ ਪਾਰਟੀ ਲਈ ਵੀ ਸਰਗਰਮ ਰਹੇ ਹਨ ਅਤੇ ਅੱਜ ਕਲ੍ਹ ਆਪ ਦੀਆਂ ਸਰਗਰਮੀਆਂ ਨਾਲ ਕੋਈ ਵਾਹ ਵਾਸਤਾ ਨਾ ਰੱਖਣ ਕਾਰਨ ਮੁੜ ਪੱਤਰਕਾਰੀ ਵਲ ਪਰਤ ਆਏ ਹਨ। ਮਾਨਸਾ ਇਲਾਕੇ ਦੇ ਜੰਮ ਪਲ ਇਸ ਪੱਤਰਕਾਰ ਨੂੰ ਅਪਣੀ ਜਵਾਨੀ ਦੇ ਦਿਨਾਂ ਤੋਂ ਲੈ ਕੇ ਵਰ੍ਹਿਆਂ ਤੱਕ ਰਾਜਸੀ ਕਾਰਕੁਨ ਵਜੋਂ ਕੰਮ ਕਰਨ ਸਦਕਾ ਲੋਕ ਮਨਾਂ ਦੀ ਤਕੜੀ ਸਮਝ ਹੈ। ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਸੀਨੀਅਰ ਆਗੂਆਂ ਤੋਂ ਲੈ ਕੇ ਹੇਠਲੇ ਵਰਕਰਾਂ ਨਾਲ ਨੇੜਲੇ ਸਬੰਧ ਹੋਣ ਕਾਰਨ ਅਹਿਮ ਜਾਣਕਾਰੀ ਪ੍ਰਾਪਤ ਕਰਨ ਵਿੱਚ ਉਸ ਨੂੰ ਕਦੇ ਦਿੱਕਤ ਨਹੀਂ ਆਈ। ਉਨਾਂ ਦੀ ਪੱਤਰਕਾਰ ਵਜੋਂ ਇਸ ਵਿੱਚ ਭਰੋਸੇਯੋਗਤਾ ਕਾਰਨ ਮੇਜਰ ਸਿੰਘ ਨੂੰ ਸਿਆਸਤਦਾਨਾਂ, ਉੱਚ ਸਰਕਾਰੀ ਅਧਿਕਾਰੀਆਂ, ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਦੇ ਮਨਾਂ ਦੇ ਧੁਰ ਅੰਦਰ ਪਹੁੰਚ ਜਾਣ ਦੇ ਮੌਕੇ ਹੋਣ ਕਾਰਨ 'ਸੱਚ ਦੇ ਨੇੜੇ ਤੇੜੇ' ਪਹੁੰਚਣਾ ਸੰਭਵ ਹੋ ਜਾਂਦਾ ਹੈ। ਅਸੀਂ ਇਸ ਸਰਵੇਖਣ ਨੂੰ ਅੰਤਮ ਸੱਚ ਤਾਂ ਦੂਰ ਦੀ ਗੱਲ 'ਪੱਕੇ ਟੇਵੇ' ਵਜੋਂ ਵੀ ਨਹੀਂ ਪਰ ਕਈ ਅਹਿਮ ਪੱਖਾਂ ਅਤੇ ਅਰਥ ਭਰਪੂਰ ਅੰਕੜਿਆਂ ਦੇ ਉੱਤੇ ਆਧਾਰਤ ਹੋਣ ਕਾਰਨ ਅਸੀਂ ਵੀ ਅਕਸਰ ਚੋਣਾਂ ਤੋਂ ਪਹਿਲਾਂ ਕੀਤੇ ਤੇ ਛਾਪੇ ਜਾਂਦੇ ਸਰਵੇਖਣਾਂ ਵਿੱਚ ਲੋਕਾਂ ਦੀ ਦਿਲਚਸਪੀ ਅਨੁਸਾਰ ਪਾਠਕਾਂ ਦੇ ਸਨਮੁੱਖ ਕਰ ਰਹੇ ਹਾਂ। ਚੋਣ ਲੜ ਰਹੀਆਂ ਰਾਜਸੀ ਪਾਰਟੀਆਂ ਵਿਚੋਂ ਕਿਸੇ ਇੱਕ ਪਾਰਟੀ, ਧਿਰ ਜਾਂ ਉਮੀਦਵਾਰ ਪ੍ਰਤੀ ਪੱਖਪਾਤ ਜਾਂ ਕਿਸੇ ਦੇ ਵੀ ਹੱਕ ਵਿੱਚ ਭੁਗਤਣ ਦਾ ਨਾ ਕਦੇ ਸਾਡਾ ਰੁਝਾਨ ਰਿਹਾ ਹੈ ਤੇ ਨਾ ਹੀ ਇਸ ਵਾਰ ਵੀ ਅਜਿਹਾ ਕੋਈ ਇਰਾਦਾ ਹੈ ...ਸੰਪਾਦਕ**

# ਬਾਦਲ ਵਿਰੋਧੀ ਲਹਿਰ ਨਹੀਂ, ਸਗੋਂ ਨ਼ਫਰਤ ਦੀ ਲਹਿਰ

## ਕਾਂਗਰਸ ਲਿਜਾ ਸਕਦੀ ਹੈ ਸਭ ਤੋਂ ਵੱਧ ਸੀਟਾਂ, 'ਆਪ' ਦੂਜੇ ਨੰਬਰ 'ਤੇ

**ਜਲੰਧਰ/ ਮੇਜਰ ਸਿੰਘ**

ਪੰਜਾਬ ਵਿਧਾਨ ਸਭਾ ਦੇ 117 ਹਲਕਿਆਂ ਦਾ ਲੇਖਾ-ਜੋਖਾ ਕਰੀਏ ਤਾਂ ਇਸ ਗੱਲ ਬਹੁਤ ਸਪਸ਼ਟ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਇਸ ਵਕਤ ਪੂਰੇ ਪੰਜਾਬ ਵਿਚ ਬਾਦਲ ਵਿਰੋਧੀ ਲਹਿਰ ਨਹੀਂ, ਸਗੋਂ ਅਕਾਲੀਆਂ ਵਿਰੁੱਧ ਨ਼ਫਰਤ ਦੀ ਲਹਿਰ ਚੱਲ ਰਹੀ ਹੈ। ਲੋਕ ਬਾਦਲਾਂ ਤੇ ਉਨ੍ਹਾਂ ਦੇ ਮੰਤਰੀਆਂ, ਜਥੇਦਾਰਾਂ ਦੀਆਂ ਜ਼ਿਆਦਤੀਆਂ ਤੋਂ ਬੇਹੱਦ ਦੁਖੀ ਹਨ। ਬੇਅਦਬੀ ਦੀਆਂ ਘਟਨਾਵਾਂ, ਭ੍ਰਿਸ਼ਟਾਚਾਰ ਤੇ ਨਸ਼ਿਆਂ ਕਾਰਨ ਬਾਦਲ ਸਰਕਾਰ ਵਿਰੁੱਧ ਸਪਸ਼ਟ ਨ਼ਫਰਤੀ ਹਵਾ ਚੱਲ ਰਹੀ ਨਜ਼ਰ ਆ ਰਹੀ ਹੈ। ਪਰ ਇਕ ਤਬਕਾ ਅਜਿਹਾ ਵੀ ਹੈ ਜੋ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਸ਼ੁਰੂ ਕੀਤੀਆਂ ਧਾਰਮਿਕ ਯਾਤਰਾਵਾਂ ਕਾਰਨ ਉਨ੍ਹਾਂ ਦੇ ਧੰਨਵਾਦੀ ਹਨ। ਇਸ ਹਾਲਤ ਵਿੱਚ ਜੇ ਵੋਟਾਂ ਦਾ 20 ਤੋਂ 25 ਫ਼ੀਸਦੀ ਅਕਾਲੀ ਲੈ ਜਾਂਦੇ ਹਨ ਤਾਂ ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣੂੰਗੀ ਤੇ ਜੇ 10-15 ਫ਼ੀਸਦੀ ਰਹਿ ਗਈਆਂ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਸੂਬੇ ਅੰਦਰ ਵੱਡੇ ਸ਼ਹਿਰਾਂ ਅਤੇ ਕਸਬਿਆਂ ਅੰਦਰਲੀ ਹਿੰਦੂ ਵੋਟ ਦਾ ਉਲਾਰ ਕਾਂਗਰਸ ਵੱਲ ਹੋ ਤੁਰਿਆ ਹੈ, ਜੋ ਆਮ ਆਦਮੀ ਪਾਰਟੀ ਦੇ ਅਨੁਮਾਨਾਂ ਨੂੰ ਵੱਡੀ ਢਾਅ ਲਗਾ ਸਕਦਾ ਹੈ। 'ਆਪ' ਆਗੂਆਂ ਦੇ 'ਬਾਹਰਲੇ' ਹੋਣ ਦੇ ਚੱਲ ਰਹੇ ਪ੍ਰਚਾਰ ਅਤੇ ਗਰਮ ਖਿਆਲੀ ਸਿੱਖਾਂ ਦਾ ਸਹਾਰਾ ਲੈਣ ਦੇ ਸਾਹਮਣੇ ਆ ਰਹੇ ਤੱਥ ਉਨ੍ਹਾਂ ਲਈ ਹਿੰਦੂ ਤੇ ਦਲਿਤ ਵਰਗਾਂ ਦੀ ਵੋਟ ਨੂੰ ਸੰਨ੍ਹ ਲਗਾਉਣ ਵਿਚ ਵੀ ਅੜਿੱਕਾ ਖੜ੍ਹਾ ਕਰਦੇ ਨਜ਼ਰ ਆ ਰਹੇ ਹਨ।

ਵੋਟਾਂ ਪੈਣ ਤੋਂ ਚਾਰ ਕੁ ਦਿਨ ਪਹਿਲਾਂ ਦੇ ਰੁਝਾਨਾਂ ਤੇ ਭਰੋਸੇਯੋਗ ਸੂਹੀਆ ਰਿਪੋਰਟਾਂ ਅਨੁਮਾਨਾਂ ਮੁਤਾਬਕ ਹਲਕਾਵਾਰ ਸਥਿਤੀ ਸਮਝਣ ਵਲ ਚਲਦੇ ਹਾਂ।

ਗੱਲ ਅਕਾਲੀ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਦੇ ਹਲਕੇ ਤੋਂ ਸ਼ੁਰੂ ਕਰਦੇ ਹਾਂ। ਮੁਕਤਸਰ ਜ਼ਿਲ੍ਹੇ ਦੀਆਂ ਚਾਰ ਸੀਟਾਂ ਹਨ।

ਲੰਬੀ, ਮੁਕਤਸਰ, ਗਿੱਦੜਬਾਹਾ ਤੇ ਮਲੋਟ (ਐਸ.ਸੀ.)। ਇਨ੍ਹਾਂ ਵਿਚੋਂ ਲੰਬੀ ਸੀਟ ਕੈਪਟਨ ਅਮਰਿੰਦਰ ਸਿੰਘ, ਮੁਕਤਸਰ ਸੀਟ 'ਆਪ' ਦੇ ਜਗਦੀਪ ਬਰਾੜ, ਗਿੱਦੜਬਾਹਾ ਦੀ ਸੀਟ ਕਾਂਗਰਸ ਦੇ ਅਮਰਿੰਦਰ ਸਿੰਘ ਰਾਜਾ ਵੜਿੰਗ, ਮਲੋਟ ਸੀਟ 'ਆਪ' ਦੇ ਮਾਸਟਰ ਬਲਦੇਵ ਸਿੰਘ ਆਜ਼ਾਦ ਦੇ ਹਿੱਸੇ ਆ ਸਕਦੀ ਹੈ।

ਫਾਜ਼ਿਲਕਾ ਜ਼ਿਲ੍ਹੇ ਵਿਚ ਚਾਰ ਸੀਟਾਂ ਅਬੋਹਰ, ਫਾਜ਼ਿਲਕਾ, ਬੱਲੂਆਣਾ ਤੇ ਜਲਾਲਾਬਾਦ ਹਨ। ਇਥੇ ਫਾਜ਼ਿਲਕਾ ਤੋਂ ਕਾਂਗਰਸ ਦੇ ਦਵਿੰਦਰ ਸਿੰਘ ਘੁਬਾਇਆ, ਅਬੋਹਰ ਤੋਂ ਸੁਨੀਲ ਜਾਖੜ ਅਤੇ ਬੱਲੂਆਣਾ ਤੋਂ ਕਾਮਰੇਡ ਨੱਥੂ ਰਾਮ ਦੀ ਪੁਜ਼ੀਸ਼ਨ ਮਜ਼ਬੂਤ ਹੈ, ਜਦਕਿ ਜਲਾਲਾਬਾਦ ਵਿਚ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, 'ਆਪ' ਦੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਅਤੇ ਕਾਂਗਰਸ ਐੱਮ.ਪੀ. ਰਵਨੀਤ ਸਿੰਘ ਬਿੱਟੂ ਵਿਚਾਲੇ ਸਖ਼ਤ ਮੁਕਾਬਲਾ ਹੈ।

ਫਰੀਦਕੋਟ ਜ਼ਿਲ੍ਹੇ ਦੀਆਂ ਤਿੰਨ ਸੀਟਾਂ ਹਨ-ਫਰੀਦਕੋਟ, ਜੈਤੋਂ (ਐਸ.ਸੀ.) ਤੇ ਕੋਟਕਪੂਰਾ। ਫਰੀਦਕੋਟ 'ਚ ਕਾਂਗਰਸ ਦੇ ਕੁਸ਼ਲਦੀਪ ਸਿੰਘ ਢਿਲੋਂ ਦੀ ਪੁਜ਼ੀਸ਼ਨ ਮਜ਼ਬੂਤ ਹੈ, ਜਦਕਿ ਜੈਤੋਂ ਤੋਂ 'ਆਪ' ਦੇ ਮਾਸਟਰ ਬਲਦੇਵ ਸਿੰਘ ਮਜ਼ਬੂਤ ਉਮੀਦਵਾਰ ਹਨ। ਕੋਟਕਪੂਰਾ 'ਚ ਕਾਂਗਰਸ ਦੇ ਹਰਨਿਰਪਾਲ ਸਿੰਘ ਕੁੱਕੂ ਅਤੇ ਆਪ ਦੇ ਕੁਲਤਾਰ ਸਿੰਘ ਸੰਧਵਾਂ ਵਿਚਾਲੇ ਸਖ਼ਤ ਟੱਕਰ ਹੈ।

ਮੋਗਾ ਜ਼ਿਲ੍ਹੇ ਦੀਆਂ ਚਾਰ ਸੀਟਾਂ ਹਨ-ਬਾਘਾਪੁਰਾਣਾ, ਧਰਮਕੋਟ, ਮੋਗਾ, ਨਿਹਾਲ ਸਿੰਘ ਵਾਲਾ। ਇਥੇ ਕਾਂਗਰਸ ਦੇ ਹੀ ਉਮੀਦਵਾਰ ਅੱਗੇ ਹਨ। ਇਨ੍ਹਾਂ ਵਿਚੋਂ ਨਿਹਾਲ ਸਿੰਘ ਵਾਲਾ ਤੋਂ ਕਾਂਗਰਸ ਦੀ ਰਾਜਵਿੰਦਰ ਕੌਰ ਭਾਗੀਕੇ, ਮੋਗਾ ਤੋਂ ਹਰਜੋਤ ਕਮਲ, ਬਾਘਾਪੁਰਾਣਾ ਤੋਂ ਦਰਸ਼ਨ ਸਿੰਘ ਬਰਾੜ ਅਤੇ ਧਰਮਕੋਟ ਤੋਂ ਸੁਖ਼ਜੀਤ ਸਿੰਘ ਕਾਕਾ ਲੋਹਗੜ੍ਹ ਅੱਗੇ ਚੱਲ ਰਹੇ ਹਨ।

ਮਾਨਸਾ ਜ਼ਿਲ੍ਹੇ ਦੀਆਂ ਤਿੰਨ ਸੀਟਾਂ ਸਰਦੂਲਗੜ੍ਹ, ਬੁੱਢਲਾਡਾ (ਐਸ.ਸੀ.), ਤੇ ਮਾਨਸਾ ਹਨ। ਇਥੇ ਕਾਂਗਰਸ ਦੇ ਤਿੰਨਾਂ ਉਮੀਦਵਾਰਾਂ ਅਜੀਤ ਇੰਦਰ ਸਿੰਘ ਮੋਫਰ, ਰਣਜੀਤ ਕੌਰ ਭੱਟੀ ਤੇ ਡਾ.ਮੰਜੂ ਬਾਂਸਲ ਦੀ ਜਿੱਤ ਯਕੀਨੀ ਨਜ਼ਰ ਆ ਰਹੀ ਹੈ। ਮਾਨਸਾ ਤੇ ਬੁਢਲਾਡਾ ਵਿਚ ਆਪ ਦੂਜੇ ਨੰਬਰ 'ਤੇ ਚੱਲ ਰਹੀ ਹੈ, ਜਦਕਿ ਸਰਦੂਲਗੜ੍ਹ ਵਿਚ ਦੂਜੀ ਪੁਜ਼ੀਸ਼ਨ ਲਈ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਿਚ ਮੁਕਾਬਲਾ ਹੈ।

ਬਠਿੰਡਾ ਜ਼ਿਲ੍ਹੇ ਦੀਆਂ ਛੇ ਸੀਟਾਂ ਹਨ- ਬਠਿੰਡਾ ਸ਼ਹਿਰੀ ਅਤੇ ਭੁੱਚੋ ਮੰਡੀ ਹਲਕਿਆਂ ਵਿਚ ਕਾਂਗਰਸ ਦੇ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਅਤੇ ਅਜੈਬ ਸਿੰਘ ਭੱਟੀ ਅੱਗੇ ਚੱਲ ਰਹੇ ਹਨ। ਜਦਕਿ ਰਾਮਪੁਰਾ ਫੂਲ, ਮੌੜ ਅਤੇ ਤਲਵੰਡੀ ਸਾਬੋ ਹਲਕਿਆਂ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵਿਚਕਾਰ ਸਖ਼ਤ ਟੱਕਰ ਹੈ। ਰਾਮਪੁਰਾ ਫੂਲ 'ਚ ਕਾਂਗਰਸ ਦੇ ਗੁਰਪ੍ਰੀਤ ਸਿੰਘ ਕਾਂਗੜ ਅਤੇ ਆਪ ਦੇ ਮਨਜੀਤ ਸਿੰਘ ਸਿੱਧੂ, ਤਲਵੰਡੀ ਸਾਬੋ 'ਚ ਆਪ ਦੀ ਪ੍ਰੋ. ਬਲਜਿੰਦਰ ਕੌਰ ਤੇ ਕਾਂਗਰਸ ਦੇ ਖੁਸ਼ਬਾਗ ਸਿੰਘ ਜਟਾਣਾ ਅਤੇ ਮੌੜ ਹਲਕੇ ਵਿਚ ਕਾਂਗਰਸ ਦੇ ਹਰਮਿੰਦਰ ਸਿੰਘ ਜੱਸੀ, ਆਪ ਦੇ ਜਗਦੇਵ ਸਿੰਘ ਕਮਾਲੂ ਅਤੇ ਅਕਾਲੀ ਦਲ ਦੇ ਜਨਮੇਜਾ ਸਿੰਘ ਸੇਖੋਂ ਵਿਚਕਾਰ ਸਖ਼ਤ ਟੱਕਰ ਹੈ। ਜੇਕਰ ਸੱਚਾ ਸੌਦਾ ਡੇਰੇ ਦਾ ਫੈਕਟਰ ਚੱਲ ਗਿਆ, ਤਾਂ ਜੱਸੀ ਇਥੋਂ ਮਜ਼ਬੂਤ ਉਮੀਦਵਾਰ ਬਣ ਸਕਦੇ ਹਨ। ਬਠਿੰਡਾ ਦਿਹਾਤੀ ਵਿਚ 'ਆਪ' ਦੀ ਰੁਪਿੰਦਰ ਕੌਰ ਰੂਬੀ ਤੇ ਕਾਂਗਰਸ ਦੇ ਹਰਵਿੰਦਰ ਸਿੰਘ ਲਾਡੀ ਵਿਚਕਾਰ ਸਖ਼ਤ ਟੱਕਰ ਹੈ ਪਰ ਫਿਰ ਵੀ ਰੂਬੀ ਦੇ ਹੱਕ ਵਿਚ ਹਵਾ ਹੈ।



ਮੇਜਰ ਸਿੰਘ

ਬਰਨਾਲਾ ਜਿਲ੍ਹੇ ਦੀਆਂ ਤਿੰਨ ਸੀਟਾਂ ਹਨ-ਬਰਨਾਲਾ, ਮਹਿਲ ਕਲਾਂ (ਐਸ.ਸੀ.) ਤੇ ਭਦੌੜ (ਐਸ.ਸੀ.)। ਭਦੌੜ ਤੋਂ ਕਾਂਗਰਸ ਦੇ ਜੋਗਿੰਦਰ ਸਿੰਘ ਪੰਜਗਰਾਈਂ 'ਆਪ' ਦੇ ਪਰਮਿਲ ਸਿੰਘ ਤੋਂ ਜ਼ਰਾ ਪਿਛੇ ਚੱਲ ਰਹੇ ਹਨ। ਮਹਿਲ ਕਲਾਂ ਤੋਂ ਕਾਂਗਰਸ ਦੀ ਹਰਚੰਦ ਕੌਰ 'ਆਪ' ਦੇ ਕੁਲਵੰਤ ਸਿੰਘ ਪੰਡੋਰੀ ਤੋਂ ਪਿਛੇ ਚੱਲ ਰਹੀ ਹੈ। ਬਰਨਾਲਾ ਵਿਚ ਕਾਂਗਰਸ ਦੇ ਕੇਵਲ ਸਿੰਘ ਢਿਲੋਂ ਤੇ 'ਆਪ' ਮੀਤ ਹੇਅਰ ਵਿਚਾਲੇ ਕਾਂਟੇ ਦੀ ਟੱਕਰ ਹੈ।

ਸੰਗਰੂਰ ਜ਼ਿਲ੍ਹੇ ਦੀਆਂ ਸੱਤ ਸੀਟਾਂ ਹਨ-ਲਹਿਰਾਗਾਗਾ, ਦਿੜ੍ਹਬਾ (ਐਸ.ਸੀ.), ਮਾਲੇਰਕੋਟਲਾ, ਧੂਰੀ, ਸੰਗਰੂਰ, ਸੁਨਾਮ ਤੇ ਅਮਰਗੜ੍ਹ। ਸੰਗਰੂਰ ਹਲਕੇ 'ਚ 4 ਥਾਵਾਂ 'ਤੇ ਕਾਂਗਰਸ ਉਮੀਦਵਾਰਾਂ ਦਾ ਹੱਥ ਉਪਰ ਨਜ਼ਰ ਆਉਂਦਾ ਹੈ। ਸੰਗਰੂਰ ਤੋਂ ਵਿਜੈਇੰਦਰ ਸਿੰਗਲਾ, ਲਹਿਰਾਗਾਗਾ ਤੋਂ ਰਜਿੰਦਰ ਕੌਰ ਭੱਠਲ, ਦਿੜ੍ਹਬਾ ਤੋਂ ਅਜਾਇਬ ਸਿੰਘ ਰਟੌਲ ਅਤੇ ਮਾਲੇਰਕੋਟਲਾ ਤੋਂ ਰਜ਼ੀਆ ਸੁਲਤਾਨਾ ਮਜ਼ਬੂਤ ਉਮੀਦਵਾਰਾਂ ਵਜੋਂ ਉਭਰ ਰਹੇ ਹਨ। ਸੁਨਾਮ ਹਲਕੇ ਵਿਚ 'ਆਪ' ਦੇ ਅਮਨ ਅਰੋੜਾ, ਕਾਂਗਰਸ ਦੀ ਦਮਨ ਬਾਜਵਾ ਵਿਚਕਾਰ ਸਖ਼ਤ ਟੱਕਰ ਹੈ। ਇਥੇ ਅਮਨ ਅਰੋੜਾ ਦੇ ਨਜ਼ਦੀਕੀ ਰਿਸ਼ਤੇਦਾਰ ਰਾਜਿੰਦਰ ਦੀਪਾ ਵੀ ਆਜ਼ਾਦ ਉਮੀਦਵਾਰ ਵਜੋਂ ਖੜ੍ਹੇ ਹਨ, ਜੋ ਉਨ੍ਹਾਂ ਦੀ ਖੇਡ ਵੀ ਖਰਾਬ ਕਰ ਸਕਦੇ ਹਨ। ਅਮਰਗੜ੍ਹ ਹਲਕੇ ਵਿਚ ਆਪ ਦੇ ਉਮੀਦਵਾਰ ਜਸਵੰਤ ਸਿੰਘ ਦਾ ਪਲੜਾ ਭਾਰੀ ਹੈ, ਜਦਕਿ ਧੂਰੀ ਤੋਂ ਕਾਂਗਰਸ ਦੇ ਦਲਬੀਰ ਸਿੰਘ ਗੋਲਡੀ ਅਤੇ 'ਆਪ' ਦੇ ਜਸਬੀਰ ਸਿੰਘ ਜੱਸੀ ਸੇਖੋਂ ਵਿਚਕਾਰ ਸਖ਼ਤ ਮੁਕਾਬਲਾ ਹੈ।

ਪਟਿਆਲਾ ਜ਼ਿਲ੍ਹੇ ਦੀਆਂ 8 ਸੀਟਾਂ ਹਨ-ਨਾਭਾ (ਐਸ.ਸੀ.), ਪਟਿਆਲਾ ਦੇਹਾਤੀ, ਰਾਜਪੁਰਾ, ਘਨੌਰ, ਪਟਿਆਲਾ, ਸ਼ੁਤਰਾਣਾ (ਐਸ.ਸੀ.), ਸਮਾਨਾ ਤੇ ਸਨੌਰ। ਇਨ੍ਹਾਂ ਵਿਚੋਂ ਸਨੌਰ ਵਿਚ ਕਾਂਗਰਸ ਦੇ ਹਰਿੰਦਰ ਸਿੰਘ ਮਾਨ ਤੇ 'ਆਪ' ਦੀ ਕੁਲਦੀਪ ਕੌਰ ਟੌਹੜਾ ਵਿਚਾਲੇ ਸਖ਼ਤ ਟੱਕਰ ਹੈ। ਇਥੋਂ ਅਕਾਲੀ ਦਲ ਦੇ ਉਮੀਦਵਾਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਪੁੱਤਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਦੀ ਹਾਲਤ ਬਹੁਤ ਪਤਲੀ ਹੈ। ਪਟਿਆਲਾ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਜਿੱਤ ਯਕੀਨੀ ਹੈ। ਨਾਭਾ ਤੋਂ ਕਾਂਗਰਸ ਦੇ ਸਾਧੂ ਸਿੰਘ ਧਰਮਸੋਤ ਤੇ 'ਆਪ' ਦੇ ਦੇਵਮਾਨ 'ਤੇ ਭਾਰੂ ਹਨ। ਪਟਿਆਲਾ ਦਿਹਾਤੀ ਤੋਂ ਕਾਂਗਰਸ ਦੇ ਬ੍ਰਹਮ ਮਹਿੰਦਰਾ ਤੇ 'ਆਪ' ਦੇ ਕਰਨਬੀਰ ਸਿੰਘ ਟਿਵਾਣਾ 'ਚ ਕਾਂਟੇ ਦੀ ਟੱਕਰ ਹੈ। ਰਾਜਪੁਰਾ ਤੋਂ ਕਾਂਗਰਸ ਦੇ ਹਰਦਿਆਲ ਸਿੰਘ ਕੰਬੋਜ, 'ਆਪ' ਦੇ ਆਸ਼ੁਤੋਸ਼ ਜੋਸ਼ੀ ਤੋਂ ਕਾਫੀ ਅੱਗੇ ਹਨ। ਘਨੌਰ ਤੋਂ ਕਾਂਗਰਸ ਦੇ ਮਦਨ ਲਾਲ ਜਲਾਲਪੁਰ ਤੇ 'ਆਪ' ਦੀ ਅਨੂ ਰੰਧਾਵਾ, ਸ਼ੁਤਰਾਣਾ (ਐਸ.ਸੀ.) ਤੋਂ ਕਾਂਗਰਸ ਦੇ ਨਿਰਮਲ ਸਿੰਘ ਤੇ 'ਆਪ' ਦੀ ਬਲਵਿੰਦਰ ਕੌਰ ਵਿਚਾਲੇ ਸਖ਼ਤ ਟੱਕਰ ਹੈ ਪਰ ਇਨ੍ਹਾਂ ਸੀਟਾਂ 'ਤੇ ਕਾਂਗਰਸ ਦਾ ਜ਼ਿਆਦਾ ਜ਼ੋਰ ਹੈ।

ਮੁਹਾਲੀ ਤੋਂ ਤਿੰਨ ਸੀਟਾਂ ਖਰੜ, ਮੁਹਾਲੀ ਤੇ ਡੇਰਾਬੱਸੀ ਹਨ- ਜਿਨ੍ਹਾਂ ਵਿਚੋਂ ਖਰੜ ਤੋਂ ਕਾਂਗਰਸ ਦੇ ਜਗਮੋਹਨ ਸਿੰਘ ਕੰਗ 'ਆਪ' ਦੇ ਕੰਵਰ ਸੰਧੂ ਤੋਂ ਅੱਗੇ ਹਨ। ਮੁਹਾਲੀ ਤੋਂ ਕਾਂਗਰਸ ਦੇ ਬਲਬੀਰ ਸਿੰਘ ਸਿੱਧੂ ਦੀ 'ਆਪ' ਦੇ ਨਰਿੰਦਰ ਸ਼ੇਰਗਿੱਲ ਨਾਲੋਂ ਜਿੱਤ ਯਕੀਨੀ ਹੈ। ਡੇਰਾਬੱਸੀ ਤੋਂ ਕਾਂਗਰਸ ਦੇ ਦੀਪਇੰਦਰ ਸਿੰਘ 'ਆਪ' ਦੀ ਸਰਬਜੀਤ ਕੌਰ ਨਾਲੋਂ ਜਿੱਤ ਦੇ ਜ਼ਿਆਦਾ ਨੇੜੇ ਹਨ।

ਰੂਪਨਗਰ ਜ਼ਿਲ੍ਹੇ ਦੀਆਂ ਤਿੰਨ ਸੀਟਾਂ ਹਨ ਸ੍ਰੀ ਆਨੰਦਪੁਰ ਸਾਹਿਬ,, ਰੂਪਨਗਰ, ਚਮਕੌਰ ਸਾਹਿਬ। ਇਨ੍ਹਾਂ ਵਿਚੋਂ ਆਨੰਦਪੁਰ ਸਾਹਿਬ ਤੋਂ ਕਾਂਗਰਸ ਦੇ ਰਾਣਾ ਕੰਵਰ ਪਾਲ ਸਿੰਘ 'ਆਪ' ਦੇ ਡਾ. ਸੰਜੀਵ ਗੌਤਮ ਨਾਲੋਂ ਅੱਗੇ ਹਨ। ਰੂਪਨਗਰ ਤੋਂ ਕਾਂਗਰਸ ਦੇ ਵਰਿੰਦਰ ਸਿੰਘ 'ਆਪ' ਦੇ ਅਮਰਜੀਤ ਸਿੰਘ ਸੰਧਵਾ ਤੇ ਚਮਕੌਰ ਸਾਹਿਬ ਤੋਂ ਕਾਂਗਰਸ ਦੇ ਚਰਨਜੀਤ ਸਿੰਘ ਚੰਨੀ 'ਆਪ' ਦੇ ਡਾ. ਚਰਨਜੀਤ ਸਿੰਘ ਨਾਲੋਂ ਅੱਗੇ ਹਨ।

ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੀਆਂ ਤਿੰਨ ਸੀਟਾਂ ਬੱਸੀ ਪਠਾਣਾ (ਐਸ.ਸੀ.) ਤੋਂ ਕਾਂਗਰਸ ਦੇ ਗੁਰਪ੍ਰੀਤ ਸਿੰਘ ਜੀਪੀ. 'ਆਪ' ਦੇ ਸੰਤੋਖ ਸਿੰਘ ਸਲਾਨਾ, ਫਤਹਿਗੜ੍ਹ ਸਾਹਿਬ ਤੋਂ ਕਾਂਗਰਸ ਦੇ ਕੁਲਜੀਤ ਸਿੰਘ ਨਾਗਰਾ, 'ਆਪ' ਦੇ ਲਖਬੀਰ ਸਿੰਘ ਰਾਏ ਅਤੇ ਅਮਲੋਹ ਤੋਂ ਕਾਂਗਰਸ ਦੇ ਰਣਦੀਪ ਸਿੰਘ ਨਾਭਾ, 'ਆਪ' ਦੇ ਗੁਰਪ੍ਰੀਤ ਸਿੰਘ ਭੱਟੀ ਨੂੰ ਸਖ਼ਤ ਟੱਕਰ ਦੇ ਰਹੇ ਹਨ।

ਲੁਧਿਆਣਾ ਜ਼ਿਲ੍ਹੇ ਵਿਚ 14 ਸੀਟਾਂ ਹਨ- ਖੰਨਾ, ਲੁਧਿਆਣਾ ਕੇਂਦਰੀ, ਲੁਧਿਆਣਾ, ਗਿੱਲ (ਐਸ.ਸੀ.), ਪਾਇਲ (ਐਸ.ਸੀ.), ਰਾਏਕੋਟ (ਐਸ.ਸੀ.), ਦਾਖਾ, ਜਗਰਾਓਂ, ਲੁਧਿਆਣਾ ਪੂਰਬੀ, ਲੁਧਿਆਣਾ ਉਤਰੀ, ਲੁਧਿਆਣਾ ਦੱਖਣੀ, ਸਾਹਨੇਵਾਲ, ਆਤਮ ਨਗਰ ਤੇ ਸਮਰਾਲਾ। ਲੁਧਿਆਣਾ ਜ਼ਿਲ੍ਹੇ 'ਚ 5 ਹਲਕਿਆਂ ਵਿਚ ਕਾਂਗਰਸ, 4 ਹਲਕਿਆਂ ਵਿਚ ਆਮ ਆਦਮੀ ਪਾਰਟੀ, 2 ਹਲਕਿਆਂ ਵਿਚ ਬੈਂਸ ਭਰਾ ਅਤੇ 2 ਹੋਰ ਹਲਕਿਆਂ ਵਿਚ ਅਕਾਲੀ ਦਲ ਦੇ ਉਮੀਦਵਾਰ ਅੱਗੇ ਚੱਲ ਰਹੇ ਹਨ। ਜਦਕਿ ਸਾਹਨੇਵਾਲ ਹਲਕੇ ਵਿਚ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਕਾਂਟੇ ਦੀ ਟੱਕਰ ਹੈ। ਇਸ ਜ਼ਿਲ੍ਹੇ ਵਿਚ ਜਗਰਾਉਂ, ਰਾਏਕੋਟ, ਸਮਰਾਲਾ, ਮੁੱਲਾਂਪੁਰ ਦਾਖਾ ਹਲਕਿਆਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸਰਬਜੀਤ ਕੌਰ ਮਾਣੂੰਕੇ, ਜਗਤਾਰ ਸਿੰਘ ਜੋਗਾ, ਸਰਬੰਸ ਸਿੰਘ ਮਾਣੀ ਅਤੇ ਐੱਚ.ਐੱਸ. ਫੂਲਕਾ ਅੱਗੇ ਚੱਲਦੇ ਨਜ਼ਰ ਆ ਰਹੇ ਹਨ। ਜਦਕਿ ਸ਼ਹਿਰੀ ਖੇਤਰ ਵਿਚ ਆਪ ਦੇ ਹਮਾਇਤੀ ਲੋਕ ਇਨਸਾਫ ਪਾਰਟੀ ਦੇ ਬਲਵਿੰਦਰ ਸਿੰਘ ਬੈਂਸ ਅਤੇ ਸਿਮਰਜੀਤ ਸਿੰਘ ਬੈਂਸ ਕ੍ਰਮਵਾਰ ਲੁਧਿਆਣਾ ਦੱਖਣੀ ਅਤੇ ਆਤਮ ਨਗਰ ਤੋਂ ਮਜ਼ਬੂਤ ਉਮੀਦਵਾਰ ਹਨ। ਪਰ ਸ਼ਹਿਰੀ ਖੇਤਰ ਵਿਚ ਹਿੰਦੂ ਵਸੋਂ ਵਿਚ ਹੋ ਰਹੀ ਕਤਾਰਬੰਦੀ ਇਨ੍ਹਾਂ ਹਲਕਿਆਂ ਦੇ ਚੋਣ ਨਤੀਜੇ ਨੂੰ ਪੁੱਠਾ ਗੇੜ ਵੀ ਦੇ ਸਕਦੀ ਹੈ। ਇਸ ਤੋਂ ਇਲਾਵਾ ਖੰਨਾ ਤੋਂ ਕਾਂਗਰਸ ਦੇ ਗੁਰਕੀਰਤ ਸਿੰਘ ਕੋਟਲੀ, ਪਾਇਲ ਤੋਂ ਲਖਵੀਰ ਸਿੰਘ ਲੱਖਾ, ਲੁਧਿਆਣਾ ਕੇਂਦਰੀ ਤੋਂ ਸੁਰਿੰਦਰ ਡਾਵਰ, ਲੁਧਿਆਣਾ ਪੂਰਬੀ ਤੋਂ ਸੰਜੀਵ ਤਲਵਾੜ, ਲੁਧਿਆਣਾ ਉੱਤਰੀ ਤੋਂ ਰਾਕੇਸ਼ ਪਾਂਡੇ ਮਜ਼ਬੂਤ ਉਮੀਦਵਾਰ ਵਜੋਂ ਸਾਹਮਣੇ ਆ ਰਹੇ ਹਨ। ਹਲਕਾ ਸਾਹਨੇਵਾਲ ਤੋਂ ਕਾਂਗਰਸ ਦੀ ਸਤਵਿੰਦਰ ਕੌਰ ਬਿੱਟੀ, ਅਕਾਲੀ ਦਲ ਦੇ ਸ਼ਰਨਜੀਤ ਸਿੰਘ ਢਿੱਲੋਂ ਅਤੇ ਆਪ ਦੇ ਹਰਜੋਤ ਸਿੰਘ ਬੈਂਸ ਵਿਚਕਾਰ ਸਖ਼ਤ ਮੁਕਾਬਲਾ ਹੈ। ਹਲਕਾ ਗਿੱਲ 'ਚ ਅਕਾਲੀ ਦਲ ਦੇ ਦਰਸ਼ਨ ਸਿੰਘ ਸ਼ਿਵਾਲਿਕ ਅਤੇ ਲੁਧਿਆਣਾ ਦੱਖਣੀ 'ਚ ਅਕਾਲੀ ਦਲ ਦੇ ਢਿੱਲੋਂ ਅੱਗੇ ਚੱਲ ਰਹੇ ਹਨ।

ਜਲੰਧਰ ਜ਼ਿਲ੍ਹੇ ਦੀਆਂ 9 ਸੀਟਾਂ ਹਨ ਜਿਨ੍ਹਾਂ ਵਿਚੋਂ ਨਕੋਦਰ ਤੋਂ ਅਕਾਲੀ ਦਲ ਦੇ ਉਮੀਦਵਾਰ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸ਼ਾਹਕੋਟ ਤੋਂ ਅਕਾਲੀ ਦਲ ਦੇ ਸ. ਅਜੀਤ ਸਿੰਘ ਕੋਹਾੜ ਜਿੱਤ ਸਕਦੇ ਹਨ। ਜਦਕਿ ਜਲੰਧਰ ਪੱਛਮੀ 'ਚ ਕਾਂਗਰਸ ਦੇ ਸੁਸ਼ੀਲ ਰਿੰਕੂ, 'ਆਪ' ਦੇ ਦਰਸ਼ਨ ਲਾਲ ਭਗਤ, ਭਾਜਪਾ ਦੇ ਮਹਿੰਦਰ ਭਗਤ ਵਿਚਕਾਰ ਸਖ਼ਤ ਮੁਕਾਬਲਾ ਹੈ। ਇਥੇ ਕਾਂਗਰਸ ਦਾ ਬਾਗੀ ਉਮੀਦਵਾਰ ਸੁਸ਼ੀਲ ਰਿੰਕੂ ਲਈ ਮੁਸੀਬਤ ਬਣ ਸਕਦਾ ਹੈ। ਬਾਕੀ ਜਲੰਧਰ ਉਤਰੀ ਤੋਂ ਕਾਂਗਰਸ ਦੇ ਅਵਤਾਰ ਸਿੰਘ ਸੰਘੇੜਾ ਜੂਨੀਅਰ ਹੈਨਰੀ, 'ਆਪ' ਦੇ ਗੁਲਸ਼ਨ ਸ਼ਰਮਾ, ਜਲੰਧਰ (ਸੈਂਟਰਲ) ਤੋਂ ਕਾਂਗਰਸ ਦੇ ਰਜਿੰਦਰ ਬੇਰੀ, 'ਆਪ' ਦੇ ਡਾ. ਸੰਜੀਵ ਕੁਮਾਰ ਸ਼ਰਮਾ, ਜਲੰਧਰ ਕੈਂਟ ਤੋਂ ਕਾਂਗਰਸ ਦੇ ਪ੍ਰਗਟ ਸਿੰਘ, 'ਆਪ' ਦੇ ਐਚ.ਐਸ.ਵਾਲੀਆ, ਆਦਮਪੁਰ ਤੋਂ ਕਾਂਗਰਸ ਦੇ ਮਹਿੰਦਰ ਕੇ.ਪੀ., 'ਆਪ' ਦੇ ਹੰਸ ਰਾਜ ਰਾਣਾ, ਫਿਲੌਰ ਤੋਂ ਕਾਂਗਰਸ ਦੇ ਬਿਕਰਮ ਜੀਤ ਸਿੰਘ ਚੌਧਰੀ, 'ਆਪ' ਦੇ ਸਰੂਪ ਸਿੰਘ ਕੜਿਆਣਾ, ਕਰਤਾਪੁਰ (ਐਸ.ਸੀ.) ਤੋਂ ਕਾਂਗਰਸ ਦੇ ਚੌਧਰੀ ਸੁਰਿੰਦਰ ਸਿੰਘ, 'ਆਪ' ਦੇ ਚੰਦਨ ਗਰੇਵਾਲ ਤੋਂ ਮਜ਼ਬੂਤ ਸਥਿਤੀ ਵਿਚ ਹਨ।

ਹੁਸ਼ਿਆਰਪੁਰ ਜ਼ਿਲ੍ਹੇ ਦੀਆਂ 7 ਸੀਟਾਂ ਵਿਚ 'ਆਪ' ਦੀ ਪੁਜ਼ੀਸ਼ਨ ਮਜ਼ਬੂਤ ਹੈ। ਹੁਸ਼ਿਆਰਪੁਰ ਤੋਂ ਭਾਜਪਾ ਦੇ ਤੀਕਸ਼ਣ ਸੂਦ ਸੀਟ ਜਿੱਤ ਸਕਦੇ ਹਨ। ਇਥੇ ਮੁਕੇਰੀਆਂ ਤੋਂ ਕਾਂਗਰਸ ਦੇ ਰਜਨੀਸ਼ ਕੁਮਾਰ, ਉੜਮੜ ਤੋਂ ਕਾਂਗਰਸ ਦੇ ਸੰਗਤ ਸਿੰਘ ਗਿਲਜੀਆਂ, ਚੱਬੇਵਾਲ (ਐਸ.ਸੀ.) ਤੋਂ ਕਾਂਗਰਸ ਦੇ ਡਾ. ਰਾਜਕੁਮਾਰ ਅਤੇ ਦਸੂਹਾ ਤੋਂ ਕਾਂਗਰਸ ਦੇ ਅਰੁਣ ਡੋਗਰਾ ਜਿੱਤ ਦੇ ਵਧੇਰੇ ਨੇੜੇ ਹਨ। ਜਦਕਿ ਇਨ੍ਹਾਂ ਦੇ ਮੁਕਾਬਲੇ 'ਚ 'ਆਪ' ਦੇ ਉਮੀਦਵਾਰ ਪਿਛੇ ਚੱਲ ਰਹੇ ਹਨ। ਗੜ੍ਹਸ਼ੰਕਰ ਤੋਂ ਕਾਂਗਰਸ ਦੇ ਲਵ ਕੁਮਾਰ ਗੋਲਡੀ ਤੇ 'ਆਪ' ਦੇ ਜੈ ਕਿਸ਼ਨ ਰੌੜੀ, ਸ਼ਾਮ ਚੁਰਾਸੀ ਤੋਂ ਕਾਂਗਰਸ ਦੇ ਪਵਨ ਆਦੀਆ ਤੇ 'ਆਪ' ਦੇ ਡਾ. ਰਣਜੋਤ ਵਿਚਾਲੇ ਸਖ਼ਤ ਮੁਕਾਬਲਾ ਹੈ। ਤਰਨਤਾਰਨ ਜ਼ਿਲ੍ਹੇ ਦੀਆਂ 4 ਸੀਟਾਂ ਵਿਚ ਤਰਨਤਾਰਨ ਤੋਂ ਕਾਂਗਰਸ ਦੇ ਧਰਮਵੀਰ ਅਗਨੀਹੋਤਰੀ 'ਆਪ' ਦੇ ਕਰਤਾਰ ਸਿੰਘ ਪਹਿਲਵਾਨ, ਪੱਟੀ ਤੋਂ ਕਾਂਗਰਸ ਦੇ ਹਰਮਿੰਦਰ ਸਿੰਘ ਗਿੱਲ ਦੇ ਰਣਜੀਤ ਸਿੰਘ ਚੀਮਾ,

**ਬਾਕੀ ਸ਼ਫਾ 32 'ਤੇ**

## ਸੰਭਾਵੀ ਚੋਣ ਨਤੀਜਿਆਂ ਮੁਤਾਬਕ ਪਾਰਟੀਆਂ ਦੀ ਪੁਜ਼ੀਸ਼ਨ

**• ਕਾਂਗਰਸ 65 ਸੀਟਾਂ ਉੱਤੇ ਅੱਗੇ • ਆਪ ਵਲੋਂ 25 ਤੋਂ ਵੱਧ ਸੀਟਾਂ ਜਿੱਤਣੀਆਂ ਪੱਕੀਆਂ**
**• ਅਕਾਲੀ ਦਲ ਦੀ 15 ਸੀਟਾਂ ਉੱਤੇ ਤਕੜੀ ਪਕੜ • ਭਾਜਪਾ ਦੀਆਂ 2-3 ਸੀਟਾਂ ਪੱਕੀਆਂ**

ਇਹ ਸੰਕੇਤ ਤਾਂ ਵੋਟਾਂ ਪੈਣ ਤੋਂ 4 ਦਿਨ ਪਹਿਲਾਂ ਦੇ ਹਨ। ਆਉਣ ਵਾਲੇ ਦਿਨਾਂ ਦੌਰਾਨ ਸਾਰੀਆਂ ਪਾਰਟੀਆਂ ਆਪਣੀ ਪੁਜੀਸ਼ਨ ਹੋਰ ਮਜ਼ਬੂਤ ਕਰਨ ਅਤੇ ਅਪਣੇ ਵੱਧ ਤੋਂ ਵੱਧ ਉਮੀਦਵਾਰਾਂ ਨੂੰ ਜਿਤਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੀਆਂ। 'ਇਸ ਤੋਂ ਇਲਾਵਾ ਪੈਸੇ ਅਤੇ ਤਾਕਤ ਦੇ ਨਾਲ ਨਾਲ ਕਈ ਹੋਰ ਢੰਗ ਤਰੀਕ ਅਪਣਾਉਣ ਨਾਲ ਸਾਰੇ ਤਵਾਜ਼ਨ ਵਿਗੜ ਜਾਣ ਨਾਲ 'ਝਾੜੂ', ਹੱਥ' ਅਤੇ 'ਤਕੜੀ' ਵਿਚੋਂ ਕੌਣ ਬਾਜ਼ੀ ਮਾਰਦਾ ਹੈ... ਅਸਲ ਤਸਵੀਰ ਤਾਂ ਚੋਣ ਸਰਵੇਖਣਾਂ ਰਾਹੀਂ ਨਹੀਂ ਬਲਕਿ 11 ਮਾਰਚ ਨੂੰ ਵੋਟ ਬਕਸੇ ਖੁਲ੍ਹ ਕੇ ਗਿਣਤੀ ਹੋਣ ਬਾਅਦ ਸਾਹਮਣੇ ਆ ਸਕੇਗੀ।

ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.




# ਚੋਣ ਸਰਗਰਮੀਆਂ ਦੇਖਣੀਆਂ ਨੇ, ਚੱਲੋ ਆਓ ਫੇਰ ਪੰਜਾਬ ਦੀ ਗੇੜੀ ਮਾਰੀਏ

**ਸਫ਼ਾ ਇਕ ਦਾ ਬਾਕੀ**

*ਮੈਂ ਤੇ ਮੇਰੇ ਨਾਲ ਦੇ 7-8 ਪਰਿਵਾਰ ਕੱਟੜ ਅਕਾਲੀ ਰਹੇ ਨੇ ਤੇ ਹਰ ਵਾਰ ਅਕਾਲੀਆਂ ਨੂੰ ਹੀ ਵੋਟ ਪਾਈ ਦੀ ਸੀ, ਤੇ ਹੁਣ ਸਿਰਫ਼ 'ਆਪ' ਨੂੰ ਵੋਟ ਪਾਵਾਂਗੇ। ਉਨ੍ਹਾਂ ਮੁਤਾਬਕ ਇਥੋਂ 5500 ਵੋਟ ਵਿਚੋਂ 4 ਹਜ਼ਾਰ ਦੇ ਕਰੀਬ 'ਆਪ' ਨੂੰ ਹੀ ਵੋਟ ਪਏਗੀ। ਅਕਾਲੀਆਂ ਖ਼ਿਲਾਫ਼ ਰੋਸੇ ਦਾ ਕਾਰਨ ਪੁਛਿਆ ਤਾਂ ਉਹ ਪੂਰੇ ਰੋਹ ਵਿਚ ਆ ਗਏ-"ਇਨ੍ਹਾਂ ਅਕਾਲੀਆਂ ਨੇ ਕੀਤਾ ਕੀ ਹੈ? ਥਾਂ-ਥਾਂ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਨੇ। ਅਕਾਲੀਆਂ ਤੋਂ ਕੋਈ ਫੜਿਆ ਤਕ ਨਹੀਂ ਜਾਂਦਾ। ਵਿਕਾਸ ਇਨ੍ਹਾਂ ਨੇ ਕੋਈ ਕੀਤਾ ਨਹੀਂ, ਬੱਸ ਆਪਣੇ ਢਿੱਡਾਂ ਦਾ ਹੀ ਵਿਕਾਸ ਕਰਨ 'ਤੇ ਰਹੇ।" ਕਿੱਕਰ ਸਿੰਘ ਕਾਂਗਰਸ ਤੋਂ ਵੀ ਓਨੇ ਹੀ ਨਾਰਾਜ਼ ਨਜ਼ਰ ਆਏ। ਸੋ, ਉਹ ਪੂਰੀ ਤਰ੍ਹਾਂ 'ਆਪ' ਦੇ ਨਾਲ ਹਨ।*

ਅੱਗੇ ਲੰਘਦਿਆਂ ਇਕ ਘਰ ਵਿਚੋਂ ਜਵਾਕਾਂ ਦੀ ਟੋਲੀ ਸਿਰਾਂ 'ਤੇ 'ਆਪ' ਦੀਆਂ ਟੋਪੀਆਂ ਸਜਾਈ, ਝੰਡੀਆਂ ਚੁੱਕੀ ਹੋਕਾ ਦੇ ਰਹੀ ਹੈ-ਕੇਜਰੀਵਾਲ ਕੇਜਰੀਵਾਲ, ਸਾਰਾ ਪੰਜਾਬ ਤੇਰੇ ਨਾਲ। ਇੱਥੇ ਨਾਲ ਹੀ ਕੁਝ ਲੋਕਾਂ ਦੀ ਢਾਣੀ ਖੜ੍ਹੀ ਹੈ। ਤੇਜ਼ਧਾਰ ਮੀਂਹ ਪੈ ਕੇ ਹਟਿਆ ਹੈ ਤੇ ਠੰਢ ਕਾਰਨ ਆਪਣੀਆਂ ਲੋਈਆਂ ਵਿਚ ਕੁੰਗੜੇ, ਸਿਆਸਤ ਦੀ ਗਰਮਾਹਟ ਲੈ ਰਹੇ ਹਨ। ਮਹਿਮਾ ਸਿੰਘ, ਰਾਜ ਸਿੰਘ, ਅਵਤਾਰ ਸਿੰਘ ਪਹਿਲਾਂ ਸਾਡੇ ਮੂੰਹਾਂ ਵੱਲ ਤੱਕਦੇ ਨੇ ਕਿ ਅਸੀਂ ਕਿਸੇ ਪਾਰਟੀ ਤੋਂ ਤਾਂ ਨਹੀਂ। ਥੋੜ੍ਹੀ ਜਿਹੀ ਤਸੱਲੀ ਹੋਣ 'ਤੇ ਹੌਲੀ ਹੌਲੀ ਖੁੱਲ੍ਹਦੇ ਹਨ-'ਦੇਖੋ ਜੀ! ਇੱਥੇ ਤਾਂ 'ਆਪ' ਵਾਲਿਆਂ ਦਾ ਜ਼ੋਰ ਹੈ। ਉਂ ਮਾੜਾ-ਮੋਟਾ ਕਾਂਗਰਸ ਨਾਲ ਵੀ ਲੋਕ ਤੁਰ ਰਹੇ ਨੇ। ਮੁਕਾਬਲਾ ਸਿਰਫ਼ ਤੇ ਸਿਰਫ਼ ਕਾਂਗਰਸ ਤੇ 'ਆਪ' ਵਾਲਿਆਂ ਦਾ ਹੈ ਤੇ ਅਕਾਲੀਆਂ ਦੇ ਲੋਕ ਬਹੁਤ ਖ਼ਿਲਾਫ਼ ਨੇ।' ਕਾਰਨ ਪੁਛਣ 'ਤੇ ਉਹ ਦੱਸਦੇ ਹਨ-"ਕਾਰਨ ਤਾਂ ਦੇਖੋ ਜੀ ਸਭ ਨੂੰ ਨਜ਼ਰ ਆ ਰਿਹੈ...ਨਾ ਤਾਂ ਇਥੇ ਕੋਈ ਵਿਕਾਸ ਹੋਇਆ, ਗਲੀਆਂ-ਨਾਲੀਆਂ ਸਾਡੀਆਂ ਕੱਚੀਆਂ ਪਈਆਂ ਨੇ...ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਨੇ...ਜਿਊਂ ਚੋਣਾਂ ਜਿੱਤ ਕੇ ਨਿਕਲੇ, ਮੁੜ ਕੇ ਪਿੰਡਾਂ ਵੱਲ ਕਿਸੇ ਨੇ ਫੇਰਾ ਨੀਂ ਪਾਇਆ। ਕੋਈ ਲੋਕ ਭਲਾਈ ਸਕੀਮਾਂ ਸਾਡੇ ਤਕ ਨਹੀਂ ਪੁੱਜੀਆਂ।"

ਅੱਗੇ ਤੁਰਦਿਆਂ ਪਿੰਡ ਸ਼ੇਖੂਪੁਰਾ ਪੁੱਜ ਜਾਂਦੇ ਹਾਂ। ਸੰਘਣੀ ਘਟਾ ਛਾਈ ਹੋਈ ਹੈ ਤੇ ਇੱਟਾਂ ਦੇ ਬੜ੍ਹੇ 'ਤੇ ਰੱਖੇ ਗਾਡਰ 'ਤੇ ਚਾਰ-ਪੰਜ ਬਜ਼ੁਰਗ ਬੈਠੇ ਨੇ। ਅਸੀਂ ਆਪਣੀ ਗੱਡੀ ਉਨ੍ਹਾਂ ਕੋਲ ਰੋਕਦੇ ਹਾਂ ਤਾਂ ਡੋਰ-ਭੋਰ ਹੋ ਕੇ ਸਾਡੇ ਵੱਲ ਦੇਖਦੇ ਨੇ ਜਿਵੇਂ ਕੋਈ ਸਰਕਾਰੀ ਅਧਿਕਾਰੀ ਕੋਈ ਅੰਕੜੇ ਲੈਣ ਆਏ ਹੋਣ। ਚੋਣਾਂ ਦਾ ਹਾਲ-ਚਾਲ ਪੁਛਦੇ ਹਾਂ ਤਾਂ ਬੱਸ ਠੀਕ ਐ ਜੀ...ਬੱਸ ਠੀਕ ਐ ਜੀ...'ਆਪ' ਦੀ ਚੜ੍ਹਤ ਐ ਜੀ...ਤੋਂ ਚੱਲੀ ਗੱਲ ਪੂਰੀ ਤਰ੍ਹਾਂ ਭੱਖ ਜਾਂਦੀ ਹੈ ਤੇ ਹੌਲੀ ਹੌਲੀ 10-15 ਹੋਰ ਨੌਜਵਾਨ ਆ ਕੇ ਸਾਨੂੰ ਘੇਰਾ ਪਾ ਲੈਂਦੇ ਨੇ ਤੇ ਇਨ੍ਹਾਂ ਵਿਚ ਬੈਠੇ ਸੋਹਣਾ ਸਿੰਘ, ਹੁਣ ਤਕ ਕਾਂਗਰਸੀ ਰਿਹਾ ਨਾਜਰ ਸਿੰਘ (80), ਦਰਸ਼ਨ ਸਿੰਘ, ਕਾਮਰੇਡ ਜਸਵੰਤ ਸਿੰਘ ਲੰਬਰਦਾਰ ਵਰਗੇ ਬਜ਼ੁਰਗ ਬੋਲਣਾ ਸ਼ੁਰੂ ਕਰਦੇ ਹਨ-"ਦੇਖੋ ਜੀ ਅਸੀਂ ਇੱਥੇ ਸਾਰੀਆਂ ਧਿਰਾਂ ਦੇ ਬੰਦੇ ਬੈਠੇ ਹਾਂ-ਆਹ ਕਾਂਗਰਸੀ ਰਿਹਾ, ਆਹ ਅਕਾਲੀ ਰਿਹਾ ਤੇ ਆਹ ਕਾਮਰੇਡ ਰਿਹਾ ਪਰ ਹੁਣ ਅਸੀਂ ਬਦਲਾਅ ਚਾਹੁੰਦੇ ਹਾਂ। ਅਕਾਲੀਆਂ ਨੇ ਸਾਰਾ ਕੁਝ ਤਬਾਹ ਕਰਕੇ ਰੱਖ ਦਿੱਤਾ। ਆ ਤੁਸੀਂ ਮਾਨਸਾ ਤੋਂ ਬਠਿੰਡਾ ਤੱਕ ਜਿੱਥੇ ਮਰਜ਼ੀ ਚਲੇ ਜਾਓ, ਭੁੱਕੀ-ਅਫ਼ੀਮ ਜਿੰਨਾ ਮਰਜ਼ੀ ਲੈ ਲਓ। ਅਖ਼ੀਰ ਵਿਚ ਤਾਂ ਚਿੱਟੇ ਨੇ ਮਾਰ ਕੀਤੀ ਹੋਈ ਹੈ। ਸ਼ਰਾਬ ਮਾਫ਼ੀਆ ਹਰ ਥਾਂ ਬੈਠੈ...ਘਰ-ਘਰ ਸ਼ਰਾਬ ਦੇ ਠੇਕੇ ਖੁੱਲ੍ਹੇ ਨੇ..."

ਅਸੀਂ ਪੁਛਦੇ ਹਾਂ ਕਿ ਮੁਕਾਬਲਾ ਕਿਹੜੀ ਧਿਰ ਵਿਚਾਲੇ ਹੈ ਜਾਂ ਹੈ ਹੀ ਨਹੀਂ। ਤਾਂ



ਉਹ ਦੱਸਦੇ ਨੇ ਕਿ ਮੁਕਾਬਲਾ ਸਿੱਧਾ ਕਾਂਗਰਸ ਤੇ 'ਆਪ' ਦਾ ਹੈ। ਕਾਂਗਰਸ ਬਾਰੇ ਪੁਛਣ 'ਤੇ ਕਾਮਰੇਡ ਜਸਵੰਤ ਸਿੰਘ ਲੰਬਰਦਾਰ ਕਹਿੰਦੇ ਨੇ- *"ਦੇਖੋ, ਕਾਂਗਰਸ ਏਨੀ ਮਾੜੀ ਨਹੀਂ ਰਹੀ ਸੀ...ਕੈਪਟਨ ਨੇ ਕਦੇ ਸਾਡਾ ਨਰਮਾ ਮੰਡੀਆਂ ਵਿਚ ਰੁਲਣ ਨਹੀਂ ਦਿੱਤਾ। ਸਹੂਲਤਾਂ ਵੀ ਸਾਡੇ ਪਿੰਡਾਂ ਤਕ ਪੁੱਜਦੀਆਂ ਰਹੀਆਂ, ਪਰ ਆਹ ਬਾਦਲਾਂ ਨੇ ਤਾਂ ਨਸ਼ੇ ਆਲੀ ਅੱਤ ਈ ਕਰਤੀ।"*

ਸ਼ੇਖੂਪੁਰਾ ਪਿੰਡ ਦੀ ਵੋਟ 3500 ਦੇ ਕਰੀਬ ਹੈ ਤੇ ਇਨ੍ਹਾਂ ਮੁਤਾਬਕ 2800 ਵੋਟ 'ਕੱਲੀ 'ਆਪ' ਨੂੰ ਹੀ ਪੈ ਜਾਣੀ ਹੈ। ਇਹ ਪੁਛਿਆਂ ਕਿ ਪਹਿਲਾਂ ਪ੍ਰੋ. ਬਲਜਿੰਦਰ ਕੌਰ ਦੀ ਮੁਹਿੰਮ ਕੁਝ ਮੱਠੀ ਸੀ, ਇਥੋਂ ਤਕ ਕਿ ਉਨ੍ਹਾਂ ਦੀ ਸੀਟ ਬਦਲਣ ਦੀਆਂ ਵੀ ਕੋਸ਼ਿਸ਼ਾਂ ਹੋਈਆਂ, ਉਨ੍ਹਾਂ ਖ਼ਿਲਾਫ਼ ਕੇਸ ਕੱਢਣ ਦੀਆਂ ਗੱਲਾਂ ਹੋਈਆਂ ਤਾਂ ਉਹ ਬੋਲੇ- *" ਦੇਖੋ ਜੀ, ਬਾਦਲਾਂ ਦਾ ਹਾਲ ਤਾਂ ਇਹੋ ਐ ਜਿਵੇਂ ਬੀਜੜਾ ਸੋਹਣਾ ਜਿਹਾ ਆਲ੍ਹਣਾ ਬਣਾਉਂਦੈ ਤੇ ਬਾਂਦਰ ਆ ਕੇ ਪੁੱਟ ਸੁਟਦੈ। ਬੜੀ ਕੋਸ਼ਿਸ਼ ਹੋਈ ਕਿ ਬੀਬੀ ਨੂੰ ਇਥੋਂ ਟਿਕਟ ਨਾ ਮਿਲੇ। ਪਹਿਲਾਂ ਲੋਕ ਡਰਦੇ ਵੀ ਬੀਬੀ ਦੇ ਨਾਲ ਨਹੀਂ ਸੀ ਤੁਰਦੇ ਕਿਉਂਕਿ ਜਿਹੜਾ ਮਾੜਾ ਜਿਹਾ ਤੁਰਦਾ ਸੀ, ਉਹਦੇ ਖ਼ਿਲਾਫ਼ ਕੋਈ ਨਾ ਕੋਈ ਪਰਚਾ ਦਰਜ ਹੋ ਜਾਂਦਾ ਸੀ। ਲੋਕ ਪਰਚਿਆਂ ਤੋਂ ਡਰਦੇ ਬਾਹਰ ਨਹੀਂ ਸੀ ਨਿਕਲਦੇ ਪਰ ਹੁਣ ਜ਼ਾਬਤਾ ਲਗਦਿਆਂ ਹੀ ਲੋਕ ਸਾਹਮਣੇ ਆਉਣੇ ਸ਼ੁਰੂ ਹੋ ਗਏ ਨੇ। ਉਂਜ ਕਾਂਗਰਸ ਦੀ ਵੀ ਹਾਲਤ ਕੋਈ ਮਾੜੀ ਨਹੀਂ...ਉਹ ਵੀ ਬਰਾਬਰ ਦੀ ਟੱਕਰ ਦੇ ਰਹੀ ਹੈ।"*

ਕੇਜਰੀਵਾਲ ਖ਼ਿਲਾਫ਼ ਬਾਹਰੀ ਹੋਣ ਦੇ ਲਗ ਰਹੇ ਇਲਜ਼ਾਮਾਂ ਬਾਰੇ ਪੁਛਦੇ ਹਾਂ ਤਾਂ ਅੱਗੋਂ ਜਵਾਬ ਆਉਂਦੈ-"ਨਾ ਭਲਾ, ਉਹ ਹਿੰਦੁਸਤਾਨ ਦੇ ਨਹੀਂ...ਜਦ ਅਸੀਂ ਵਿਦੇਸ਼ਾਂ ਵਿਚ ਜਾ ਕੇ ਮੰਤਰੀ ਬਣ ਸਕਦੇ ਆਂ ਤਾਂ ਕੋਈ ਦਿੱਲੀ ਜਾਂ ਹੋਰ ਸੂਬੇ ਦਾ ਬੰਦਾ ਪੰਜਾਬ ਵਿਚ ਕਿਉਂ ਨਹੀਂ ਆ ਸਕਦਾ। ਦਿੱਲੀ ਵੀ ਭਾਰਤ ਦਾ ਹਿੱਸਾ ਹੈ ਤੇ ਉਹ ਜਿੱਥੇ ਮਰਜ਼ੀ ਜਾ ਸਕਦਾ ਹੈ। ਨਾਲੇ ਆਪਣਿਆਂ ਨੇ ਹੀ ਤਾਂ ਪੰਜਾਬ ਤਬਾਹ ਕੀਤੈ ਤੇ ਜੇ ਬਾਹਰਲਾ ਕੋਈ ਆ ਕੇ ਸੂਬੇ ਦੀ ਖੁਸ਼ਹਾਲੀ ਦੀ ਗੱਲ ਕਰਦੈ ਤਾਂ ਉਹਨੂੰ ਵੀ ਮੌਕਾ ਮਿਲਣਾ ਚਾਹੀਦਾ ਹੈ। ਬਿਨਾਂ ਮੌਕਾ ਦਿੱਤਿਆਂ ਅਸੀਂ ਕਿਵੇਂ ਨਾ ਕਰ ਦਈਏ।"

ਇਥੇ ਹੀ ਸਾਨੂੰ ਪ੍ਰੋ. ਬਲਜਿੰਦਰ ਕੌਰ ਦੇ ਆਉਣ ਦਾ ਪਤਾ ਲਗਦਾ ਹੈ ਤੇ ਏਨੇ ਨੂੰ ਜ਼ੋਰਦਾਰ ਮੀਂਹ ਸ਼ੁਰੂ ਹੋ ਜਾਂਦਾ ਹੈ। ਸਾਨੂੰ ਮਜਬੂਰਨ ਗੱਡੀ ਵਿਚ ਬਹਿਣਾ ਪੈਂਦਾ ਹੈ। ਦਰਸ਼ਨ ਸਿੰਘ ਜੀ ਸਾਡੇ ਨਾਲ ਗੱਡੀ ਵਿਚ ਬਹਿ ਕੇ ਬੀਬੀ ਦੇ ਜਲਸੇ ਵੱਲ ਲੈ ਤੁਰਦੇ ਹਨ। ਪਿੰਡ ਦੇ ਵਿਹੜੇ ਵਾਲੇ ਪਾਸੇ ਬੀਬੀ ਨੂੰ ਤੋਲਿਆ ਜਾਣਾ ਹੈ। ਉਹ ਦੱਸਦੇ ਹਨ ਕਿ ਦਿਨ ਵਿਚ ਤਿੰਨ-ਤਿੰਨ ਵਾਰ ਬੀਬੀ ਨੂੰ ਥਾਂ-ਥਾਂ ਤੋਲਿਆ ਜਾਂਦਾ। ਭੀੜ ਚੀਰਦਿਆਂ ਬੀਬੀ ਨੂੰ ਮਿਲਦੇ ਹਾਂ ਤੇ ਪੂਰੇ ਨਿੱਘ ਨਾਲ ਬੀਬੀ ਸਵਾਗਤ ਕਰਦੀ ਹੈ। ਪੂਰੀ ਚੜ੍ਹਦੀ ਕਲਾ ਵਿਚ ਨਜ਼ਰ ਆਉਂਦੀ ਹੈ ਤੇ ਪੂਰੀ ਬੁਲੰਦ ਆਵਾਜ਼ ਵਿਚ ਲੋਕਾਂ ਨੂੰ 'ਆਪ' ਦਾ ਸਾਥ ਦੇਣ ਦਾ ਹੋਕਾ ਦੇ ਰਹੀ ਹੈ।



*ਇਸ ਕਾਫ਼ਲੇ ਦੀ ਇਕ ਕਾਰ 'ਚ ਪਰਵਾਸੀ ਭਾਰਤੀ ਪਰਿਵਾਰ ਸਵਾਰ ਹੈ। ਇਹ 17 ਜਨਵਰੀ ਤੋਂ ਬਲਜਿੰਦਰ ਕੌਰ ਤੇ 'ਆਪ' ਦੀ ਮੁਹਿੰਮ ਲਈ ਡਟਿਆ ਹੋਇਆ ਹੈ। ਦੋ ਛੋਟੇ ਛੋਟੇ ਬੱਚਿਆਂ ਨਾਲ ਅਰੀਜ਼ੋਨਾ ਸੂਬੇ ਦੇ ਫੀਨਿਕਸ ਨੇੜਲੇ ਸ਼ਹਿਰ ਦੇ ਅਜੈ ਪਾਲ ਸਿੰਘ ਸਿੱਧੂ ਤੇ ਉਨ੍ਹਾਂ ਦੀ ਪਤਨੀ ਸਰਵੇਸ਼ ਸਿੱਧੂ ਪਿੰਡ-ਪਿੰਡ ਕਾਫ਼ਲੇ ਨਾਲ ਘੁੰਮ ਰਹੇ ਹਨ। ਇਹ ਅਮਰੀਕਾ ਤੋਂ ਉਚੇਚੇ ਤੌਰ 'ਤੇ ਚੋਣ ਸਰਗਰਮੀਆਂ ਦਾ ਹਿੱਸਾ ਬਣਨ ਲਈ ਪੁੱਜੇ ਹੋਏ ਹਨ। ਪਿਛੋਂ ਬਠਿੰਡੇ ਤੋਂ ਸਿੱਧੂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬੜੀ ਸ਼ਰਮ ਆਉਂਦੀ ਹੈ ਜਦੋਂ ਕੋਈ ਕਹਿੰਦਾ ਹੈ ਕਿ ਪੰਜਾਬ ਬਠਿੰਡਾ ਤਾਂ ਪੂਰੀ ਤਰ੍ਹਾਂ ਨਸ਼ੱਈ ਹੋ ਚੁੱਕਿਐ। ਉਹ ਇੱਥੇ ਸਿਰਫ਼ ਤੇ ਸਿਰਫ਼ ਪੰਜਾਬ ਕਰਕੇ ਆਏ ਹਨ ਤਾਂ ਜੋ ਸਾਡੇ ਪਿੱਛੇ ਰਹਿੰਦੇ ਸਾਡੇ ਪਰਿਵਾਰ, ਆਂਢ-ਗੁਆਂਢ, ਗੱਲ ਕਿ ਸਾਰਾ ਪੰਜਾਬ ਮੁੜ ਤੋਂ ਖੁਸ਼ਹਾਲੀ ਦੇਖ ਸਕੇ। ਇਥੇ ਨਸ਼ਿਆਂ ਦਾ ਖ਼ਾਤਮਾ ਹੋਵੇ ਤੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ। ਹੁਣ ਅਕਾਲੀਆਂ-ਕਾਂਗਰਸੀਆਂ ਨੂੰ ਹਰਾਉਣ ਦਾ ਮੌਕਾ ਮਿਲਿਆ ਹੈ। ਪਹਿਲਾਂ ਕਹਿੰਦੇ ਸੀ ਕਿ ਕੋਈ ਤੀਜਾ ਬਦਲ ਨਹੀਂ, ਹੁਣ ਆਮ ਆਦਮੀ ਪਾਰਟੀ ਨੇ ਤੀਜਾ ਬਦਲ ਦਿੱਤਾ ਹੈ ਤਾਂ ਸਾਨੂੰ ਸਹੀ ਫ਼ੈਸਲਾ ਕਰਨਾ ਚਾਹੀਦਾ ਹੈ।*

ਰਾਤ ਹੁੰਦਿਆਂ-ਹੁੰਦਿਆਂ ਪਿੰਡ ਬਾਦਲ ਪੁੱਜਦੇ ਹਾਂ। ਬੱਸ, ਇਥੇ ਦਾਖ਼ਲ ਹੁੰਦਿਆਂ ਹੀ ਵੱਡੀ ਸੁਰੱਖਿਆ ਵਿਚੋਂ ਲੰਘਣਾ ਪੈਂਦਾ ਹੈ। 7-8 ਵਜੇ ਦਾ ਸਮਾਂ ਹੈ ਪਰ ਪੂਰੀ ਸੁੰਨ ਪਸਰੀ ਹੋਈ ਹੈ। ਕੋਈ ਹਲਚਲ ਨਜ਼ਰ ਨਹੀਂ ਆਉਂਦੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਮੂਹਰ ਦੀ ਲੰਘਦਿਆਂ ਵੀ ਕੋਈ ਚੋਣਾਂ ਵਾਲਾ ਮਾਹੌਲ ਨਹੀਂ ਲਗਦਾ ਜਿਵੇਂ ਸਾਰੇ ਰੋਟੀ-ਪਾਣੀ ਛੱਕ ਕੇ ਸੌਂ ਗਏ ਹੋਣ। ਤੜਕੇ ਉਠਦਿਆਂ ਹੀ ਪਿੰਡ ਦੀ ਸੈਰ ਕਰਦਿਆਂ ਇਥੇ ਮੈਰੀਟੋਰੀਅਸ ਸਕੂਲ, ਦਸ਼ਮੇਸ਼ ਗਰਲਜ਼ ਕਾਲਜ, ਸਟੇਡੀਅਮ, ਓਲਡਏਜ ਹੋਮ, ਸਾਫ਼-ਸੁਥਰੀਆਂ ਸ਼ਹਿਰਾਂ ਨਾਲੋਂ ਵੀ ਵਧੀਆ ਸੜਕਾਂ ਮਿਲਦੀਆਂ ਹਨ। ਛੋਟੀਆਂ ਦੁਕਾਨਾਂ, ਖੋਖਿਆਂ 'ਤੇ ਗੱਲ ਕਰਿਆਂ ਕੋਈ ਖੁੱਲ੍ਹ ਕੇ ਨਹੀਂ ਬੋਲ ਰਿਹਾ। ਦੱਬੀ ਜ਼ੁਬਾਨ ਵਿਚ ਬੱਸ ਏਨਾ ਹੀ ਕਹਿੰਦੇ ਹਨ ਕਿ ਜੀ ਬਾਦਲ ਸਾਹਿਬ ਜਿੱਤਣਗੇ ਪਰ ਕੈਪਟਨ ਸਾਹਿਬ ਦੇ ਆਉਣ ਨਾਲ ਮੁਕਾਬਲਾ ਬਹੁਤ ਔਖਾ ਹੋ ਗਿਐ। ਬਾਦਲ ਪਿੰਡ ਦੀ ਵੋਟ ਕੋਈ 2200 ਦੇ ਕਰੀਬ ਐ ਪਰ ਇਵੇਂ ਲਗਦਾ ਸੀ ਜਿਵੇਂ ਸਾਰਾ ਪਿੰਡ ਹੀ ਖ਼ਿਲਾਫ਼ ਹੋ ਗਿਆ ਹੋਵੇ।

ਪਿੰਡ ਮਹਿਣਾ ਵਿਚ ਬਾਦਲਾਂ ਦੇ ਪੋਸਟਰ ਹੇਠ ਲੱਗੇ ਬੜ੍ਹੇ 'ਤੇ ਚਾਰ-ਪੰਜ ਬਜ਼ੁਰਗ ਬੈਠੇ ਹਨ ਤੇ ਇਕੋ ਰਾਗ ਦੇ ਰਹੇ ਹਨ-'ਅਸੀਂ ਤਾਂ ਜੀ ਬਾਦਲ ਸਾਹਿਬ ਨਾਲ ਹਾਂ ਪਿੰਡ ਮਹਿਣਾ ਦੀ ਵੋਟ 3500 ਦੇ ਕਰੀਬ ਹੈ।

**ਆਹ! ਜੁਆਕ ਜੇ ਉਈਂ 'ਆਪ' ਮਗਰ ਲੱਗੇ ਆ!**

*ਹਰਭਗਵਾਨ ਸਿੰਘ, ਮਿਹਰ ਸਿੰਘ ਬੋਲਦੇ ਹਨ-"ਸਿਆਸੀ ਬੰਦਾ ਤਾਂ ਜੀ ਵੋਟ ਬਾਦਲ ਨੂੰ ਹੀ ਪਾਊ...ਆਹ ਜੁਆਕ ਐਵੇਂ ਕਾਂਗਰਸ ਤੇ 'ਆਪ' ਪਿਛੇ ਫਿਰਦੇ ਨੇ। ਹੁਣ ਬਾਦਲ ਸਾਹਿਬ ਨੇ ਪਿੰਡਾਂ ਵਿਚ ਏਨਾ ਵਿਕਾਸ ਕੀਤਾ। ਕੱਚੇ ਘਰ ਪੱਕੇ ਕਰਾਉਣ ਲਈ 15-15 ਹਜ਼ਾਰ ਦੇ ਚੈੱਕ ਵੰਡੇ ਨੇ। ਪਰ ਹੌਲੀ ਹੌਲੀ ਦੱਬੀ ਜ਼ੁਬਾਨ ਵਿਚ ਇਹ ਵੀ ਕਹਿ ਜਾਂਦੇ ਹਨ-ਪਿੰਡ ਦੇ ਨੀਵੇਂ ਪਾਸੇ ਛੜਕਾਂ-ਛੜਕਾਂ ਪੱਕੀਆਂ ਨਹੀਂ ਹੋਈਆਂ...ਘਰਾਂ ਲਈ ਜਿਹੜੇ ਚੈੱਕ ਵੰਡੇ ਸੀ, ਕਿਸੇ ਨੂੰ ਚਾਰ-ਚਾਰ ਵਾਰ ਮਿਲ ਗਏ, ਕਿਸੇ ਨੂੰ ਇਕ ਵਾਰ ਨਹੀਂ ਮਿਲਿਆ। ਆਪਣੇ ਬੰਦਿਆਂ ਨੂੰ ਹੀ ਚੈੱਕ ਮਿਲ ਗਏ, ਕਈ ਤਾਂ ਪੱਕੇ ਘਰਾਂ ਵਾਲਿਆਂ ਨੂੰ ਵੀ ਮਿਲ ਗਏ। ਅਸਲ ਵਿਚ ਅਕਾਲੀਆਂ ਦੀ ਵੋਟ ਟੁੱਟੂ ਗੀ ਕਿਉਂਕਿ ਬਾਦਲ ਸਾਹਿਬ ਨੇ ਆਪ ਧਿਆਨ ਨਹੀਂ ਦਿੱਤਾ ਤੇ ਅੱਗੇ ਮਾੜੇ ਲੀਡਰ ਲਾ ਦਿੱਤੇ।*

ਇਹ ਦਰਅਸਲ, ਲੰਬੀ ਹਲਕੇ ਵਿਚ ਪੈਂਦਾ ਹੈ ਤੇ ਇਥੇ ਤਿਕੋਣਾ ਮੁਕਾਬਲਾ ਹੈ। ਕੈਪਟਨ ਅਮਰਿੰਦਰ ਸਿੰਘ ਦੇ ਆਉਣ ਨਾਲ ਟੱਕਰ ਕਾਂਗਰਸ ਤੇ 'ਆਪ' ਵਿਚਾਲੇ ਹੋ ਗਈ ਹੈ। ਬਾਦਲ ਸਾਹਿਬ ਸਾਫ਼-ਸਾਫ਼ ਪਛੜਦੇ ਨਜ਼ਰ ਆ ਰਹੇ ਹਨ।

ਪਿੰਡ ਦੀ ਹੱਦ ਖ਼ਤਮ ਹੁੰਦਿਆਂ ਹੀ ਦੋ ਨੌਜਵਾਨ ਮੋਟਰਸਾਈਕਲ ਲਈ ਖੜ੍ਹੇ ਹਨ। ਹੱਥ ਵਿਚ 'ਆਪ' ਦੀਆਂ ਝੰਡੀਆਂ ਹਨ। ਫੋਟੋ ਖਿਚਣ ਲੱਗਿਆਂ ਪੂਰੇ ਖੁਸ਼ ਹੋ ਜਾਂਦੇ ਹਨ। ਫਟਾਫਟ ਕਾਰ ਨੇੜੇ ਆ ਜਾਂਦੇ ਹਨ ਤੇ ਸਾਡੇ ਬਾਰੇ ਪੁਛਣ ਲਗਦੇ ਹਨ। ਗੁਰਪ੍ਰੀਤ ਸਿੰਘ ਤੇ ਦੀਪਕ ਨਾਂ ਦੇ ਇਹ ਨੌਜਵਾਨ ਬੜੇ ਉਤਸ਼ਾਹ ਵਿਚ ਹਨ।



**'ਆਪ' ਚੜ੍ਹਦੀ ਕਲਾ ਵਿਚ**

ਪ੍ਰੋ. ਬਲਜਿੰਦਰ ਕੌਰ ਦਾ ਕਹਿਣਾ ਹੈ ਕਿ ਅਕਾਲੀਆਂ ਤੇ ਕਾਂਗਰਸ ਨੇ ਪੰਜਾਬ ਨੂੰ ਪੂਰੀ ਤਬਾਹ ਕਰ ਦਿੱਤਾ ਹੈ ਤੇ ਹੁਣ ਲੋਕਾਂ ਨੂੰ ਆਮ ਆਦਮੀ ਪਾਰਟੀ ਦਾ ਸਾਥ ਦੇਣਾ ਚਾਹੀਦਾ ਹੈ। ਸਾਨੂੰ ਪੂਰੀ ਉਮੀਦ ਹੈ ਕਿ ਅਸੀਂ ਸਰਕਾਰ ਬਣਾਵਾਂਗੇ ਤੇ 'ਆਪ' ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਹੈ। ਜਿਵੇਂ ਦਿੱਲੀ ਵਿਚ ਅਸੀਂ ਸਾਰੀਆਂ ਸਹੂਲਤਾਂ ਦਿੱਤੀਆਂ, ਪੰਜਾਬ ਵਿਚ ਵੀ ਉਹੀ ਲਾਗੂ ਕਰਾਂਗੇ। ਸਾਡੇ ਸਾਰੇ ਉਮੀਦਵਾਰ ਬਹੁਤ ਮਿਹਨਤੀ ਤੇ ਇਮਾਨਦਾਰ ਹਨ। ਇਥੇ ਵੀ ਦਿੱਲੀ ਦੀ ਤਰਜ਼ 'ਤੇ ਸਰਕਾਰ ਬਣੇਗੀ।



**ਸਾਡਾ ਮੁਕਾਬਲਾ ਸਿਰਫ਼ ਕਾਂਗਰਸ ਨਾਲ**

*ਬਾਦਲ ਮਹਿਲ ਮੂਹਰੇ ਸ਼ਾਂਤੀ ਪਸਰੀ ਹੋਈ ਹੈ। ਸੁਰੱਖਿਆ ਘੇਰੇ ਦੇ ਪਹਿਲੇ ਵੱਡੇ ਸਾਰੇ ਬਾਰ ਤੋਂ ਲੰਘ ਕੇ ਵੱਡੇ ਦਲਾਨ ਵਿਚ ਖੜ੍ਹੇ ਹੋ ਜਾਂਦੇ ਹਾਂ। ਇੱਥੇ ਬੀਬੀ ਹਰਸਿਮਰਤ ਕੌਰ ਬਾਦਲ ਨੇ ਆਉਣਾ ਤੇ ਕਿਸੇ ਟੀ.ਵੀ. ਚੈਨਲ ਵਾਲਿਆਂ ਨੂੰ ਇੰਟਰਵਿਊ ਦੇਣੀ ਹੈ। ਉਹ ਆਪਣੇ ਕੈਮਰੇ ਫਿੱਟ ਕਰਨ ਲੱਗੇ ਹੋਏ ਹਨ। ਠੀਕ ਵਿਚਕਾਰ ਪਾਣੀ ਵਾਲਾ ਫੁਹਾਰਾ ਚੱਲ ਰਿਹਾ ਹੈ। ਉਦੋਂ ਬਾਅਦ ਇਕ ਹੋਰ ਵੱਡਾ ਸਾਰਾ ਲੱਕੜ ਦਾ ਕਿਲੇ ਵਰਗਾ ਦਰਵਾਜ਼ਾ ਹੈ ਤੇ ਉਸ ਤੋਂ ਪਾਰ ਵੱਡਾ ਸਾਰਾ ਬਾਗ਼ ਦਿਖਾਈ ਦੇ ਰਿਹਾ ਹੈ। ਰਿਹਾਇਸ਼ੀ ਮਹਿਲ ਕਿਥੋਂ ਸ਼ੁਰੂ ਹੁੰਦਾ ਹੈ, ਪਤਾ ਹੀ ਨਹੀਂ ਚਲਦਾ। ਬੀਬਾ ਜੀ ਆਉਂਦੇ ਹਨ ਤੇ ਆਉਂਦੇ ਹੀ ਟੀ.ਵੀ. ਵਾਲਿਆਂ 'ਤੇ ਬਰਸ ਰਹੇ ਹਨ-ਜਲਦੀ ਕਰੋ, ਮੇਰੇ ਕੋਲ ਏਨਾ ਟਾਇਮ ਨਹੀਂ। ਚਿਹਰੇ 'ਤੇ ਘਬਰਾਹਟ, ਖਿੱਝ, ਆਕੜ ਸਾਫ਼ ਦਿਖਾਈ ਦੇ ਰਹੀ ਹੈ। ਸਾਡੇ ਵੱਲ ਨਕਲੀ ਮੁਸਕਰਾਹਟ ਸੁਟਦਿਆਂ ਬੱਸ ਏਨਾ ਹੀ ਆਖਦੇ ਨੇ-'ਸਾਡਾ ਮੁਕਾਬਲਾ ਕਾਂਗਰਸ ਨਾਲ ਹੈ, 'ਆਪ' ਕਿਤੇ ਵੀ ਨਹੀਂ ਠਹਿਰਦੀ। ਅਸੀਂ ਪੰਜਾਬ ਦਾ ਬਹੁਤ ਵਿਕਾਸ ਕੀਤਾ ਹੈ ਤੇ ਲੋਕ ਵਿਕਾਸ ਦੇ ਨਾਂ 'ਤੇ ਇਸ ਵਾਰ ਵੀ ਸਾਨੂੰ ਹੀ ਸੱਤਾ ਵਿਚ ਬਿਠਾਉਣਗੇ।'*







## ਸਾਡਾ ਤਾਂ ਜੀ 'ਆਪ' ਨਾਲ ਦਿਲ ਮਿਲ ਗਿਐ

*ਗੁਰਪ੍ਰੀਤ ਤੇ ਦੀਪਕ ਦਾ ਕਹਿਣਾ ਹੈ, "ਸਾਡਾ ਤਾਂ 'ਆਪ' ਨਾਲ ਦਿਲ ਮਿਲ ਗਿਐ ਜੀ। ਪਾਲਸੀਆਂ-ਪੁਲਸੀਆਂ ਦਾ ਤਾਂ ਸਾਨੂੰ ਪਤਾ ਨਹੀਂ, ਪਰ ਪੰਜਾਬ 'ਚ ਨਸ਼ੇ ਬਹੁਤ ਹੋ ਗਏ...ਸਾਨੂੰ ਹਾਲੇ ਤਕ ਕੋਈ ਕੰਮ-ਧੰਦਾ ਨੀਂ ਮਿਲਿਆ...ਮੰਡੀਰ ਵਿਹਲੀ ਤੁਰੀ ਫਿਰਦੀ ਐ...ਇਸੇ ਕਰਕੇ ਸਾਡੇ ਵਿਆਹ ਨਹੀਂ ਹੋ ਰਹੇ...ਜੇ ਸਾਡੇ ਕੋਲ ਕੋਈ ਰੁਜ਼ਗਾਰ ਹੋਊ ਤਾਂ ਆਪੇ ਕੁੜੀਆਂ ਦੇ ਵੀ ਸਾਡੇ ਨਾਲ ਦਿਲ ਮਿਲ ਜਾਣਗੇ।' ਦੀਪਕ ਬਹੁਤ ਤਿੱਖਾ ਹੈ। ਕਹਿੰਦਾ ਹੈ, "ਦੇਖੋ ਜਦੋਂ ਮੋਦੀ ਨੇ ਨੋਟਬੰਦੀ ਕਰਨੀ ਸੀ ਤਾਂ ਟੈਲੀਵਿਜ਼ਨ ਮੂਹਰੇ ਆ ਕੇ ਹੁਕਮ ਦੇ ਮਾਰਿਆ ਤੇ ਉਸੇ ਵੇਲੇ ਨੋਟ ਬੰਦ ਹੋ ਗਏ...ਜੇ ਹੁਣ ਕੋਈ ਸਰਕਾਰ ਚਾਹੇ ਕਿ ਨਸ਼ਾ ਬੰਦ ਹੋ ਜਾਵੇ ਤਾਂ ਇਕ ਦਿਨ ਵਿਚ ਬੰਦ ਹੋ ਜਾਊ। ਅਸੀਂ ਵੀ ਕੱਟੜ ਅਕਾਲੀ ਸੀ ਪਰ ਹੁਣ ਅਸੀਂ 'ਆਪ' ਨੂੰ ਮੌਕਾ ਦੇਣਾ ਚਾਹੁੰਦੇ ਹਨ। ਉਹ ਦਸਦੇ ਹਨ ਕਿ ਹੁਣੇ ਹੁਣੇ ਪਾਰਟੀ ਉਮੀਦਵਾਰ ਜਰਨੈਲ ਸਿੰਘ ਆਉਣ ਵਾਲੇ ਹਨ। ਗੱਲ ਕਰਦਿਆਂ ਕਰਦਿਆਂ ਜਰਨੈਲ ਸਿੰਘ ਪੁੱਜ ਜਾਂਦੇ ਹਨ।*

ਅਸੀਂ ਵੀ ਆਪਣੀ ਕਾਰ ਉਨ੍ਹਾਂ ਦੇ ਕਾਫ਼ਲੇ ਮਗਰ ਤੋਰ ਲੈਂਦੇ ਹਾਂ ਤੇ ਪਿੰਡ ਦੇ ਵਿਹੜੇ ਵਿਚ ਛੋਟਾ ਜਿਹਾ ਜਲਸਾ ਲੱਗਾ ਹੈ। ਜਰਨੈਲ ਸਿੰਘ ਸ਼ਾਂਤ-ਚਿਤ ਨਜ਼ਰ ਆਉਂਦੇ ਹਨ। ਉਹ ਆਪਣਾ ਭਾਸ਼ਣ ਸ਼ੁਰੂ ਕਰਦੇ ਹਨ ਤੇ ਅਸੀਂ ਭੀੜ ਦੇ ਪਿਛੇ ਖੜ੍ਹੀਆਂ ਔਰਤਾਂ ਵੱਲ ਹੋ ਜਾਂਦੇ ਹਾਂ। ਸ਼ੌਲਾਂ ਦੀਆਂ ਬੁੱਕਲਾਂ ਮਾਰੀ, ਉਹ ਪੱਲੇ ਨਾਲ ਮੂੰਹ ਢੱਕ ਲੈਂਦੀਆਂ ਹਨ ਤੇ ਕੁਝ ਵੀ ਬੋਲਣ ਤੋਂ ਝਿਜਕਦੀਆਂ ਹਨ। ਇਕ-ਦੂਜੇ ਦੇ ਮੂੰਹ ਵੱਲ ਦੇਖਦੀਆਂ ਹਨ-ਸਾਨੂੰ ਤਾਂ ਜੀ ਕੁਝ ਨਹੀਂ ਪਤਾ, ਜਿੱਥੇ ਘਰਦੇ ਕਹਿਣਗੇ ਵੋਟ ਪਾ ਦਿਆਂਗੇ। ਪਰ ਹੌਲੀ ਹੌਲੀ ਇਕ-ਦੋ ਬੀਬੀਆਂ ਮੂਹਰੇ ਆਉਂਦੀਆਂ ਹਨ। ਫੇਰ ਬਾਕੀ ਦੀਆਂ ਵੀ ਸ਼ੁਰੂ ਹੋ ਜਾਂਦੀਆਂ ਹਨ- *"ਸਾਡੇ ਘਰ ਕੱਚੇ ਨੇ...ਗਲੀਆਂ-ਨਾਲੀਆਂ ਕੱਚੀਆਂ ਨੇ...ਪੈਨਸ਼ਨ ਕਦੇ-ਕਦਾਈਂ ਮਿਲਦੀ ਐ...ਕਈ ਵਾਰ ਉਹ ਵੀ ਕੱਟ ਕੇ ਮਿਲਦੀ ਐ...ਸਰਪੰਚ ਆਖ ਦਿੰਦੈ ਕਿ ਵਾਪਸ ਚਲੀ ਗਈ...ਜਿਨ੍ਹਾਂ ਦੇ ਘਰ ਪੱਕੇ ਸੀ, ਬਾਦਲ ਸਾਹਿਬ ਨੇ ਉਨ੍ਹਾਂ ਨੂੰ ਹੋਰ ਚੈੱਕ ਦੇ ਦਿੱਤੇ...ਅਸੀਂ ਆਪਣੇ ਘਰ ਪੱਕੇ ਕਰਨ ਲਈ ਕਈ-ਕਈ ਦਿਨ ਧੱਕੇ ਖਾਂਦੇ ਰਹੇ ਪਰ ਕਿਸੇ ਨੇ ਸੁਣੀ ਨਹੀਂ...। ਸਰਕਾਰੀ ਕਾਗਜ਼ਾਂ ਵਿਚ ਹੀ ਗੈਸ ਕੁਨੈਕਸ਼ਨ ਮਿਲਦੇ ਨੇ ਤੇ ਸਾਡੇ ਵਾਲੇ ਪਾਸੇ ਤਾਂ ਲੈਟਰੀਨਾਂ ਵੀ ਨਹੀਂ ਬਣੀਆਂ। ਰਣਜੀਤ ਕੌਰ, ਬਲਦੇਵ ਕੌਰ, ਮਲਕੀਤ ਕੌਰ, ਪ੍ਰਕਾਸ਼ ਕੌਰ ਫਟਾ-ਫਟ ਆਪਣਾ ਨਾਂ ਦਰਜ ਕਰਾਉਣ ਲਗਦੀਆਂ ਹਨ ਜਿਵੇਂ ਅਸੀਂ ਉਨ੍ਹਾਂ ਨੂੰ ਫੰਡ ਦੇਣ ਆਏ ਹੋਈਏ। ਦਿਲ ਨੂੰ ਇਕ ਵਾਰ ਧੁੜਕੂ ਜਿਹਾ ਲਗਦਾ ਹੈ ਕਿ ਇਹ ਲੋਕ ਕਿੰਨੇ ਦੁਖੀ ਨੇ ਸਾਡੇ ਕੋਲ ਕਿੰਨੀ ਉਮੀਦ ਨਾਲ ਆ ਰਹੇ ਨੇ ਕਿ ਸ਼ਾਇਦ ਕਾਗਜ਼ 'ਤੇ ਉਨ੍ਹਾਂ ਦਾ ਨਾਂ ਲਿਖਦਿਆਂ ਹੀ ਅਸੀਂ ਕੋਈ ਚਮਕਤਾਰ ਕਰ ਦਿਆਂਗੇ।*

ਨਾਲ ਖੜ੍ਹਾ ਇਕ ਬੰਦਾ ਸਰਕਾਰੀ ਨੌਕਰੀ ਕਰਦਾ ਹੈ ਪਰ ਆਪਣਾ ਨਾਂ ਨਹੀਂ ਦਸਣਾ ਚਾਹੁੰਦਾ ਪਰ ਖੁੱਲ੍ਹ ਕੇ ਬਾਦਲਾਂ ਖ਼ਿਲਾਫ਼ ਆਪਣੀ ਭੜਾਸ ਕੱਢਦਾ ਹੈ-"50-55 ਫ਼ੀਸਦੀ ਵੋਟ 'ਆਪ', 30 ਫ਼ੀਸਦੀ ਕਾਂਗਰਸ ਤੇ 10 ਕੁ ਫ਼ੀਸਦੀ ਅਕਾਲੀਆਂ ਨੂੰ ਪਊਗੀ। ਅਸੀਂ ਤਾਂ ਜੀ ਅਕਾਲੀਆਂ ਦਾ ਸੰਤਾਪ ਭੋਗ ਰਹੇ ਹਾਂ।



*"ਵੱਡਾ-ਛੋਟਾ ਬਾਦਲ ਨੂੰ ਆਪ ਤਾਂ ਚੰਡੀਗੜ੍ਹ-ਦਿੱਲੀ ਦੇ ਆਪਣੇ ਧੰਦਿਆਂ ਤੋਂ ਵਿਹਲ ਨਹੀਂ ਮਿਲਦੀ ਪਿੱਛੋਂ ਇਨ੍ਹਾਂ ਵਲੋਂ ਲਾਏ ਹਲਕਾ ਇੰਚਾਰਜਾਂ ਨੇ ਲੋਕਾਂ ਦਾ ਨੱਕ 'ਚ ਦਮ ਕਰੀ ਰੱਖਿਐ। ਆਹ ਕੋਲਿਆਂਵਾਲੀ ਵਾਲਾ ਬਦਨਾਮ ਸਮੱਗਲਰ ਤੇ ਉਹਦੇ ਬਦਮਾਸ਼ ਹੀ ਨੀਂ ਮਾਣ...ਇਨ੍ਹਾਂ ਨੇ ਲੋਕਾਂ ਜਿਉਣਾ ਹਰਾਮ ਕਰ ਰੱਖਿਐ। ਜਿਹੜਾ ਬੋਲਦੈ ਝੱਟ ਸੰਘੀ ਘੁਟਣ ਤੱਕ ਜਾਂਦੇ ਨੇ। ਫੇਰ ਤਜਿੰਦਰ ਮਿੱਡੂਖੇੜੇ ਨੇ ਲੁੱਟ ਮਚਾ ਰੱਖੀ ਐਸ਼ ਹੋਰ ਤਾਂ ਹੋਰ ਲੋਕ ਸੇਵਾ ਦੇ ਨਾਂਅ ਤੇ ਬਣਾਂਵਾਲੇ ਅਵਤਾਰ ਤੇ ਇੱਕ ਹੋਰ ਬਲਕਰਨ ਬੱਲਾ ਨੇ ਉਹ ਅੱਤ ਮਚਾਈ ਐ ਪੁੱਛੋ ਨਾ, ਬਾਹਲੇ ਈ ਅੱਕੇ ਪਏ ਆਂ ਜੀ...ਝੂਠੇ ਪੁਲੀਸ ਕੇਸਾਂ ਨਾਲ ਵਿਰੋਧੀਆਂ ਤੇ ਆਮ ਲੋਕਾਂ ਦਾ ਉਹ ਹਾਲ ਕੀਤੈ ਕਿ ਜੀਅ ਕਰਦੈ ਵੱਡੇ ਬਾਦਲ ਦੇ ਢਿੱਡ 'ਚ ਟੱਕਰ ਮਾਰ ਕੇ ਮਰਜੀਏ...."*

ਸਿਪਾਹੀ ਤੋਂ ਲੈ ਕੇ ਡੀ.ਜੀ.ਪੀ. ਤਕ ਕੋਈ ਜਨਤਾ ਦਾ ਕੰਮ ਨਹੀਂ ਕਰਦਾ। ਕਿਸੇ ਸਰਕਾਰੇ-ਦਰਬਾਰੇ ਗ਼ਰੀਬਾਂ ਦੀ ਸੁਣੀ ਨਹੀਂ ਜਾਂਦੀ। ਬਾਦਲਾਂ ਕੇ ਤਾਂ ਮੰਗ ਖਾਣੀ ਜਾਤ ਨੇ, ਹੁਣ 'ਆਪ' ਨੂੰ ਮੌਕਾ ਦੇਣਾ ਚਾਹੀਦਾ ਹੈ। ਉਂਜ ਕੈਪਟਨ ਸਾਹਿਬ ਵੀ ਬਰਾਬਰ ਦੀ ਟੱਕਰ ਦੇ ਰਹੇ ਨੇ...ਮੈਨੂੰ ਲਗਦੈ ਉਹ ਵੀ ਜਿੱਤ ਸਕਦੇ ਨੇ...ਪਰ ਬਾਦਲਾਂ ਨੂੰ ਕਿਸੇ ਮੂੰਹ ਨਹੀਂ ਲਾਉਣਾ। ਬਾਦਲਾਂ ਦੀਆਂ ਜੜ੍ਹਾਂ ਵਿਚ ਤੇਲ ਪਊ।"

'ਆਪ' ਦੇ ਸੱਤਾ ਵਿਚ ਆਉਣ ਦੀ ਸੂਰਤ 'ਚ ਉਨ੍ਹਾਂ ਦੀ ਮੁੱਖ ਮੰਤਰੀ ਵਜੋਂ ਪਹਿਲੀ



ਪਸੰਦ ਐਚ.ਐਸ. ਫੂਲਕਾ ਹੈ ਕਿਉਂਕਿ ਉਹ ਪੜ੍ਹਿਆ-ਲਿਖਿਆ ਬੰਦਾ ਹੈ। ਵੱਡੇ ਬਾਦਲ ਦਾ ਹਲਕਾ ਛੱਡ, ਛੋਟੇ ਬਾਦਲ ਦੇ ਹਲਕੇ ਜਲਾਲਾਬਾਦ ਪੁੱਜਦੇ ਹਾਂ। ਇਥੇ ਮੁਕਾਬਲਾ ਸੁਖਬੀਰ ਸਿੰਘ ਬਾਦਲ, ਕਾਂਗਰਸ ਦੇ ਰਵਨੀਤ ਸਿੰਘ ਬਿੱਟੂ ਤੇ 'ਆਪ' ਦੇ ਭਗਵੰਤ ਸਿੰਘ ਮਾਨ ਵਿਚਾਲੇ ਹੈ ਪਰ ਜਿਉਂ ਵੋਟਾਂ ਦਾ ਦਿਨ ਨੇੜ੍ਹੇ ਆ ਰਿਹਾ ਹੈ ਮੁਕਾਬਲਾ ਬਿੱਟੂ ਤੇ ਮਾਨ ਵਿਚਾਲੇ ਬਣਦਾ ਜਾਪਦਾ ਹੈ। ਸੁਖਬੀਰ ਨਾਲੋਂ ਕਿਤੇ ਵੱਧ ਉਸ ਵਲੋਂ ਬਣਾਏ ਹਲਕਾ ਇੰਚਾਰਜ ਸੁਖਮਿੰਦਰ ਮੰਟਾ ਖ਼ਿਲਾਫ਼ ਕਰੜਾ ਵਿਰੋਧ ਹੀ ਨਹੀਂ, ਨਫ਼ਰਤ ਝਲਕ ਰਹੀ ਹੈ। ਪਿੰਡ ਕਾਠਗੜ੍ਹ ਦਾ ਕ੍ਰਿਸ਼ਨ ਸਿੰਘ ਇਥੋਂ ਦੀ ਰਾਜਸੀ ਹਲਚਲ 'ਤੇ ਪੂਰੀ ਨਜ਼ਰ ਰੱਖ ਰਿਹਾ ਹੈ। ਉਸ ਦਾ ਕਹਿਣਾ ਹੈ- *'ਅੱਗੇ*



*ਇਥੋਂ ਅਕਾਲੀਆਂ ਨੂੰ 80 ਫ਼ੀਸਦੀ ਵੋਟ ਪੈਂਦੀ ਰਹੀ ਐ ਪਰ ਇਸ ਵਾਰ ਲਗਦੈ 10 ਫ਼ੀਸਦੀ ਵੀ ਨਹੀਂ ਪੈਣੀ। ਅਸਲ ਮੁਕਾਬਲਾ ਤਾਂ ਮਾਨ ਤੇ ਬਿੱਟੂ ਵਿਚਾਲੇ ਹੈ। ਕਾਂਗਰਸ ਇਥੇ ਥੋੜ੍ਹੀ ਲੇਟ ਹੋ ਗਈ ਪਰ ਫੇਰ ਵੀ ਉਹਨੇ ਆਪਣੀ ਸਰਗਰਮੀ ਤੇਜ਼ ਕਰ ਲਈ ਹੈ। ਅਕਾਲੀਆਂ ਦਾ ਤਾਂ ਇਥੇ ਗੁੰਡਾ ਰਾਜ ਰਿਹਾ... ਹੁਣ ਹਾਲ ਇਹ ਹੈ ਕਿ ਵੋਟਾਂ ਮੰਗਣ ਆਏ ਸੁਖਬੀਰ ਨੂੰ ਪਿੰਡਾਂ ਵਾਲੇ ਰੋਕਾਂ ਲਾ ਕੇ ਆਪਣੇ ਪਿੰਡ ਵਿਚੋਂ ਦੀ ਲੰਘਣ ਵੀ ਨਹੀਂ ਦਿੰਦੇ... ਰੋੜੇ-ਵੱਟੇ ਲੈ ਕੇ ਪਿਛੇ ਪੈ ਜਾਂਦੇ ਹਨ...ਸੁਖਬੀਰ ਨੂੰ ਰਸਤਾ ਬਦਲ ਕੇ ਅੱਗੇ ਲੰਘਣਾ ਪੈਂਦਾ ਹੈ...।' ਸੁਖਬੀਰ ਖ਼ਿਲਾਫ਼ ਏਨੀ ਨਫ਼ਰਤ ਦਾ ਕਾਰਨ ਪੁਛਿਆਂ, ਨਾਲ ਬੈਠਾ ਜਸਪਾਲ ਸਿੰਘ ਕਹਿੰਦਾ ਹੈ-'ਏਥੇ ਨਸ਼ਿਆਂ ਨੇ ਬਹੁਤ ਮਾਰ ਕੀਤੀ ਐ... ਘਰ ਘਰ ਨਸ਼ੱਈ ਨੌਜਵਾਨ ਤੁਰੇ ਫਿਰਦੇ ਨੇ...ਕਿੰਨੀਆਂ ਮੌਤਾਂ ਹੋ ਗਈਆਂ...ਘਰਾਂ ਦੇ ਘਰ ਉਜੜ ਗਏ...ਕਈ ਘਰਾਂ ਵਿਚ ਤਾਂ 'ਕੱਲੀਆਂ ਔਰਤਾਂ ਰਹਿ ਗਈਆਂ, ਮਰਦਾਂ ਦੀਆਂ ਤਾਂ ਦੀਵਾਰਾਂ 'ਤੇ ਤਸਵੀਰਾਂ ਟੰਗੀਆਂ ਨੇ...ਚਿੱਟਾ, ਪੋਸਤ ਜਿੰਨਾ ਮਰਜ਼ੀ ਲੈ ਲਓ...ਨਹੀਂ ਯਕੀਨ ਤਾਂ ਹੁਣੇ ਦੱਸੋ ਕਿੰਨੀ ਚਾਹੀਦੀ ਹੈ, ਏਥੇ ਹੀ ਮੰਗਵਾ ਦਿੰਦਾ ਹਾਂ। ਔਰਤਾਂ ਸੁਖਬੀਰ ਖ਼ਿਲਾਫ਼ ਕੀਰਨੇ ਪਾਉਂਦੀਆਂ ਨੇ...ਜਦੋਂ ਏਨਾ ਮਾੜਾ ਹਾਲ ਹੋਵੇ ਤਾਂ ਲੋਕ ਸੁਖਬੀਰ ਨੂੰ ਵੋਟ ਕਿਵੇਂ ਪਾਉਣਗੇ। ਸੁਖਬੀਰ ਆਪ ਤਾਂ ਚੰਡੀਗੜ੍ਹ ਬਹਿ ਗਿਆ ਜਾ ਕੇ ਪਿਛੇ ਆਪਣੇ ਜਥੇਦਾਰ ਛੱਡ ਦਿੱਤੇ, ਲੋਕਾਂ ਦਾ ਖ਼ੂਨ ਪੀਣ ਨੂੰ।'*

ਦੁਪਹਿਰ ਦਾ ਖਾਣਾ ਖਾਣ ਲਈ ਜਿਸ ਢਾਬੇ 'ਤੇ ਰੁਕਦੇ ਹਾਂ, ਉਹਦੇ ਨੌਜਵਾਨ ਮਾਲਕ ਮੋਹਿਤ ਚਕੱਤੀ ਨਾਲ ਗੱਲਾਂ ਤੁਰ ਪੈਂਦੀਆਂ ਹਨ। ਪੰਜਾਬ ਯੂਨੀਵਸਿਟੀ ਚੰਡੀਗੜ੍ਹ ਤੋਂ ਅਰਥ ਸ਼ਾਸਤਰ ਦੀ ਐਮ.ਏ. ਇਹ ਨੌਜਵਾਨ ਰਾਜਸੀ ਸਮਝ ਵੀ ਰੱਖਦਾ ਹੈ। ਉਹਦਾ ਕਹਿਣਾ ਹੈ,'ਇਥੇ ਰਾਏ ਸਿੱਖ ਬਰਾਦਰੀ ਵੱਡਾ ਅਸਰ ਰੱਖਦੀ ਐ। ਇਥੇ ਇਕ ਲੱਖ 86 ਹਜ਼ਾਰ ਦੇ ਕਰੀਬ ਵੋਟ ਐ ਤੇ 'ਕੱਲੀ ਰਾਏ ਸਿੱਖ ਬਰਾਦਰੀ ਦੀ ਵੋਟ ਹੀ 69000 ਦੇ ਕਰੀਬ ਐ...ਪਹਿਲਾਂ-ਪਹਿਲਾਂ ਜਦੋਂ ਮਾਨ (ਭਗਵੰਤ) ਦੀ ਮੁਹਿੰਮ ਚੱਲੀ ਤਾਂ 80 ਫ਼ੀਸਦੀ ਲੋਕ ਝਾੜੂ ਨਾਲ ਸਨ ਪਰ ਬਿੱਟੂ ਦੇ ਆਉਣ ਮਗਰੋਂ ਵੀ ਮੈਦਾਨ ਪੂਰੀ ਤਰ੍ਹਾਂ ਭਖ ਗਿਐ...

*ਲੋਕਾਂ ਦਾ ਤਾਂ ਇਹ ਐ ਬਈ ਸਰਕਾਰ ਕੋਈ ਵੀ ਆਵੇ ਬੱਸ ਸੁਖਬੀਰ ਨੂੰ ਇਥੋਂ ਭਜਾਓ। ਸੁਖਬੀਰ ਇਥੋਂ ਪਹਿਲੀ ਵਾਰ 80000 ਵੋਟਾਂ ਦੀ ਲੀਡ ਨਾਲ ਜਿੱਤਿਆ ਸੀ, ਫੇਰ 50000 ਤੇ ਹੁਣ ਕਹਿੰਦੇ ਨੇ ਇਹਨੂੰ ਵੱਧ ਤੋਂ ਵੱਧ ਲੀਡ ਨਾਲ ਹਰਾਓ। ਜਿੱਥੋਂ ਤਕ ਰਾਏ ਸਿੱਖ ਬਰਾਦਰੀ ਦਾ ਸਵਾਲ ਐ...ਤਾਂ ਬਾਦਲ ਸਾਹਿਬ ਨੇ ਪਹਿਲਾਂ ਸ਼ੇਰ ਸਿੰਘ ਘੁਬਾਇਆ ਨਾਲ ਮੁਲਾਕਾਤ ਕੀਤੀ ਸੀ ਪਰ ਮਾਮਲਾ ਸਿਰੇ ਨਹੀਂ ਚੜ੍ਹਿਆ ਪਰ ਹੁਣ ਫਾਜ਼ਿਲਕਾ ਤੋਂ ਘੁਬਾਇਆ ਦਾ ਪੁੱਤਰ ਕਾਂਗਰਸ ਵਲੋਂ ਲੜ ਰਿਹੈ ਤੇ ਜ਼ਾਹਰਾ ਤੌਰ 'ਤੇ ਘੁਬਾਇਆ ਕਾਂਗਰਸ ਦੀ ਡਟਵੀਂ ਹਮਾਇਤ 'ਤੇ ਹਨ। ਕਿਉਂਕਿ ਉਹ ਰਾਏ ਸਿੱਖ ਬਰਾਦਰੀ ਵਿਚੋਂ ਹਨ ਤੇ ਰਾਏ ਸਿੱਖ ਬਰਾਦਰੀ ਦੀ ਵੋਟ ਬਿੱਟੂ ਨੂੰ ਪਊਗੀ...ਰਾਏ ਸਿੱਖ ਬਰਾਦਰੀ ਦਾ ਏਕਾ ਏਨਾ ਹੈ ਕਿ ਜਿੱਥੇ ਆਗੂ ਨੇ ਕਹਿ ਦਿੱਤਾ, ਸਾਰੀ ਦੀ ਸਾਰੀ ਵੋਟ ਉਸੇ ਧਿਰ ਨੂੰ ਜਾਊਗੀ...ਇਕ ਵੀ ਵੋਟ ਇਧਰ-ਉਧਰ ਨਹੀਂ ਹੁੰਦੀ...ਇਕੋ ਰੱਸੇ ਨਾਲ ਬੱਝੇ ਨੇ ਇਹ ਤੇ ਇਨ੍ਹਾਂ ਦਾ ਫ਼ੈਸਲਾ ਵੀ ਵੋਟਾਂ ਤੋਂ ਇਕ ਦਿਨ ਪਹਿਲਾਂ ਹੀ ਹੁੰਦੈ।'*

ਨਾਲ ਬੈਠੇ ਸਰਦਾਰ ਮਹਿਲ ਸਿੰਘ ਵੀ ਆਪਣੇ ਤਜਰਬੇ ਦੀ ਗੁੱਥੀ ਖੋਲ੍ਹਦੇ ਹਨ- 'ਫਾਜ਼ਿਲਕਾ ਵਿਚ ਤਾਂ ਜੀ ਦਵਿੰਦਰ ਸਿੰਘ ਘੁਬਾਇਆ ਹੀ ਜਿੱਤੂ। ਫਿਰੋਜ਼ਪੁਰ ਵਿਚ ਕਾਂਗਰਸ ਦਾ ਪਰਮਿੰਦਰ ਸਿੰਘ ਪਿੰਕੀ ਬਾਜ਼ੀ ਮਾਰੂ...ਸੁਖਬੀਰ ਦਾ ਤਾਂ ਬੁਰਾ ਹਾਲ ਐ...ਪਿੰਡ ਕੰਧਵਾਲ ਵਿਚ ਤਾਂ ਰੋੜੇ ਚੱਲੇ ਉਹਦੀਆਂ ਗੱਡੀਆਂ 'ਤੇ...ਆਪ ਤਾਂ ਬਾਪ-ਪੁੱਤ ਚੰਡੀਗੜ੍ਹ ਦੀਆਂ ਕੋਠੀਆਂ ਵਿਚ ਬੈਠੇ ਨੇ ਤੇ ਇਥੇ ਸਤਿੰਦਰ, ਮੰਟੇ ਵਰਗੇ ਬੰਦੇ ਛੱਡ ਰੱਖੇ ਨੇ ਲੋਕਾਂ ਦੀ ਲੁੱਟ ਕਰਨ ਲਈ।

ਇਥੋਂ ਨਿਕਲਦਿਆਂ ਪਿੰਡ ਸ਼ੇਰ ਖਾਂ ਪੁੱਜਦੇ ਹਾਂ...ਇਕ ਦੁਕਾਨਦਾਰ ਨਾਲ ਗੱਲਬਾਤ ਸ਼ੁਰੂ ਕਰਦੇ ਹਾਂ ਤੇ 8-10 ਹੋਰ ਘੇਰਾ ਪਾ ਲੈਂਦੇ ਹਨ। ਉਹ ਆਪਣਾ ਨਾਂ ਨਹੀਂ ਦੱਸਣਾ ਚਾਹੁੰਦੇ ਪਰ ਉਨ੍ਹਾਂ ਦਾ ਕਹਿਣਾ ਹੈ ਕਿ

*ਫਿਰੋਜ਼ਪੁਰ ਤੋਂ ਜ਼ੀਰਾ ਤਕ ਪੂਰਾ ਇਲਾਕਾ ਕਾਂਗਰਸ ਦੇ ਹੱਕ ਵਿਚ ਨਿਤਰੂ। ਪਹਿਲਾਂ ਵੀ ਇਥੋਂ ਅਕਾਲੀ ਥੋੜ੍ਹੀ ਵੋਟ 'ਤੇ ਜਿੱਤੇ ਸਨ। ਇਥੇ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਪਰ ਕਿਸੇ ਨੇ ਕੋਈ ਕਾਰਵਾਈ ਨਹੀਂ ਕੀਤੀ...ਪਿੰਡਾਂ ਵਿਚ ਵੀ ਕਾਂਗਰਸ ਦਾ ਜ਼ੋਰ ਐ... ਜ਼ੀਰੇ ਵਿਚ ਤਿਕੋਣਾ ਮੁਕਾਬਲਾ ਹੈ ਪਰ ਕਾਂਗਰਸ ਦੀ ਝੰਡੀ ਹੈ...ਫਿਰੋਜ਼ਪੁਰ ਸਿਟੀ ਤੋਂ ਪਰਮਿੰਦਰ ਸਿੰਘ ਪਿੰਕੀ ਤੇ ਗੁਰੂਹਰਸਹਾਏ ਤੋਂ ਰਾਣਾ ਗੁਰਜੀਤ ਸਿੰਘ ਸੋਢੀ ਜਿੱਤਣ ਦੇ ਰੌਂਅ ਵਿਚ ਹਨ। ਫਿਰੋਜ਼ਪੁਰ ਦਿਹਾਤ ਵਿਚੋਂ ਸਤਿਕਾਰ ਕੌਰ ਗਹਿਰੀ ਵੀ ਚੰਗੇ ਮੁਕਾਬਲੇ ਵਿਚ ਹੈ ਤੇ ਉਹ ਵੀ ਜਿੱਤ ਹਾਸਲ ਕਰੇਗੀ। 'ਆਪ' ਦੇ ਮੋਹਨ ਸਿੰਘ ਫਲੀਆਂਵਾਲੇ ਦਾ ਏਨਾ ਜ਼ੋਰ ਨਹੀਂ ਹੈ। ਇਹ ਪੁਛੇ ਜਾਣ 'ਤੇ ਕਿ ਤੁਸੀਂ 'ਆਪ' ਦੀ ਹਮਾਇਤ ਕਿਉਂ ਨਹੀਂ ਕਰਦੇ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ 'ਆਪ' ਦਾ ਇਥੋਂ ਕੋਈ ਵੀ ਲੀਡਰ ਚੱਜ ਦਾ ਨਹੀਂ...ਕੋਈ ਦਮਦਾਰ ਆਗੂ ਹੁੰਦਾ ਤਾਂ ਲੋਕ ਉਹਨੂੰ ਵੋਟ ਪਾਉਂਦੇ ਵੀ...।*

ਅਸੀਂ ਦੁਕਾਨਦਾਰ ਲੋਕ ਹਾਂ, ਖੁੱਲ੍ਹ ਕੇ ਕਾਂਗਰਸ ਨਾਲ ਨਹੀਂ ਚੱਲ ਸਕਦੇ...ਆਖ਼ਰ ਸਾਡੇ ਕਾਰੋਬਾਰ ਦਾ ਸਵਾਲ ਹੈ ਪਰ ਅਸੀਂ ਵੋਟ ਕਾਂਗਰਸ ਨੂੰ ਹੀ ਪਾਵਾਂਗੇ।'

ਉਥੋਂ ਨਿਕਲਦਿਆਂ ਜਲੰਧਰ 'ਚ ਡੇਰਾ ਲਾਉਂਦੇ ਹਾਂ। ਇਥੇ ਜਿੰਨਿਆਂ ਨਾਲ ਵੀ ਗੱਲ ਕੀਤੀ ਕਿ ਬੱਸ ਏਨਾ ਹੀ ਕਿਹਾ ਕਿ ਅਕਾਲੀਆਂ ਨੂੰ ਭਜਾਉਣਾ ਹੈ ਤੇ ਕੈਪਟਨ ਨੂੰ ਲਿਆਉਣਾ ਹੈ। ਇਥੇ 'ਆਪ' ਦਾ ਕੋਈ ਆਧਾਰ ਨਹੀਂ ਹੈ।

ਸਵੇਰੇ ਉਠਦਿਆਂ ਹੀ ਅੰਮ੍ਰਿਤਸਰ ਜ਼ਿਲ੍ਹੇ 'ਚ ਬਿਕਰਮ ਮਜੀਠੀਏ ਦੇ ਹਲਕੇ ਵੱਲ ਰੁਖ਼ ਕਰਦੇ ਹਾਂ। ਪਤਾ ਲਗਦਾ ਹੈ ਕਿ ਬਿਕਰਮ ਮਜੀਠੀਆ ਢੀਂਗਾ ਨੰਗਲ ਵਿਚ ਸਭਾ ਨੂੰ ਸੰਬੋਧਨ ਕਰ ਰਿਹਾ ਹੈ। ਉਥੇ ਪੁੱਜਦੇ ਹਾਂ ਤਾਂ ਵੱਡੇ ਸਾਰੇ ਘਰ ਦੇ ਖੁੱਲ੍ਹੇ ਵਿਹੜੇ ਵਿਚ 60-70 ਬੰਦਿਆਂ ਦਾ ਕੱਠ ਹੈ। ਤੇ ਬਿਕਰਮ ਮਜੀਠੀਆ ਭਾਸ਼ਣ ਦੇ ਕੇ ਹਟਦਾ ਹੈ ਤੇ ਇਕ ਬੀਬੀ ਖੜ੍ਹੀ ਹੋ ਕੇ ਕਹਿੰਦੀ ਹੈ, 'ਮਜੀਠੀਆ ਜੀ ਸਾਡੇ ਪਿੰਡ ਨੂੰ ਬੱਸ ਹੀ ਲਵਾ ਦਿਓ...ਅੱਗੋਂ ਮਜੀਠੀਆ ਕਹਿੰਦੇ ਹਨ, 'ਤੂੰ ਬੱਸ ਕੀ ਕਰਨੀ ਐਂ...ਪਹਿਲਾਂ ਲਵਾਈ ਸੀ, ਕੋਈ ਚੜ੍ਹਦਾ ਨਹੀਂ ਸੀ...ਖਾਲੀ ਰਹਿ ਜਾਂਦੀ ਸੀ...ਜਦੋਂ ਕਿਤੇ ਜਾਣਾ ਹੁੰਦੈ...ਆਪਣੀਆਂ ਗੱਡੀਆਂ ਕਰਕੇ ਚਲੇ ਜਾਇਆ ਕਰੋ...। ਅੱਗੋਂ ਗ਼ਰੀਬੜੀ ਹੱਸ ਕੇ ਬੋਲਦੀ ਐ ਜੀ ਮੇਰੇ ਕੋਲ ਏਨੇ ਪੈਸੇ ਕਿੱਥੇ, ਤੁਸੀਂ ਇੰਤਜ਼ਾਮ ਕਰ ਦਿਆ ਕਰੋ...। ਲੋਕ ਹੱਸ ਕੇ ਟਾਲ ਦਿੰਦੇ ਨੇ ਤੇ 8-10 ਸਕਿਊਰਟੀ ਗਾਰਡ ਤੇ ਜਥੇਦਾਰ ਘੇਰਾ ਪਾ ਕੇ ਉਨ੍ਹਾਂ ਨੂੰ ਅੰਦਰ ਲੈ ਜਾਂਦੇ ਹਨ।



*ਰੈਲੀ 'ਚੋਂ ਬਾਹਰ ਨਿਕਲਦਿਆਂ ਹੀ ਬਜ਼ੁਰਗ ਸੁਭੇਗ ਸਿੰਘ ਮਿਲਦਾ ਹੈ ਜੋ ਪੂਰਾ ਵੈਲੀ ਲਗਦਾ ਹੈ। ਉਹ ਅੱਖਾਂ ਅੱਖਾਂ ਵਿਚ ਹੀ ਗੱਲਾਂ ਕਰਦਾ ਹੈ। ਦੰਦਾਂ ਵਿਚ ਹੀ ਮੁਸਕਰਾ ਕੇ ਸਾਰਾ ਭੇਤ ਖੋਲ੍ਹ ਦਿੰਦਾ ਹੈ। ਸਾਡੇ ਪੁਛਣ 'ਤੇ ਕਹਿੰਦਾ ਹੈ-ਜੇ ਸਾਰੇ ਇਕੋ ਜਿਹੇ ਨੇ... ਕੇਜਰੀਵਾਲ ਦਾ ਏਨਾ ਆਧਾਰ ਨਹੀਂ, ਜਿਨ੍ਹਾਂ ਦਾ ਜ਼ੋਰ ਐ, ਉਹੀ ਜਿੱਤ ਜਾਣਗੇ...*






## ਕੈਪਟਨ ਤਾਂ ਆਪਣੀ ਜ਼ਨਾਨੀ ਨੂੰ ਨਹੀਂ ਮਿਲਦਾ

*ਇਸ ਹਲਕੇ ਵਿਚ ਇਕ ਦਿਨ ਪਹਿਲਾਂ ਹੀ ਕੈਪਟਨ ਅਮਰਿੰਦਰ ਸਿੰਘ ਫੇਰੀ ਲਾ ਕੇ ਗਏ ਹਨ। ਬਿਕਰਮ ਮਜੀਠੀਆ ਦਾ ਨਿਸ਼ਾਨਾ ਵੀ ਇਸੇ ਕਰਕੇ ਕੈਪਟਨ ਵੱਲ ਹੈ। ਉਹ ਬੋਲ ਰਹੇ ਹਨ-'ਦੇਖੋ, ਬਾਦਲ ਸਾਹਿਬ ਨੇ ਕਿੰਨੇ ਕੰਮ ਕਰਵਾ ਕੇ ਦਿੱਤੇ ਥੋਡੇ...ਸਾਰੀਆਂ ਸਹੂਲਤਾਂ ਥੋਨੂੰ ਮਿਲਦੀਆਂ ਨੇ...ਬਾਦਲ ਸਾਹਿਬ ਥੋਡੇ ਆਪਣੇ ਨੇ ਥੋਡੇ ਵਿਚ ਹੀ ਰਹਿੰਦੇ ਨੇ...ਕੈਪਟਨ ਦਾ ਕੀ ਐ, ਉਹ ਤਾਂ ਆਪਣੀ ਜ਼ਨਾਨੀ ਨੂੰ ਨਹੀਂ ਮਿਲਦਾ ਤੇ ਚੋਣਾਂ ਜਿੱਤ ਕੇ ਥੋਨੂੰ ਕਿਥੋਂ ਮਿਲੂ।"*



ਪਟਿਆਲਾ-ਸੁਨਾਮ ਸੜਕ 'ਤੇ ਭਵਾਨੀਗੜ੍ਹ ਨੇੜੇ ਮੁੱਖ ਸੜਕ 'ਤੇ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਵਿਨੈ ਇੰਦਰ ਸਿੰਗਲਾ ਹਮਾਇਤੀ ਰੈਲੀ ਕੱਢਦੇ ਹੋਏ।

*ਪੈਸਾ ਚੜ੍ਹਦੈ ਇਥੇ...ਮੇਰੇ-ਤੇਰੇ ਵਰਗਾ ਬੋਲੇ ਤਾਂ ਪਰਚੇ ਹੋ ਜਾਂਦੇ ਨੇ...। ਅਸੀਂ ਪੁਛਦੇ ਹਾਂ ਕਿ ਸੁਣਿਆ ਹੈ ਕਿ ਮਜੀਠੀਆ ਬੜਾ ਧਾਰਮਿਕ ਬੰਦਾ ਹੈ...ਸਵੇਰੇ-ਸ਼ਾਮ ਪਾਠ ਪੂਜਾ ਕਰਨ ਵਾਲਾ...ਨਸ਼ਿਆਂ ਦਾ ਨਾਂ ਤਾਂ ਉਹਦੇ 'ਤੇ ਉਈਂ ਮੜ੍ਹਿਆ ਜਾ ਰਿਹੈ... ਨਸ਼ੇ ਤਾਂ ਇਧਰ ਹੈ ਨਹੀਂ... 'ਇਹ ਤਾਂ ਜੀ ਥੋਨੂੰ ਈ ਪਤਾ ਹੋਊ...ਤੁਸੀਂ ਆਪ ਸਿਆਣੇ ਓਂ...ਮੈਂ ਕੀ ਕਹਾਂ ਥੋਨੂੰ...ਆਹ ਮੇਰੇ ਨਾਲ ਨੌਜਵਾਨ ਖੜ੍ਹਾ ਹੈ, ਓਏ ਦਸ ਤੂੰਹੀਂ ਕਿੰਨੇ ਨਸ਼ੇ ਕਰਦਾ ਰਿਹੈਂ...ਬਥੇਰੇ ਮੁੰਡੇ ਮਰੇ ਆ ਜੀ ਨਸ਼ਿਆਂ ਨਾਲ ਏਥੇ...ਬਾਕੀ ਅਸੀਂ ਕੀ ਕਹੀਏ, ਤੁਸੀਂ ਆਪ ਸਿਆਣੇ ਹੋ। ਉਂ ਤਾਂ ਕਾਂਗਰਸ ਦਾ ਵੀ ਜ਼ੋਰ ਐ...ਲੋਕ ਕਹਿੰਦੇ ਨੇ ਲਾਲੀ ਮਜੀਠੀਆ ਚੰਗੀ ਵੋਟ ਲੈ ਜਾਊ...ਕੱਲ੍ਹ ਉਹ ਵੀ ਚੰਗਾ ਕੱਠ ਕਰ ਕੇ ਗਿਐ ਪਿੰਡ ਵਿਚ।*

ਇਥੋਂ ਨਿਕਲਦਿਆਂ ਹੀ ਚਾਹ ਦੀ ਤਲਬ ਉਠਦੀ ਹੈ ਤੇ ਇਕ ਹਲਵਾਈ ਦੀ ਦੁਕਾਨ ਅੰਦਰ ਜਾਂਦੇ ਹਾਂ। ਚਾਹ ਪੀਣ ਮਗਰੋਂ ਦੁਕਾਨਦਾਰ ਤੋਂ ਸੂਹ ਲੈਣ ਦੀ ਕੋਸ਼ਿਸ਼ ਕਰਦੇ ਹਾਂ। ਉਹ ਕਹਿੰਦਾ ਹੈ-'ਮਜੀਠਾ 'ਚ ਜਿੰਨਾ ਵਿਕਾਸ ਪਿਛਲੇ ਦਸ ਸਾਲਾਂ ਵਿਚ ਹੋਇਐ, ਓਨਾ ਕਦੇ ਨਹੀਂ ਹੋਇਆ। ਸਸਤਾ ਆਟਾ-ਦਾਲ, ਮੁਫ਼ਤ ਬਿਜਲੀ ਮਿਲਦੀ ਹੈ। ਦੇਖੋ ਜੀ ਜਿਹਨੂੰ ਤਾਂ ਸਹੂਲਤਾਂ ਮਿਲਦੀਆਂ ਨੇ, ਉਹ ਤਾਂ ਅਕਾਲੀ ਦਲ ਨੂੰ ਹੀ ਵੋਟ ਪਾਊ, ਜਿਹਨੂੰ ਨਹੀਂ ਮਿਲਦੀਆਂ, ਉਹ ਖ਼ਿਲਾਫ਼ ਜਾਊ।' ਏਨੇ ਨੂੰ ਇਕ ਹੋਰ ਸਰਦਾਰ ਜੀ ਨਾਲ ਖੜ੍ਹਦੇ ਨੇ। ਉਹ ਅਕਾਲੀ ਹੱਕ ਵਿਚ ਸੁਰ ਅਲਾਪਦੇ ਨੇ-'ਮਜੀਠੀਆ ਆਪ ਸਹੀ ਐ, ਉਹਦੇ ਕਰਿੰਦੇ ਮਾੜੇ ਨੇ। ਉਨ੍ਹਾਂ ਨੇ ਹੀ ਗੰਦ ਪਾਇਐ। ਲੋਕਾਂ ਨੂੰ ਏਨੀਆਂ ਸਹੂਲਤਾਂ ਮਿਲਦੀਆਂ ਨੇ, ਜੇ ਕੋਈ ਹੋਰ ਆ ਗਿਆ ਤਾਂ ਬੰਦ ਹੋ ਜਾਣਗੀਆਂ।'

ਇਸੇ ਸੜਕ 'ਤੇ ਆਮ ਆਦਮੀ ਪਾਰਟੀ ਦਾ ਦਫ਼ਤਰ ਹੈ। ਇੱਥੇ ਦਿੱਲੀ ਵਾਲੇ ਨੌਜਵਾਨਾਂ ਦੀ ਚਹਿਲ-ਪਹਿਲ ਹੈ। ਪੂਰੇ ਜ਼ੋਰ-ਸ਼ੋਰ ਨਾਲ ਪ੍ਰਚਾਰ ਸਮੱਗਰੀ ਟਿਕਾਣੇ 'ਤੇ ਭੇਜੀ ਜਾ ਰਹੀ ਹੈ। ਚਾਰ-ਪੰਜ ਲੈਪਟੋਪ ਦਗੜ ਦਗੜ ਚੱਲ ਰਹੇ ਹਨ। 'ਆਪ' ਦੇ ਉਮੀਦਵਾਰ ਹਿੰਮਤ ਸਿੰਘ ਸ਼ੇਰਗਿਲ ਨੂੰ ਮਿਲਣ ਦੀ ਕੋਸ਼ਿਸ਼ ਕਰਦੇ ਹਾਂ ਪਰ ਉਹ ਅੰਮ੍ਰਿਤਸਰ ਕਿਸੇ ਟੀ.ਵੀ. ਸ਼ੋਅ ਵਿਚ ਰੁਝੇ ਹੋਏ ਹਨ। ਸ਼ਹਿਰ ਦੇ ਪੰਜਾਬੀਆਂ ਦੀ ਕੋਈ ਸਰਗਰਮੀ ਇਸ ਦਫ਼ਤਰ ਵਿਚ ਨਜ਼ਰ ਨਹੀਂ ਆਉਂਦੀ। ਸ਼ਾਇਦ ਲੋਕ ਖੁੱਲ੍ਹ ਕੇ 'ਆਪ' ਨਾਲ ਜੁੜਨਾ ਨਹੀਂ ਚਾਹੁੰਦੇ। ਉਹ ਚੁੱਪ-ਚਪੀਤੇ ਆਪਣੀ ਵੋਟ ਦੀ ਤਾਕਤ ਦਿਖਾਉਣਾ ਚਾਹੁੰਦੇ ਹਨ। ਲੋਕਾਂ ਦੇ ਚਿਹਰਿਆਂ 'ਤੇ ਸਹਿਮ ਭਰੀ ਚੁੱਪ ਸਾਫ਼ ਦਿਖਾਈ ਦਿੰਦੀ ਹੈ।

ਇਥੋਂ ਪਿੰਡਾਂ ਵਿਚ ਨਿਕਲ ਕੇ ਬਟਾਲਾ ਵੱਲ ਚਾਲੇ ਪਾਉਂਦੇ ਹਾਂ। ਹੁਣ ਬਿਕਰਮ ਮਜੀਠੀਆ ਪਿੰਡ ਢੀਂਗਾ ਨੰਗਲ ਤੋਂ ਚੱਲ ਕੇ ਪਿੰਡ ਜਲਾਲਪੁਰਾ ਪੁੱਜ ਗਿਆ ਹੈ। ਇਥੇ ਸਕਿਊਰਟੀ ਵਾਲੀਆਂ ਗੱਡੀਆਂ ਦੀ ਭਰਮਾਰ ਹੈ। ਪੁਛਣ 'ਤੇ ਪਤਾ ਲਗਦਾ ਹੈ ਕਿ ਬਿਕਰਮ ਮਜੀਠੀਏ ਦੀ ਭੈਣ ਬੀਬੀ ਹਰਸਿਮਰਤ ਕੌਰ ਬਾਦਲ ਆਪਣੇ ਭਰਾ ਦੇ ਹੱਕ ਵਿਚ ਪ੍ਰਚਾਰ ਕਰਨ ਲਈ ਪੁੱਜ ਗਈ। ਸੜਕ 'ਤੇ 20 ਕੁ ਮੁੰਡਿਆਂ ਦਾ ਟੋਲਾ ਅਕਾਲੀਆਂ ਦੀ ਝੰਡੀਆਂ ਲਈ ਮੋਟਰਸਾਈਕਲਾਂ ਦੀ ਕਤਾਰ ਬਣਾਈ ਖੜ੍ਹਾ ਹੈ। ਕਿਸੇ ਦੇ ਚਿਹਰੇ 'ਤੇ ਸ਼ਰਾਫ਼ਤ ਨਜ਼ਰ ਨਹੀਂ ਆਉਂਦੀ...ਪਹਿਰਾਵੇ ਤੋਂ ਵੀ ਬਦਮਾਸ਼ਾਂ ਵਾਲੀ ਝਲਕ ਮਿਲਦੀ ਹੈ। ਨਾਲ ਹੀ ਭੰਗਾਲੀ ਪਿੰਡ ਹੈ ਜਿੱਥੇ ਨਿੱਜੀ ਤੌਰ 'ਤੇ ਫਾਟਕ ਲਾਈ ਦੋ ਨੌਜਵਾਨ ਖੜ੍ਹੇ ਹਨ। ਥੋੜ੍ਹੀ ਦੂਰ ਜਾ ਕੇ ਹਾਈਵੇ ਉਤੇ ਚੜ੍ਹਨ ਤੋਂ ਐਨ ਪਹਿਲਾਂ ਨਾਕੇ ਉੱਤੇ ਅਜੈ ਪਾਲ ਤੇ ਸਰਬਜੀਤ ਸਿੰਘ ਦਾ ਕਹਿਣਾ ਹੈ ਕਿ ਇਸ ਵਾਰ ਮੁਕਾਬਲਾ ਤਿਕੋਣਾ ਹੈ। 'ਆਪ' ਦੇ ਹਿੰਮਤ ਸਿੰਘ ਸ਼ੇਰਗਿਲ ਵੀ ਮੁਕਾਬਲੇ ਵਿਚ ਹਨ। ਲੋਕ ਅਕਾਲੀਆਂ ਤੋਂ ਖਫ਼ਾ ਹਨ ਕਿਉਂਕਿ ਥਾਂ ਥਾਂ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਤੇ ਕਿਸੇ ਨੂੰ ਸਜ਼ਾ ਨਹੀਂ ਹੋਈ।

### ਅਸੀਂ ਤਾਂ ਜੀ ਦਿਹਾੜੀ ਲਾਉਣੀ ਐ।



*ਜੰਲਧਰ-ਪਠਾਨਕੋਟ ਹਾਈਵੇ ਦੇ ਐਨ ਨਾਲ ਲਗਦੇ ਫਾਰਮ ਉਤੇ ਪਿੰਡਾਂ ਦੀ ਚੋਣ ਗਰਮੀ ਮਗਰੋਂ ਖੇਤਾਂ ਦੀ ਠੰਢੀ, ਸਿੱਲ੍ਹੀ ਧਰਤੀ 'ਤੇ ਜਾ ਰੁਕਦੇ ਹਾਂ। ਇਥੇ ਬਿਹਾਰ ਤੇ ਉਤਰ ਪ੍ਰਦੇਸ਼ ਤੋਂ ਆਏ ਟੱਬਰ ਮਟਰਾਂ ਦੇ ਖੇਤ ਵਿਚ ਜੁਟੇ ਹੋਏ ਹਨ। ਇਹ ਟੱਬਰ ਕਈ ਚਿਰਾਂ ਤੋਂ ਇਥੇ ਵਸਦੇ ਹੋਣ ਕਾਰਨ ਪੰਜਾਬੀ ਹੀ ਲਗਦੇ ਹਨ ਤੇ ਸੋਹਣੀ ਪੰਜਾਬੀ ਹੀ ਬੋਲਦੇ ਹਨ। ਤਸਵੀਰ ਖਿਚਦੀ ਦੇਖ ਖੇਤ ਦਾ ਮਾਲਕ ਲਖਵਿੰਦਰ ਸਿੰਘ ਤੇ ਕਾਮਾ ਜਗਤਾਰ ਸਿੰਘ ਸਾਡੇ ਲਾਗੇ ਆ ਜਾਂਦੇ ਹਨ। ਉਨ੍ਹਾਂ ਮੁਤਾਬਕ ਇਸ ਇਲਾਕੇ ਵਿਚ ਫਸਵਾਂ ਮੁਕਾਬਲਾ ਹੈ ਪਰ ਕਾਂਗਰਸ ਦਾ ਹੱਥ ਉਪਰ ਲਗਦਾ ਹੈ।*

ਬਟਾਲਾ ਸ਼ਹਿਰ ਵਿਚ ਪੁਜਦਿਆਂ ਹੀ ਆਮ ਆਦਮੀ ਪਾਰਟੀ ਦੇ ਲਾਉਡ ਸਪੀਕਰ ਨਾਲ ਸਵਾਗਤ ਹੁੰਦਾ ਹੈ। ਇਥੇ ਵੀ ਮੁਕਾਬਲਾ 'ਆਪ' ਦੇ ਗੁਰਪ੍ਰੀਤ ਸਿੰਘ ਵੜੈਚ ਤੇ ਕਾਂਗਰਸ ਦੇ ਅਸ਼ਵਨੀ ਸ਼ੇਖੜੀ ਨਾਲ ਹੈ। ਅਕਾਲੀ ਦਲ ਦਾ ਲਖਬੀਰ ਸਿੰਘ ਲੋਧੀਨੰਗਲ ਬਹੁਤ ਪਿਛੇ ਹੈ। ਦੁਕਾਨ 'ਤੇ ਬੈਠੇ ਵਿਨੇ ਕੁਮਾਰ, ਮੋਹਿਤ ਗਰਗ, ਰਜੇਸ਼ ਮਹਿਤਾ ਤੇ ਉਹਦੇ ਸਾਥੀਆਂ ਨਾਲ ਗੱਲ ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਹੈ,

*'ਮੋਦੀ ਸਾਹਿਬ ਕਹਿੰਦੇ ਸੀ ਕਿ ਪੰਜਾਬ ਵਿਚ ਗੁਜਰਾਤ ਮਾਡਲ ਲਿਆਵਾਂਗੇ...ਗੁਜਰਾਤ ਮਾਡਲ ਤਾਂ ਕੀ, ਸਗੋਂ ਨੋਟਬੰਦੀ ਕਰਕੇ ਰਾਤੋ-ਰਾਤ ਸਾਡੇ ਕਾਰੋਬਾਰ ਠੱਪ ਕਰ ਦਿੱਤੇ। ਇਹ ਤਾਂ ਹੁਣ ਉਨ੍ਹਾਂ ਯੂ.ਪੀ. ਚੋਣਾਂ ਵਿਚ ਹੀ ਪਤਾ ਚੱਲੂ ਕਿ ਨੋਟਬੰਦੀ ਦਾ ਅਸਰ ਕਿਵੇਂ ਪੈਂਦਾ ਹੈ। ਉਂਜ ਇਥੇ ਸ਼ੇਖੜੀ ਦਾ ਪੱਲਾ ਭਾਰੀ ਹੈ। ਅਕਾਲੀ ਪੂਰੀ ਤਰ੍ਹਾਂ ਆਊਟ ਹਨ ਤੇ ਭਾਜਪਾ ਵਾਲਿਆਂ ਨੇ ਕਾਰੋਬਾਰ ਠੱਪ ਕਰ ਦਿੱਤੇ ਹਨ। ਘੁੱਗੀ ਵੀ ਕਾਫ਼ੀ ਸਰਗਰਮ ਹੈ ਪਰ ਪਿੰਡਾਂ ਵਿਚ ਓਨਾ ਆਧਾਰ ਨਹੀਂ। ਸ਼ੇਖੜੀ ਦਾ ਇੰਜ ਐ ਬਈ ਜੇ ਉਹਨੇ ਕੁਝ ਕੀਤਾ ਨਹੀਂ ਤਾਂ ਵਿਗਾੜਿਆ ਵੀ ਕੁਝ ਨਹੀਂ। ਇਸ ਲਈ ਅਸੀਂ ਤਾਂ ਉਹਨੂੰ ਪਰਖਾਂਗੇ...ਦੂਜਾ ਮਹਾਜਨਾ ਦੀ ਵੋਟ ਕਾਂਗਰਸ ਨੂੰ ਹੀ ਜਾਊ।* ਸ਼ੇਖੜੀ ਦਾ ਭਰਾ ਵੀ ਖੜ੍ਹਾ ਪਰ ਉਹਦਾ ਏਨਾ ਅਸਰ ਨਹੀਂ ਹੋਣਾ।

ਸਾਹਮਣੇ 'ਆਪ' ਦਾ ਦਫ਼ਤਰ ਨਜ਼ਰ ਆਉਂਦਾ ਹੈ ਤੇ ਇਥੇ ਵੀ ਨੌਜਵਾਨ ਸਰਗਰਮ ਹਨ। ਗੁਰਪ੍ਰੀਤ ਸਿੰਘ ਵੜੈਚ ਦੇ ਲਾਗਲੇ ਪਿੰਡਾਂ ਵਿਚ ਹੋਣ ਬਾਰੇ ਪਤਾ ਲਗਦਿਆਂ ਹੀ, ਉਨ੍ਹਾਂ ਨਾਲ ਗੱਲਬਾਤ ਕਰਕੇ ਪਿੰਡ ਤਲਵੰਡੀ ਚੁੰਘਲਾ ਪਹੁੰਚ ਜਾਂਦੇ ਹਾਂ। ਇਥੇ ਕੋਈ ਵਿਆਹ ਸਮਾਗਮ ਹੈ, ਜਿੱਥੇ ਨਾਲ ਹੀ ਮਾਈਕ 'ਤੇ ਅਨਾਊਸਮੈਂਟ ਕਰਕੇ ਪਿੰਡ ਵਾਸੀਆਂ ਨੂੰ ਸੱਦਿਆ ਜਾਂਦਾ ਹੈ।



### ਮੁਕਾਬਲਾ 'ਆਪ' ਵਰਸਜ਼ ਆਲ

ਗੁਰਪ੍ਰੀਤ ਸਿੰਘ ਵੜੈਚ ਸਹਿਜ ਨਜ਼ਰ ਆਉਂਦੇ ਹਨ। ਛੋਟੀ ਜਿਹੀ ਮੁਲਾਕਾਤ ਦੌਰਾਨ ਉਹ ਕਹਿੰਦੇ ਹਨ, 'ਦੇਖੋ ਜੀ ਮੁਕਾਬਲਾ 'ਆਪ' ਵਰਸਜ਼ ਆਲ ਹੈ। ਅਸੀਂ ਲੋਕਾਂ ਦੀ ਉਮੀਦ ਹਾਂ। ਸਿਆਸੀ ਤੌਰ 'ਤੇ ਸੁਚੇਤ ਹੋਣ ਕਾਰਨ ਅਸੀਂ ਪਹਿਲਾਂ ਚੌਕੀਦਾਰ ਸੀ ਤੇ ਹੁਣ ਅਮਨ-ਕਾਨੂੰਨ ਦਾ ਹਿੱਸਾ ਬਣਨ ਜਾ ਰਹੇ ਹਾਂ। ਸਾਡੇ ਨਾਲ ਪਰਵਾਸੀਆਂ ਦਾ ਵੱਡਾ ਹੌਸਲਾ ਹੈ। ਅਸੀਂ ਉਨ੍ਹਾਂ ਦੀਆਂ ਉਮੀਦਾਂ 'ਤੇ ਖਰੇ ਉਤਰਨਾ ਚਾਹੁੰਦੇ ਹਾਂ। ਦਰਅਸਲ, ਸਾਡੇ ਪਰਵਾਸੀ ਭਰਾ ਬੜੀ ਭਾਵੁਕਤਾ ਨਾਲ ਆਮ ਆਦਮੀ ਪਾਰਟੀ ਨਾਲ ਜੁੜੇ ਹਨ। ਜਿਸ ਤਰ੍ਹਾਂ ਅਕਾਲੀਆਂ-



ਲੰਬੀ ਹਲਕੇ ਤੋਂ ਅਕਾਲੀ ਸੁਪਰੀਮੋ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਵੱਡੀ ਸਿਰਦਰਦੀ ਖੜ੍ਹੀ ਕਰਨ ਵਾਲੇ ਆਮ ਆਦਮੀ ਪਾਰਟੀ ਪੰਜਾਬ ਦੇ ਕਨਵੀਨਰ ਤੇ ਉਮੀਦਵਾਰ ਪੱਤਰਕਾਰ ਜਰਨੈਲ ਸਿੰਘ ਮਹਿਣਾ ਪਿੰਡ ਵਿਚ ਚੋਣ ਪ੍ਰਚਾਰ ਕਰਦੇ ਹੋਏ।

ਕਾਂਗਰਸੀਆਂ ਨੇ ਪੰਜਾਬ ਦੀ ਹਾਲਤ ਬਦਤਰ ਕਰ ਦਿੱਤੀ ਹੈ, ਉਸ ਤੋਂ ਬੇਹੱਦ ਦੁਖੀ ਹਨ। ਉਹ ਪੰਜਾਬ ਨੂੰ ਇਨ੍ਹਾਂ ਦੇ ਚੁੰਗਲ ਵਿਚੋਂ ਛੁਡਾਉਣਾ ਚਾਹੁੰਦੇ ਹਨ। ਉਹ 'ਆਪ' ਦਾ ਸਾਥ ਇਸ ਕਰਕੇ ਵੀ ਦੇ ਰਹੇ ਹਨ ਕਿ ਉਨ੍ਹਾਂ ਨੂੰ ਇੱਥੇ ਆਪਣੀਆਂ ਜਾਇਦਾਦਾਂ ਸੁਰੱਖਿਅਤ ਚਾਹੀਦੀਆਂ ਹਨ। ਉਨ੍ਹਾਂ ਨੂੰ ਨਿਵੇਸ਼ ਕਰਨ ਦੀਆਂ ਨਰਮ ਸ਼ਰਤਾਂ ਚਾਹੀਦੀਆਂ ਹਨ। ਉਹ ਨਹੀਂ ਚਾਹੁੰਦੇ ਕਿ ਨਿੱਕੇ ਮੋਟੇ ਕੰਮ ਕਰਵਾਉਣ ਲਈ ਉਨ੍ਹਾਂ ਨੂੰ ਖੱਜਲ ਖੁਆਰ ਹੋਣਾ ਪਵੇ। ਪੰਜਾਬ ਵਿਚ ਫੈਲੇ ਨਸ਼ਿਆਂ, ਭ੍ਰਿਸ਼ਟਾਚਾਰ ਤੇ ਗੁੰਡਾਗਰਦੀ ਤੋਂ ਉਹ ਬਹੁਤ ਦੁਖੀ ਹਨ। ਉਹ ਪੰਜਾਬ ਦਾ ਦਰਦ ਮਹਿਸੂਸ ਕਰਕੇ ਹੀ ਸਾਡੀ ਮਦਦ ਲਈ ਆਏ ਹਨ। ਮਜੀਠੀਆ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਮਜੀਠੀਆ ਤੇ ਉਹਦੇ ਬੰਦੇ ਲੋਕਾਂ ਨੂੰ ਡਰਾ ਧਮਕਾ ਰਹੇ ਹਨ। ਉਨ੍ਹਾਂ ਨੂੰ ਕਹਿ ਰਹੇ ਹਨ ਕਿ 'ਕੱਲੇ-'ਕੱਲੇ ਦੀ ਪਛਾਣ ਕਰਾਂਗੇ...ਜਿਨ੍ਹਾਂ ਸਾਡੇ ਖ਼ਿਲਾਫ਼ ਵੋਟ ਪਾਈ...ਉਹਨੂੰ ਸਬਕ ਸਿਖਾਵਾਂਗੇ। ਮੁਫ਼ਤ ਸਹੂਲਤਾਂ ਦੇ ਲਾਲਚ ਦੇ ਰਹੇ ਹਨ।

ਇਸ ਦੇ ਨਾਲ ਹੀ ਤਲਵੰਡੀ ਚੁੰਘਲਾ ਤੋਂ ਨਿਕਲ ਕੇ ਹੁਸ਼ਿਆਰਪੁਰ ਵੱਲ ਚਾਲੇ ਪਾਉਂਦੇ ਹਾਂ। ਰੋਟੀ ਖਾਣ ਲਈ ਢਾਬੇ 'ਤੇ ਰੁਕਦੇ ਹਾਂ ਤੇ ਇਥੇ ਵੀ ਆਲੇ-ਦੁਆਲੇ ਲੋਕਾਂ ਨਾਲ ਕੀਤੀ ਗੱਲਬਾਤ ਤੋਂ ਕਾਂਗਰਸ ਤੇ 'ਆਪ' ਵਿਚਾਲੇ ਹੀ ਟੱਕਰ ਸਾਹਮਣੇ ਆਉਂਦੀ ਹੈ। ਅਕਾਲੀਆਂ ਪ੍ਰਤੀ ਲੋਕਾਂ ਵਿਚ ਰੋਸਾ ਹੈ ਤੇ ਅਕਾਲੀਆਂ ਨੂੰ ਹਰ ਹਾਲਤ ਵਿਚੋਂ ਇਥੋਂ ਭਜਾਉਣਾ ਚਾਹੁੰਦੇ ਹਨ। ਪਰ ਕਾਂਗਰਸ ਤੇ 'ਆਪ' ਦੋਹਾਂ ਵਿਚ ਕਾਂਗਰਸ ਦਾ ਪੰਜਾ ਜ਼ੋਰ ਦਿਖਾਉਂਦਾ ਨਜ਼ਰ ਆ ਰਿਹਾ ਹੈ।

ਵਾਪਸੀ ਦੇ ਆਖ਼ਰੀ ਪੜਾਅ ਦੌਰਾਨ ਦੁਆਬੇ ਦੇ ਮੁੱਖ ਸ਼ਹਿਰਾਂ ਹੁਸ਼ਿਆਰਪੁਰ, ਨਵਾਂ ਸ਼ਹਿਰ ਤੇ ਬੰਗਾ ਵਿੱਚ ਵੋਟਰਾਂ ਨਾਲ ਹੋਈ ਗੱਲਬਾਤ ਦੌਰਾਨ ਬਹੁਤੀਂ ਥਾਈਂ ਮੁਕਾਬਲਾ ਕਾਂਗਰਸ ਅਤੇ ਅਕਾਲੀਆਂ ਵਿਚਾਲੇ ਹੀ ਹੋਣ ਦਾ ਪ੍ਰਭਾਵ ਬਣਦਾ ਹੈ। ਪਰ ਇੱਥੇ ਵੀ ਨੌਜਵਾਨ ਵਰਗ ਦੇ ਹੁੰਗਾਰੇ ਨੂੰ ਵੇਖਦਿਆਂ ਆਮ ਆਦਮੀ ਪਾਰਟੀ ਦੀ ਹੋਂਦ ਨੂੰ ਘਟਾ ਕੇ ਨਹੀਂ ਵੇਖਿਆ ਜਾ ਸਕਦਾ ।

ਰੋਪੜ ਅਤੇ ਚਮਕੌਰ ਸਾਹਿਬ ਹਲਕਿਆਂ ਵਿੱਚ ਕਾਂਗਰਸ ਦੀ ਚੜ੍ਹਤ ਦਿਸਦੀ ਹੋਣ ਦੇ ਬਾਵਜੂਦ ਕਿਸੇ ਉਮੀਦਵਾਰ ਦੀ ਜਿੱਤ ਯਕੀਨੀ ਨਹੀਂ ਅਤੇ ਕੁਰਾਲੀ ਹਲਕੇ ਵਿੱਚ ਆਪ ਦੇ ਉਮੀਦਵਾਰ ਪੱਤਰਕਾਰ ਕੰਵਰ ਸੰਧੂ ਹੋਰਨਾਂ ਨਾਲੋਂ ਕਾਫ਼ੀ ਅੱਗੇ ਦਿਸਦੇ ਸਨ। ਪਰ ਚੰਡੀਗੜ੍ਹ ਦੇ ਨੇੜ੍ਹੇ ਪੈਂਦੇ ਮੋਹਾਲੀ ਅਤੇ ਡੇਰਾਬੱਸੀ ਹਲਕਿਆਂ ਵਿੱਚ ਕਿਸੇ ਪਾਰਟੀ ਦੇ ਉਮੀਦਵਾਰ ਦੀ ਹੂੰਝਾ ਫੇਰੂ ਜਿੱਤ ਦੇ ਬਹੁਤੇ ਆਸਾਰ ਨਜ਼ਰੀਂ ਨਹੀਂ ਸਨ ਪੈਂਦੇ।

ਅੰਮ੍ਰਿਤਸਰ ਟਾਈਮਜ਼ AMRITSAR TIMES

01 ਫਰਵਰੀ 2017 ਤੋਂ 07 ਫਰਵਰੀ 2017

## ਵੋਟਰਾਂ ਦੀ ਚੁੱਪ ਵਿੱਚ ਛੁਪਿਆ ਹੈ ਚੋਣ ਯੁੱਧ ਦਾ ਫੈਸਲਾ

ਪੰਜਾਬ ਵਿਚ ਧਾਰਮਿਕ ਬੇਅਦਬੀਆਂ, ਭ੍ਰਿਸ਼ਟਾਚਾਰ, ਨਸ਼ਾਖੋਰੀ ਤੇ ਬੇਰੁਜ਼ਗਾਰੀ ਦੀਆਂ ਅਲਾਮਤਾਂ ਹਾਕਮ ਧਿਰ ਦੀਆਂ ਜੜ੍ਹਾਂ ਵਿਚ ਬੈਠ ਗਈਆਂ ਤੇ ਇਹ ਹੋਣਾ ਵੀ ਸੀ। ਕਿਸਾਨੀ, ਖ਼ੁਦਕੁਸ਼ੀਆਂ, ਸਿਹਤ ਤੇ ਸਿੱਖਿਆ ਵਰਗੇ ਹੋਰ ਵੀ ਗੰਭੀਰ ਮਸਲੇ ਸਨ ਪਰ ਉਪਰਲੇ ਚਾਰ ਮਸਲੇ ਜ਼ਿਆਦਾ ਭਾਰੂ ਹੋ ਗਏ। ਲੰਬੇ ਸਮੇਂ ਤੋਂ ਅਕਾਲੀ ਤੇ ਕਾਂਗਰਸ ਹੀ ਸੂਬੇ 'ਤੇ ਰਾਜ ਕਰਦੇ ਆ ਰਹੇ ਹਨ ਪਰ ਇਸ ਵਾਰ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਤੀਜਾ ਬਦਲ ਦੇ ਦਿੱਤਾ ਹੈ। ਤੀਜਾ ਬਦਲ ਪੰਜਾਬੀਆਂ ਨੂੰ ਕਿੰਨਾ ਆਕਰਸ਼ਤ ਕਰਦਾ ਹੈ, ਇਹ ਤਾਂ ਚੋਣ ਨਿਸ਼ਾਨ 'ਤੇ ਠੱਪੇ ਮਗਰੋਂ ਹੀ ਪਤਾ ਲੱਗੇਗਾ ਕਿਉਂਕਿ ਬਹੁਤੇ ਪੰਜਾਬੀ ਖੁੱਲ੍ਹ ਕੇ ਸਾਹਮਣੇ ਨਹੀਂ ਆ ਰਹੇ। ਸੱਤਾ ਦੇ ਜ਼ੁਲਮਾਂ ਦੀ ਗੱਠ ਜਿਹੜੀ ਉਨ੍ਹਾਂ ਦੇ ਮਨਾਂ ਅੰਦਰ ਬੱਝੀ ਹੈ, ਉਹ ਜਦੋਂ ਖੁੱਲ੍ਹੇਗੀ ਤਾਂ ਸੱਤਾ ਦਾ ਰੁਖ਼ ਤੈਅ ਕਰੇਗੀ। ਲੋਕ ਹਾਲੇ ਚੁੱਪ ਹਨ। ਉਨ੍ਹਾਂ ਦੀ ਚੁੱਪ ਵਿਚ ਡਰ, ਸਹਿਮ ਤੇ ਆਉਣ ਵਾਲੇ ਸਮੇਂ ਦਾ ਭੇਤ ਲੁਕਿਆ ਹੋਇਆ ਹੈ। ਜ਼ਾਹਰਾ ਤੌਰ 'ਤੇ ਜਦੋਂ ਸਿਆਸਤਦਾਨਾਂ ਵਿਰੁਧ ਲੋਕਾਂ ਦੀ ਚੁੱਪ ਟੁੱਟਦੀ ਹੈ ਤਾਂ ਸੱਤਾ 'ਤੇ ਹੀ ਫਟ ਲਗਦੇ ਹਨ। ਇਸ ਚੁੱਪ ਵਿਚ ਕਿਸੇ ਇਕ ਧਿਰ ਨੂੰ ਸਪਸ਼ਟ ਬਹੁਮਤ ਜਾਂ ਲਟਕਵੀਂ ਵਿਧਾਨ ਸਭਾ ਦਾ ਮੰਤਰ ਲੁਕਿਆ ਹੋਇਆ ਹੈ।

ਬੇਸ਼ੱਕ ਆਮ ਆਦਮੀ ਪਾਰਟੀ ਦੇ ਰੂਪ ਵਿਚ ਤੀਜਾ ਬਦਲ ਲੋਕਾਂ ਸਾਹਮਣੇ ਪੇਸ਼ ਹੈ ਪਰ ਆਪ' ਵੀ ਕੋਈ ਸਾਰਥਕ ਭੂਮਿਕਾ ਨਿਭਾਉਂਦੀ ਨਜ਼ਰ ਨਹੀਂ ਆ ਰਹੀ। ਆਪ' ਲੀਡਰਸ਼ਿਪ ਨੇ ਆਪਣੇ ਚੰਗੇ, ਇਮਾਨਦਾਰ ਤੇ ਸਮਾਜ ਵਿਚ ਰਸੂਖ਼ ਰੱਖਣ ਵਾਲੇ ਨੇਤਾਵਾਂ ਨੂੰ ਅਜਿਹੀਆਂ ਸੀਟਾਂ 'ਤੇ ਚੋਣ ਮੈਦਾਨ ਵਿਚ ਉਤਾਰਿਆ ਹੈ, ਜਿਥੋਂ ਉਨ੍ਹਾਂ ਲਈ ਜਿੱਤ ਕੋਈ ਆਸਾਨ ਪ੍ਰਤੀਤ ਨਹੀਂ ਹੋ ਰਹੀ ਪਰ ਕੁਝ ਨੇਤਾ ਅਜਿਹੇ ਹਨ ਜੋ ਲੋਕਾਂ ਦੀ ਨਜ਼ਰ ਚੜ੍ਹਦੇ ਮਹਿਸੂਸ ਨਹੀਂ ਹੋ ਰਹੇ। ਸਪਸ਼ਟ ਤੌਰ 'ਤੇ ਹਾਕਮ ਧਿਰ ਖ਼ਿਲਾਫ਼ ਲਹਿਰ ਵਿਚ ਦੋ ਹੀ ਪਾਰਟੀਆਂ ਕਾਂਗਰਸ ਤੇ ਆਪ' ਵਿਚਾਲੇ ਬਰਾਬਰ ਦੀ ਟੱਕਰ ਹੈ। ਜਿੱਥੇ ਵੀ ਕਿਤੇ ਆਪ' ਦੇ ਨੇਤਾ ਆਪਣਾ ਪ੍ਰਭਾਵ ਦੇਣ ਵਿਚ ਅਸਫਲ ਨਜ਼ਰ ਆ ਰਹੇ ਹਨ, ਉਥੇ ਕਾਂਗਰਸ ਦੇ ਨੇਤਾ ਭਾਰੂ ਹਨ। ਲੋਕਾਂ ਦੀ ਮਾਨਸਿਕਤਾ ਵੀ ਇੱਥੇ ਤੱਕ ਪੁੱਜ ਚੁੱਕੀ ਹੈ ਕਿ ਉਹ ਬਦਲਾਅ ਤਾਂ ਚਾਹੁੰਦੇ ਹਨ ਪਰ ਨਾਲੋ-ਨਾਲ ਅਜਿਹੇ ਨੇਤਾ ਚਾਹੁੰਦੇ ਹਨ ਜੋ ਉਨ੍ਹਾਂ ਦੇ ਵਿਗੜੇ' ਕੰਮ ਵੀ ਕਰਵਾ ਸਕਣ।

ਅਕਾਲੀਆਂ ਦੇ ਮੁਕਾਬਲੇ ਅੱਜ ਭਾਵੇਂ ਲੋਕ ਫੇਰ ਕਾਂਗਰਸ ਦੇ ਨੇੜੇ ਵੀ ਲਗਦੇ ਜਾ ਰਹੇ ਹਨ ਪਰ ਉਨ੍ਹਾਂ ਨੂੰ ਦਸ ਸਾਲਾਂ ਵਿਚ ਕਾਂਗਰਸ ਦੀਆਂ ਜ਼ਿਆਦਤੀਆਂ ਭੁੱਲ ਹੀ ਗਈਆਂ ਹਨ। ਅਹਿਮ ਚਾਰ ਮਸਲਿਆਂ ਦੀ ਹੀ ਗੱਲ ਕਰੀਏ ਤਾਂ ਸਭ ਤੋਂ ਧਾਰਮਿਕ ਬੇਅਦਬੀ ਦਾ ਹੀ ਜ਼ਿਕਰ ਕਰੀਏ ਤਾਂ ਕਾਂਗਰਸ ਦੀ ਸੱਤਾ ਦੌਰਾਨ ਵੀ ਧਾਰਮਿਕ ਬੇਅਦਬੀ ਦੀ ਘਟਨਾਵਾਂ ਹੁੰਦੀਆਂ ਰਹੀਆਂ ਹਨ। ਦਰਬਾਰ ਸਾਹਿਬ 'ਤੇ ਹਮਲਾ ਵੀ ਕੇਂਦਰੀ ਕਾਂਗਰਸ ਦੀ ਸੱਤਾ ਵਿਚ ਹੀ ਹੋਇਆ। ਭ੍ਰਿਸ਼ਟਾਚਾਰ ਜਿੰਨਾ ਅੱਜ ਫੈਲਿਆ, ਇਹ ਕਾਂਗਰਸ ਰਾਜ ਵੇਲੇ ਦਾ ਹੀ ਵਿਸਥਾਰ ਹੈ। ਉਦੋਂ ਵੀ ਪੈਸੇ ਦੇ ਕੇ ਨੌਕਰੀਆਂ ਲੱਗਦੀਆਂ ਰਹੀਆਂ ਹਨ। ਬੇਰੁਜ਼ਗਾਰੀ ਦਾ ਆਲਮ ਉਦੋਂ ਵੀ ਇਸੇ ਤਰ੍ਹਾਂ ਸੀ। ਮੁਲਾਜ਼ਮਾਂ ਦਾ ਸੰਘਰਸ਼ ਵੀ ਏਨਾ ਤਿੱਖਾ ਸੀ ਕਿ ਉਸ ਨੂੰ ਕੁਚਲਣ ਲਈ ਕਾਂਗਰਸੀ ਹਕੂਮਤ ਨੇ ਮਹਿਲਾ ਮੁਲਾਜ਼ਮਾਂ ਤਕ ਨੂੰ ਨਹੀਂ ਸੀ ਬਖ਼ਸ਼ਿਆ। ਕਾਂਗਰਸ ਵੇਲੇ ਪਸਰੇ ਮੈਡੀਕਲ ਨਸ਼ੇ, ਅਕਾਲੀਆਂ ਦੀ ਸਰਕਾਰ ਆਉਂਦਿਆਂ ਹੀ ਖ਼ਤਰਨਾਕ ਰੂਪ ਧਾਰਨ ਕਰਕੇ ਚਿੱਟੇ, ਸਿੰਥੈਟਿਕ ਤੱਕ ਪੁੱਜ ਗਏ ਹਨ। ਚਲਨ ਇਹ ਹੈ ਕਿ ਇਕ ਧਿਰ ਸੱਤਾ ਵਿਚ ਰਹਿੰਦਿਆਂ ਲੋਕ ਵਿਰੋਧੀ ਨੀਤੀਆਂ ਘੜਦੀ ਹੈ ਤੇ ਦੂਜੀ ਧਿਰ ਸੱਤਾ ਸਾਂਭਦਿਆਂ ਹੀ ਉਨ੍ਹਾਂ ਨੀਤੀਆਂ ਨੂੰ ਹੋਰ ਜ਼ੋਰ-ਸ਼ੋਰ ਨਾਲ ਲਾਗੂ ਕਰਦੀ ਹੈ।

ਇਸ ਮਾਹੌਲ ਨੂੰ ਕੇਂਦਰੀ ਸੱਤਾ ਨਾਲ ਵੀ ਸਮਝਿਆ ਜਾ ਸਕਦਾ ਹੈ। ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਜਦੋਂ ਖੱਬੀਆਂ ਧਿਰਾਂ ਦੇ ਸਹਿਯੋਗ ਨਾਲ ਸਰਕਾਰ ਬਣੀ ਸੀ ਤਾਂ ਖੱਬੀਆਂ ਧਿਰਾਂ ਦੇ ਜ਼ੋਰ ਪਾਉਣ 'ਤੇ ਹੀ ਲੋਕ ਭਲਾਈ ਸਕੀਮਾਂ ਘੜੀਆਂ ਗਈਆਂ। ਇਹੀ ਕਾਰਨ ਸੀ ਕਿ ਦੂਜੀ ਵਾਰ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਕਾਂਗਰਸ ਸਰਕਾਰ ਆਈ ਪਰ ਉਸ ਵਾਰ ਖੱਬੀਆਂ ਧਿਰਾਂ ਸ਼ਾਮਲ ਨਹੀਂ ਸਨ। ਤੇ ਕਾਂਗਰਸ ਦੀ ਦੂਜੀ ਪਾਰੀ ਦੌਰਾਨ ਲੋਕ ਭਲਾਈ ਸਕੀਮਾਂ ਭਾਵੇਂ ਚਾਲੂ ਰਹੀਆਂ ਪਰ ਲੋਕਾਂ ਤਕ ਪੁੱਜਦਿਆਂ ਪੁੱਜਦਿਆਂ ਅਫ਼ਸਰਸ਼ਾਹੀ ਦੇ ਢਿੱਡਾਂ ਵਿਚ ਜਾਂਦੀਆਂ ਰਹੀਆਂ। ਲੋਕ ਵਿਰੋਧੀ ਸਮਾਜਿਕ, ਆਰਥਿਕ, ਵਿਦੇਸ਼ ਨੀਤੀਆਂ ਜਿੰਨੀਆਂ ਵੀ ਕਾਂਗਰਸ ਨੇ ਘੜੀਆਂ ਉਹ ਲੋਕ ਰੋਹ ਕਾਰਨ ਸਿਰੇ ਨਹੀਂ ਸੀ ਚੜ੍ਹੀਆਂ ਤੇ ਘੁਟਾਲਿਆਂ ਵਿਚ ਉਲਝ ਕੇ ਸੱਤਾ ਤੋਂ ਹੱਥ ਧੋ ਬੈਠੀ। ਫੇਰ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਆਉਂਦੀ ਹੈ ਪਰ ਕਿਉਂਕਿ ਉਹ ਬਹੁਮਤ ਨਾਲ ਸੱਤਾ ਵਿਚ ਆਉਂਦੀ ਹੈ ਤਾਂ ਉਹ ਜੰਮ ਕੇ ਉਨ੍ਹਾਂ ਨੀਤੀਆਂ ਨੂੰ ਅਗਾਂਹ ਵਧਾ ਰਹੀ ਹੈ। ਜਿਸ ਦੇ ਨਤੀਜੇ ਅੱਜ ਸਾਰਿਆਂ ਦੇ ਸਾਹਮਣੇ ਹਨ। ਲੋਕ ਭਲਾਈ ਸਕੀਮਾਂ ਤਾਂ ਮਨਮੋਹਨ ਸਰਕਾਰ ਵੇਲੇ ਦੀਆਂ ਚੱਲ ਰਹੀਆਂ ਹਨ ਪਰ ਕੇਂਦਰ ਤੇ ਪੰਜਾਬ ਸਰਕਾਰ ਨੇ ਉਨ੍ਹਾਂ ਦੇ ਨਾਂ ਬਦਲ ਕੇ ਆਪਣੇ ਨਾਵਾਂ ਦੀ ਮੋਹਰ ਲਾ ਦਿੱਤੀ ਹੈ। ਦੁੱਖ ਤਾਂ ਇਸ ਗੱਲ ਦਾ ਹੈ ਕਿ ਇਹ ਸਕੀਮਾਂ ਵੋਟਾਂ ਹਾਸਲ ਕਰਨ ਲਈ ਕਾਗਜ਼ਾਂ ਤੱਕ ਵਧੇਰੇ ਸੀਮਤ ਹਨ।

ਅਜਿਹੀ ਸੂਰਤ ਵਿਚ ਇਹ ਸਮਝਣਾ ਔਖਾ ਨਹੀਂ ਕਿ ਪੰਜਾਬ ਵਿਚ ਸਰਕਾਰ ਜੇਕਰ ਕਾਂਗਰਸ ਦੀ ਆਉਂਦੀ ਹੈ ਤਾਂ ਲੋਕਾਂ ਦੇ ਮਸਲੇ ਉਵੇਂ ਦੇ ਉਵੇਂ ਹੀ ਰਹਿਣ ਵਾਲੇ ਹਨ। ਜੇਕਰ ਆਪ' ਬਾਜ਼ੀ ਮਾਰਦੀ ਹੈ ਤਾਂ ਉਸ ਕੋਲ ਤਜਰਬੇਕਾਰ ਨੇਤਾ ਨਹੀਂ, ਜੋ ਪੰਜਾਬ ਦੀਆਂ ਸਥਿਤੀਆਂ ਨੂੰ ਸਮਝ ਕੇ ਫੈਸਲੇ, ਨੀਤੀਆਂ ਲਾਗੂ ਕਰ ਸਕਣ। ਪੰਜਾਬੀਆਂ ਦੀ ਹੋਣੀ ਭਾਵੇਂ ਉਨ੍ਹਾਂ ਦੀ ਚੁੱਪ 'ਤੇ ਨਿਰਭਰ ਕਰਦੀ ਹੈ ਪਰ ਉਨ੍ਹਾਂ ਨੂੰ ਹਾਲੇ ਵੀ ਤੀਜੇ ਬਦਲ ਦੇ ਰੂਪ ਵਿਚ ਸਮਝਦਾਰ, ਸੂਝ-ਬੂਝ ਵਾਲੇ, ਇਮਾਨਦਾਰ ਤੇ ਤਜਰਬੇਕਾਰ ਨੇਤਾਵਾਂ ਦੀ ਲੋੜ ਹੈ।

# ਰਾਸ਼ਟਰਵਾਦ ਦਾ ਜਨਮ, ਵਿਕਾਸ ਅਤੇ ਨਿਸ਼ਾਨੇ

**ਅਵਤਾਰ ਸਿੰਘ**
ਸੀਨੀਅਰ ਪੱਤਰਕਾਰ ਯੂ. ਕੇ.

ਰਾਸ਼ਟਰਵਾਦ (ਨੈਸ਼ਨਲਇਜ਼ਮ) ਇਕ ਅਜਿਹਾ ਵਿਆਪੀ ਵਰਤਾਰਾ ਹੈ ਜਿਸ ਬਾਰੇ ਬਹੁਤ ਸਾਰੇ ਪੱਖਾਂ ਤੋਂ ਅਤੇ ਬਹੁਤ ਸਾਰੇ ਸਰੋਤਾਂ ਤੋ ਸੋਧਿਤ ਇਕ ਸੰਵਾਦ ਚੱਲ ਰਿਹਾ ਹੈ।



ਇਹ ਸੰਵਾਦ ਕਦੇ ਬਹੁਤ ਸਪਸ਼ਟ ਹੋ ਜਾਂਦਾ ਹੈ ਅਤੇ ਕਦੇ ਸਟੇਟ ਨੂੰ ਨੇਸ਼ਨ ਸਮਝਣ ਵਾਲੇ ਵਿਦਵਾਨ ਜਾਂ ਸਟੇਟ ਤੇ ਆਪਣੀ ਪਕੜ ਮਜਬੂਤ ਕਰ ਚੁੱਕੇ ਰਜਨੀਤੀਵਾਨ ਇਸ ਬਾਰੇ ਅਸਪਸ਼ਟ ਧਾਰਨਾਵਾਂ ਪੇਸ਼ ਕਰਦੇ ਰਹਿੰਦੇ ਹਨ। ਆਮ ਤੌਰ ਤੇ ਇਸ ਵੇਲੇ ਵੀ ਰਾਜਨੀਤਿਕ ਨੇਤਾਵਾਂ ਵੱਲੋਂ ਨੇਸ਼ਨ ਅਤੇ ਨੈਸਨਲਇਜ਼ਮ ਬਾਰੇ ਜੋ ਸਮਝ ਪੇਸ਼ ਕੀਤੀ ਜਾ ਰਹੀ ਹੈ ਉਹ ਸਟੇਟ ਦੀ ਵਫ਼ਾਦਾਰੀ ਅਤੇ ਉਸਦੀ ਅਧੀਨਗੀ ਨੂੰ ਮੰਨਣ ਦੇ ਮਨਸ਼ੇ ਨੂੰ ਸਾਹਮਣੇ ਰੱਖ ਕੇ ਕੀਤੀ ਜਾ ਰਹੀ ਹੈ। ਸਿਟੀਜ਼ਨਸ਼ਿਪ ਨੂੰ ਹੀ ਨੈਸ਼ਨੈਲਿਟੀ ਦੇ ਤੌਰ ਤੇ ਪੇਸ਼ ਕੀਤਾ ਜਾ ਰਿਹਾ ਹੈ।

ਹਗ ਸੀਟਨ ਵਾਟਸਨ ਦਾ ਕਹਿਣਾ ਹੈ ਕਿ ਸਟੇਟ ਦੀ ਹੋਂਦ ਨੇਸ਼ਨ ਤੋਂ ਬਿਨਾ ਅਤੇ ਬਹੁਤ ਸਾਰੇ ਨੇਸ਼ਨਜ਼ ਨੂੰ ਆਪਣੇ ਅਧੀਨ ਕਰਕੇ ਸੰਭਵ ਹੋ ਸਕਦੀ ਹੈ। ਇਕ ਨੇਸ਼ਨ ਕਿਸੇ ਸਟੇਟ ਦੀ ਬਾਕੀ ਦੀ ਵਸੋਂ ਨਾਲ ਸਾਂਝੀ ਹੱਦ ਵਿਚ ਰਹਿ ਸਕਦਾ ਹੈ, ਜਾਂ ਇਕੋ ਸਟੇਟ ਵਿਚ ਬਾਕੀ ਕੌਮਾਂ (ਨੇਸ਼ਨਜ਼) ਨਾਲ ਰਹਿ ਸਕਦਾ ਹੈ ਅਤੇ ਇਕੋਂ ਨੇਸ਼ਨ ਕਈ ਸਟੇਟਸ ਵਿਚ ਵੀ ਵੰਡਿਆ ਹੋ ਸਕਦਾ ਹੈ। ਉਨ੍ਹਾਂ ਦਾ ਆਖਣਾ ਹੈ ਕਿ, ਬਹੁਤ ਸਾਰੀਆਂ ਸਟੇਟਸ ਦੀ ਹੋਂਦ ਉਦੋਂ ਵੀ ਸੀ ਜਦੋਂ ਕੋਈ ਕੌਮਾਂ ਨਹੀਂ ਸਨ, ਅਤੇ ਬਹੁਤ ਸਾਰੀਆਂ ਕੌਮਾਂ ਅਜਿਹੀਆਂ ਹਨ ਜੋ ਅੱਜ ਦੀਆਂ ਸਾਰੀਆਂ ਸਟੇਟਸ ਨਾਲੋਂ ਵੀ ਪੁਰਾਣੀਆਂ ਹਨ। ਕਿ ਹਰ ਸਟੇਟ ਇਕ ਨੇਸ਼ਨ ਹੈ ਅਤੇ ਸਾਰੀਆਂ ਪ੍ਰਭੁਸੱਤਾ ਸੰਪੰਨ ਸਟੇਟਸ ਨੈਸ਼ਨਲ ਸਟੇਟਸ ਹਨ ਇਸ ਧਾਰਨਾ ਨੇ ਇਤਿਹਾਸਕ ਤੌਰ ਤੇ ਬਹੁਤ ਭੰਬਲਭੂਸਾ ਪੈਦਾ ਕਰ ਦਿੱਤਾ ਹੈ। ਇਸ ਧਾਰਨਾ ਨੇ ਰਾਜਨੀਤਿਕ ਸਚਾਈਆਂ ਨੂੰ ਸਮਝਣ ਦੀ ਮਨੁੱਖ ਦੀ ਪਹੁੰਚ ਨੂੰ ਵੱਡਾ ਹਰਜਾ ਪਹੁੰਚਾਇਆ ਹੈ ਵਾਟਸਨ ਦਾ ਕਹਿਣਾ ਹੈ ਕਿ ਸਟੇਟ ਇਕ ਕਾਨੂੰਨੀ ਅਤੇ ਰਾਜਨੀਤਿਕ ਸੰਸਥਾ ਹੈ ਜਿਸ ਕੋਲ ਆਪਣੇ ਸ਼ਹਿਰੀਆਂ ਨੂੰ ਸਟੇਟ ਪ੍ਰਤੀ ਵਫ਼ਾਦਾਰੀ ਅਤੇ ਤਾਬੇਦਾਰੀ ਰੱਖਣ ਦੀ ਸ਼ਕਤੀ ਹਾਸਲ ਹੈ। ਜਦੋਂ ਕਿ ਕੌਮ (ਨੇਸ਼ਨ) ਅਜਿਹੇ ਲੋਕਾਂ ਦਾ ਸਮੂਹ ਹੈ ਜੋ ਸਾਂਝੀ ਕੌਮੀ ਚੇਤੰਨਤਾ, ਇਕਜੁੱਟਤਾ ਦੀ ਭਾਵਨਾ ਅਤੇ ਸਾਂਝੇ ਸਭਿਆਚਾਰ ਕਾਰਨ ਇਕ ਦੂਜੇ ਨਾਲ ਜੁੜੇ ਹੋਏ ਹਨ। ਪਰ ਅੰਗਰੇਜ਼ੀ ਭਾਸ਼ਾ ਵਿਚ ਇਨ੍ਹਾਂ ਦੋ ਵੱਖਰੀ ਹੋਂਦ ਅਤੇ ਵੱਖਰੇ ਖਾਸੇ ਵਾਲੀਆਂ ਸੰਸਥਾਵਾਂ ਨੂੰ ਇਕੋ ਸ਼ਬਦ ਨਾਲ ਸੰਬੋਧਨ ਕਰਕੇ ਵੱਡੀ ਉਲਝਣ ਪੈਦਾ ਕਰ ਦਿੱਤੀ ਗਈ ਹੈ। ਇਸ ਵੇਲੇ ਸੰਸਾਰ ਭਰ ਵਿਚ ਰਾਜਨੀਤੀਵਾਨਾਂ ਅਤੇ ਰਾਜਸੀ ਸੰਸਥਾਵਾਂ ਦਾ ਸਭ ਤੋਂ ਵੱਧ ਜੋਰ ਸਟੇਟ ਦੀ ਪ੍ਰਭੂਸੱਤਾ ਨੂੰ ਬਚਾਉਣ ਤੇ ਹੀ ਲੱਗਾ ਹੋਇਆ ਹੈ। ਉਹ ਸਟੇਟ ਦੀ ਪ੍ਰਭੂਸੱਤਾ ਨੂੰ ਬਚਾਉਣ ਲਈ, ਨੈਸ਼ਨਲਇਜ਼ਮ ਦਾ ਸਹਾਰਾ ਲੈ ਰਹੇ ਹਨ ਜੋ ਕਿ ਇਕ ਬਿਲਕੁਲ ਵੱਖਰੀ ਹੋਂਦ ਵਾਲਾ ਵਿਸ਼ਾ ਹੈ।

ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਸਟੇਟ ਦੀ ਪ੍ਰਭੂਸੱਤਾ ਹੀ ਇਸ ਵੇਲੇ ਕੌਮਾਂਤਰੀ ਤਣਾਓ ਦਾ ਵੱਡਾ ਕਾਰਨ ਹੈ। ਇਹ ਭਵਿੱਖ ਦੀਆਂ ਜੰਗਾਂ ਦਾ ਵੀ ਵੱਡਾ ਅਧਾਰ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਦੁਨੀਆਂ ਨੂੰ ਭਵਿੱਖ ਦੇ ਕਤਲੇਆਮ ਤੋਂ ਬਚਾਉਣ ਲਈ ਸਟੇਟ ਦੀ ਪ੍ਰਭੂਸੱਤਾ ਨੂੰ ਕਮਜ਼ੋਰ ਜਾਂ ਖਤਮ ਕਰਨਾ ਚਾਹੀਦਾ ਹੈ। ਵਾਟਸਨ ਦਾ ਮੰਨਣਾ ਹੈ ਕਿ ਸਟੇਟ ਦੀ ਪ੍ਰਭੂਸੱਤਾ ਖਤਮ ਹੋ ਜਾਣ ਨਾਲ ਕੌਮਾਂ ਖਤਮ ਨਹੀਂ ਹੁੰਦੀਆਂ।

ਵਾਟਸਨ ਦਾ ਮੰਨਣਾ ਹੈ ਕਿ ਨੈਸ਼ਨੈਲਿਟੀ ਬਾਰੇ ਜੋ ਵਿਆਖਿਆਵਾਂ ਆ ਰਹੀਆਂ ਹਨ ਉਹ ਵਿਆਖਿਆ ਕਰਨ ਵਾਲੇ ਦੀ ਵਫ਼ਾਦਾਰੀ ਤੋਂ ਵੀ ਪ੍ਰਭਾਵਿਤ ਹੁੰਦੀਆਂ ਹਨ। ਜੇ ਨੈਸ਼ਨੈਲਿਟੀ ਦੀ ਵਿਆਖਿਆ ਕਰਨ ਵਾਲਾ ਉਸ ਗੁਰੱਪ ਨਾਲ ਸਬੰਧ ਨਹੀਂ ਰੱਖਦਾ ਜਿਸ ਦੀ ਉਹ ਵਿਆਖਿਆ ਕਰਦਾ ਹੈ ਤਾਂ ਉਹ ਦੂਜੇ ਗਰੁੱਪ ਨੂੰ ਨੇਸ਼ਨ ਮੰਨਣ ਤੋਂ ਸਦਾ ਹੀ ਇਨਕਾਰੀ ਰਹਿੰਦਾ ਹੈ।

ਇਸ ਸਬੰਧੀ ਉਸਨੇ ਸਟਾਲਿਨ ਦੀ ਸਰਬ ਪ੍ਰਵਾਨਿਤ ਵਿਆਖਿਆ ਦਾ ਹਵਾਲਾ ਦਿੱਤਾ ਹੈ ਜਿਸ ਵਿਚ ਸਟਾਲਿਨ ਇਕ ਕੌਮ (ਨੇਸ਼ਨ) ਲਈ ਚਾਰ ਲੱਛਣਾਂ ਦੀ ਪਹਿਚਾਣ ਕਰਦਾ ਹੈ। ਇਹ ਚਾਰ ਲੱਛਣ ਹਨ ਸਾਂਝੀ ਭਾਸਾਂ, ਸਾਂਝਾ ਖਿੱਤਾ, ਸਾਂਝੀ ਆਰਥਕ ਜ਼ਿੰਦਗੀ ਅਤੇ ਸਾਂਝੀ ਮਨੋਦਸ਼ਾ।

ਵਾਟਸਨ ਦਾ ਕਹਿਣਾ ਹੈ ਕਿ ਸਟਾਲਿਨ ਦੀ ਇਹ ਵਿਆਖਿਆ ਕਿਸੇ ਸਮਾਜਿਕ ਰਾਜਸੀ ਵਿਸ਼ਲੇਸ਼ਣ ਵਿਚੋਂ ਨਹੀਂ ਸੀ ਉਪਜੀ ਬਲਕਿ 1913 ਦੀ ਸਮਕਾਲੀ ਸਿਆਸੀ ਸਥਿਤੀ ਦੀ ਉਪਜ ਸੀ ਜਿਸ ਅਧੀਨ ਉਹ ਯਹੂਦੀਆਂ ਨੂੰ ਕੌਮ (ਨੇਸ਼ਨ) ਦਾ ਦਰਜਾ ਨਹੀਂ ਸੀ ਦੇਣਾ ਚਾਹੁੰਦਾ। ਇਸੇ ਲਈ ਸਟਾਲਿਨ ਨੇ ਆਪਣੀ ਵਿਆਖਿਆ ਵਿਚ ਧਰਮ ਅਤੇ ਉਸ ਪਿੱਛੇ ਖੜ੍ਹੇ ਇਤਿਹਾਸ ਨੂੰ ਕੌਮੀ ਉਸਾਰੀ ਦੇ ਸੰਦਰਭ ਵਿਚ ਕੋਈ ਥਾਂ ਨਹੀਂ ਦਿੱਤੀ। ਬੈਂਜਾਮਿਨ ਐਕਜ਼ਿਨ ਵੀ ਨੈਸ਼ਨਲਇਜ਼ਮ ਦੇ ਸਬੰਧ ਵਿਚ ਪੈਦਾ ਹੋਈ ਇਸ ਸਥਿਤੀ ਨੂੰ ਪਰਿਭਾਸ਼ਕ ਜੰਗਲ (Terminological Jungle) ਦੇ ਤੌਰ ਤੇ ਦੇਖਦਾ ਹੈ। ਉਹ ਵੀ ਸਟੇਟ ਅਤੇ ਨੇਸ਼ਨ ਨੂੰ ਦੋ ਵੱਖਰੇ ਵਰਤਾਇਆਂ ਦੇ ਤੌਰ ਤੇ ਦੇਖਦਾ ਹੈ। ਸਟੇਟ ਨੂੰ ਉਹ ਰਾਜਸੀ ਵਰਤਾਰੇ ਦੇ ਤੌਰ ਤੇ ਪਰਿਭਾਸ਼ਤ ਕਰਦਾ ਹੈ ਨੇਸ਼ਨ ਨੂੰ ਘੱਟ ਗਿਣਤੀਆਂ (Ethnic) ਵਰਤਾਰੇ ਦੇ ਤੌਰ ਤੇ। ਐਕਜ਼ਿਨ ਆਖਦਾ ਹੈ ਕਿ ਜਦੋਂ ਇਹ ਦੋਵੇਂ ਵੱਖਰੇ ਵਰਤਾਰੇ ਮਨੁੱਖੀ ਜ਼ਿੰਦਗੀ ਵਿਚ ਮਿਲਦੇ ਹਨ, (ਜੋ ਕਿ ਅਕਸਰ ਹੀ ਹੁੰਦਾ ਹੈ) ਤਾਂ ਇਨ੍ਹਾਂ ਦਰਮਿਆਨ ਆਪਣੀ ਉਤਮਤਾ ਦੀ ਜੰਗ ਸ਼ੁਰੂ ਹੋ ਜਾਂਦੀ ਹੈ। ਜਦੋਂ ਇਹ ਵਰਤਾਰੇ ਰਾਜਸੀ ਖੇਤਰ ਵਿਚ ਇਕੱਠੇ ਹੁੰਦੇ ਹਨ ਤਾਂ ਇਸ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ। ਰਾਜਸੀ ਖੇਤਰ ਵਿਚ ਸਟੇਟ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਅਤੇ ਨੇਸ਼ਨ ਨੂੰ ਦੋਮ ਦਰਜੇ ਤੇ ਰੱਖਿਆ ਜਾਂਦਾ ਹੈ। ਉਹ ਆਖਦਾ ਹੈ ਕਿ ਕੌਮੀਅਤ ਦੇ ਵਰਤਾਰੇ ਬਾਰੇ ਹਾਲੇ ਵੀ ਸੰਸਾਰ ਭਰ ਵਿਚ ਬਹਿਸ ਚੱਲ ਰਹੀ ਹੈ। ਕੌਮੀਅਤ ਦੇ ਵਰਤਾਰੇ (ਨੈਸ਼ਨਲਇਜ਼ਮ) ਦੇ ਮੁਦਈ ਇਸ ਨੂੰ ਸੰਸਾਰ ਰਾਜਨੀਤੀ ਦਾ ਇਕ ਪਵਿੱਤਰ ਅਤੇ ਫੈਸਲਾਕੁੰਨ ਵਰਤਾਰਾ ਮੰਨਦੇ ਹਨ ਜਦੋਂ ਕਿ ਇਸਦੇ ਵਿਰੋਧੀ ਇਸ ਵਰਤਾਰੇ ਨੂੰ ਖਤਰਨਾਕ ਅਤੇ ਬਾਹਰੀ ਵਰਤਾਰਾ ਮੰਨਦੇ ਹਨ ਜੋ ਕਿ ਮਸਨੂਈ ਤੌਰ ਤੇ ਸਾਹਮਣੇ ਲਿਆਂਦਾ ਗਿਆ ਹੈ।

ਐਕਜ਼ਿਨ ਦਾ ਵੀ ਇਹੋ ਮੰਨਣਾ ਹੈ ਕਿ ਜਿੱਥੋਂ ਤੱਕ ਅੰਗਰੇਜ਼ੀ ਦੇ ਸ਼ਬਦ ਨੇਸ਼ਨ ਦਾ ਸਬੰਧ ਹੈ ਇਹ ਅਤੇ ਇਸਦੇ ਹਮ- ਸ਼ਬਦ ਨੈਸ਼ਨਲ, ਨੈਸ਼ਨੈਲਿਟੀ, ਨੈਸ਼ਨਲਇਜ਼ਮ ਅਤੇ ਨੈਸ਼ਨਲਾਈਜੇਇਹ ਸਾਰੇ ਸਟੇਟ ਦੇ ਸੰਦਰਭ ਵਿਚ ਹੀ ਵਰਤੇ ਜਾਂਦੇ ਹਨ ਨਾਂ ਕਿ ਘੱਟਗਿਣਤੀਆਂ ਦੀ ਆਜ਼ਾਦ ਹੋਣ ਦੀ ਬਿਰਤੀ ਜਾਂ ਸੰਘਰਸ਼ ਦੇ ਤੌਰ ਤੇ। ਕਿਸੇ ਦੇਸ਼ ਦੇ ਸ਼ਹਿਰੀਆਂ (Citizens) ਲਈ ਹੀ ਨੈਸ਼ਨਲ ਸ਼ਬਦ ਦੀ ਵਰਤੋਂ ਕੀਤੀ ਜਾ ਰਹੀ ਹੈ।

ਐਕਜ਼ਿਨ ਦਾ ਮੰਨਣਾ ਹੈ ਕਿਸੇ ਘਟ ਗਿਣਤੀ ਵਿਚ ਕੌਮ (ਨੇਸ਼ਨ) ਬਣਨ ਦੀ ਇਤਿਹਾਸਕ ਘੜੀ ਓਦੋਂ ਆਉਂਦੀ ਹੈ ਜਦੋਂ ਉਹ ਘੱਟ ਗਿਣਤੀ (Ethnic Group) ਸਥਾਪਤ ਰਾਜਸੀ ਢਾਂਚੇ ਵਿਚ ਆਪਣੀ ਸਰਗਰਮੀ ਵਧਾ ਦੇਂਦੀ ਹੈ ਜਾਂ ਫਿਰ ਸਥਾਪਤ ਢਾਂਚੇ ਲਈ ਚੁਣੌਤੀ ਬਣਕੇ ਉਭਰਦੀ ਹੈ। ਇਸ ਮੌਕੇ ਤੇ ਆ ਕੇ ਹੀ ਕਿਸੇ ਘੱਟ ਗਿਣਤੀ ਨੂੰ ਅਸਲ ਅਰਥਾਂ ਵਿਚ ਨੇਸ਼ਨ ਜਾਂ ਨੈਸ਼ਨੈਲਿਟੀ ਦੇ ਤੌਰ ਤੇ ਪਰਿਭਾਸ਼ਤ ਕੀਤਾ ਜਾਂਦਾ ਹੈ। ਹੋਰ ਸਮਾਜਿਕ ਵਰਗਾਂ ਵਾਂਗ ਘੱਗ ਗਿਣਤੀ ਵੀ ਅਜਿਹੇ ਲੋਕਾਂ ਦਾ ਸਮੂਹ ਹੁੰਦੀ ਹੈ ਜਿਸ ਵਿਚ ਬਹੁਤ ਸਾਰੇ ਸਾਂਝੇ ਲੱਛਣ ਅਤੇ ਸਾਂਝੀਆਂ ਯਾਦਾਂ ਸਮੋਈਆਂ ਹੁੰਦੀਆਂ ਹਨ। ਇਸ ਦਾ ਇਹ ਮਤਲਬ ਨਹੀਂ ਕਿ ਉਸ ਘੱਟ ਗਿਣਤੀ ਦੇ ਹਰ ਮੈਂਬਰ ਵਿਚ ਹੀ ਸਾਂਝੀਆਂ ਯਾਦਾਂ ਸਮੋਈਆਂ ਹੁੰਦੀਆਂ ਹਨ। ਇਸ ਦਾ ਇਹ ਮਤਲਬ ਨਹੀਂ ਕਿ ਉਸ ਘੱਟ ਗਿਣਤੀ ਦੇ ਹਰ ਮੈਂਬਰ ਵਿਚ ਹੀ ਸਾਂਝੀਆਂ ਜਿੱਤਾਂ ਅਤੇ ਸਾਂਝੀਆਂ ਹਾਰਾਂ ਦਾ ਦੁੱਖ ਸੁੱਖ ਬਰਾਬਰ ਦੀ ਮਾਤਰਾ ਵਿਚ ਹੋਵੇਗਾ। ਇਸ ਦੇ ਬਾਵਜੂਦ ਕਿਸੇ ਸਮਾਜਿਕ ਸਮੂਹ ਨੂੰ ਘੱਟ ਗਿਣਤੀ ਉਦੋਂ ਮੰਨਿਆਂ ਜਾਂਦਾ ਹੈ ਜਦੋਂ ਉਸ ਵਿਚ ਕੁਝ ਅਜਿਹੇ ਲੱਛਣ ਮੌਜੂਦ ਹੁੰਦੇ ਹਨ ਜੋ ਉਸ ਨੂੰ ਹੋਰਨਾ ਸਮਾਜਿਕ ਸਮੂਹਾਂ ਨਾਲੋਂ ਵਖਰਿਆਉਂਦੇ ਹਨ। ਐਕਜ਼ਿਨ ਇਨ੍ਹਾਂ ਨੂੰ ਸਮਾਨਤਾ ਅਤੇ ਅਸਾਮਨਤਾ (Similarity and Dissimalirity) ਵਾਲੇ ਲੱਛਣ ਆਖਦਾ ਹੈ। ਗਰੁੱਪ ਦੇ ਮੈਂਬਰਾਂ ਵਿਚ ਸਮਾਨਤਾ ਅਤੇ ਬਾਕੀ ਸਮੂਹਾਂ ਨਾਲੋਂ ਉਸ ਗਰੁੱਪ ਦੀ ਅਸਾਮਨਤਾ ਗੁਰੱਪ ਨੂੰ ਘੱਟ ਗਿਣਤੀ ਦੇ ਤੌਰ ਤੇ ਪੇਸ਼ ਕਰਦੇ ਹਨ ਅਤੇ ਜਦੋਂ ਇਹ ਘੱਟ ਗਿਣਤੀ ਰਾਜਸੀ ਤੌਰ ਤੇ ਆਪਣੇ ਗਰੁੱਪ ਦੇ ਹੱਕਾਂ ਹਿੱਤਾਂ ਲਈ ਸਰਗਰਮ ਹੋ ਜਾਂਦੀ ਹੈ ਜਾਂ ਸਥਾਪਤ ਰਾਜਸੀ ਢਾਂਚੇ ਨੂੰ ਚੁਣੌਤੀ ਦੇਣ ਲੱਗ ਜਾਂਦੀ ਹੈ ਫਿਰ ਉਹ ਕੌਮ (Nation) ਦਾ ਦਰਜਾ ਹਾਸਲ ਕਰ ਲੈਂਦੀ ਹੈ। ਜਦੋਂ ਘੱਟ ਗਿਣਤੀ ਸਥਾਨਕ ਮਾਪਦੰਡਾਂ ਨੂੰ ਛੱਡ ਕੇ ਵੱਡੇ ਰਾਜਸੀ ਖੇਤਰ ਵਿਚ ਸਰਗਰਮ ਹੋ ਜਾਂਦੀ ਹੈ ਉਹ ਨੇਸ਼ਨ ਦਾ ਦਰਜਾ ਹਾਸਲ ਕਰ ਲੈਂਦੀ ਹੈ।

ਮੈਕਸ ਵੈਬਰ ਨੇਸ਼ਨ ਨੂੰ ਉਨ੍ਹਾਂ ਲੋਕਾਂ ਦੇ ਸਮੂਹ ਵਜੋਂ ਦੇਖਦਾ ਹੈ ਜੋ ਇਹ ਮਹਿਸੂਸ ਕਰਦੇ ਹਨ ਕਿ ਉਹ ਇਕ ਵਿੱਲਖਣ ਸਭਿਆਚਾਰ ਦੇ ਵਿੱਲਖਣ ਹਿੱਸੇਦਾਰ ਹਨ ਅਤੇ ਉਨ੍ਹਾਂ ਦੇ ਸਭਿਆਚਾਰ ਤੇ ਇਤਿਹਾਸ ਦੀਆਂ ਕਦਰਾਂ ਕੀਮਤਾਂ ਸਮੂਹ ਦੇ ਮੈਂਬਰਾਂ ਦੀ ਆਤਮਾ ਵਿਚ ਡੂੰਘੀਆਂ ਵਸੀਆਂ ਹੋਈਆਂ ਹਨ। ਉਨ੍ਹਾਂ ਦਾ ਉਸ ਸਟੇਟ ਨਾਲ ਵੀ ਕੋਈ ਲੈਣ ਦੇਣ ਨਹੀਂ ਹੈ ਜਿਸ ਅਧੀਨ ਉਹ ਰਹਿ ਰਹੇ ਹਨ। ਉਹ ਜਿਸ ਸਟੇਟ ਵਿਚ ਰਹਿ ਰਹੇ ਹਨ ਉਸਦੀ ਨੈਸ਼ਨੈਲਿਟੀ ਭਾਵੇਂ ਕੋਈ ਵੀ ਹੋਵੇ ਪਰ ਵਿੱਲਖਣ ਸਭਿਆਚਾਰ ਦੇ ਮਾਲਕ ਲੋਕ ਉਸ ਸਟੇਟ ਦੇ ਨਾਇਕਾਂ ਨੂੰ ਆਪਣੇ ਨਾਇਕ ਨਹੀਂ ਮੰਨਦੇ।

ਇਸ ਸੰਦਰਭ ਵਿਚ ਮੈਕਸ ਵੈਬਰ ਇਕ ਉਦਾਹਰਨ ਦੇਂਦਾ ਹੋਇਆ ਦੱਸਦਾ ਹੈ ਕਿ ਅਲਸਟੇਅਨਜ਼ ਨੇ ਕਦੀ ਵੀ ਆਪਣੇ ਆਪ ਨੂੰ ਜਰਮਨ ਕੌਮ ਨਾਲ ਜੋੜਕੇ ਨਹੀਂ ਦੇਖਿਆ। ਭਾਵੇਂ ਅਲਸਟੇਅਨਜ਼ ਰਹਿ ਜਰਮਨੀ ਵਿਚ ਰਹੇ ਹਨ ਪਰ ਕਦੇ ਵੀ ਉਨ੍ਹਾਂ ਆਪਣੀ ਕੌਮੀ ਰੀਝ ਜਰਮਨ ਦੀ ਕੌਮੀ ਰੀਝ ਨਾਲ ਨਹੀਂ ਜੋੜੀ, ਕਿਉਂਕਿ ਉਨ੍ਹਾਂ ਦੀ ਰਾਜਸੀ ਕਿਸਮਤ ਨੇ ਆਪਣੀ ਖਿੜੀ ਦੁਪਹਿਰ ਜਰਮਨੀ ਤੋਂ ਬਾਹਰ ਹੀ ਮਾਣੀ ਹੈ।

ਵੈਬਰ ਆਖਦਾ ਹੈ ਕਿ ਜੇ ਤੁਸੀਂ ਜਰਮਨੀ ਦੇ ਕੋਲਮਾਰ ਅਜਾਇਬ ਘਰ ਦੇ ਕਿਸੇ ਅਲਸਟੇਅਨ ਗਾਈਡ ਨੂੰ ਪੁੱਛੋਂ ਕਿ ਇਸ ਅਜਾਇਬ ਘਰ ਵਿਚ ਤੇਰੀ ਸਭ ਤੋਂ ਪਸੰਦੀਦਾ ਚੀਜ਼ ਕਿਹੜੀ ਹੈ ਤਾਂ ਉਹ ਤੁਹਾਨੂੰ ਸਾਰਾ ਅਜਾਇਬ ਘਰ ਲੰਘਾ ਕੇ ਦੂਰ ਪਏ ਫਰਾਂਸੀਸੀ ਇਤਿਹਾਸ ਦੇ ਨਾਇਕਾਂ ਅਤੇ ਉਨ੍ਹਾਂ ਦੀਆਂ ਨਿਸ਼ਾਨੀਆਂ ਕੋਲ ਲੈ ਜਾਵੇਗ। ਕਿਉਂਕਿ ਉਹ ਹੀ ਉਹ ਹੀ ਉਸਦੀ ਇਤਿਹਾਸਕ ਯਾਦ ਦਾ ਸਰਮਾਇਆ ਹਨ। ਉਸਦਾ ਜਰਮਨ ਇਤਿਹਾਸ ਦੇ ਸੋਮਿਆਂ ਜਾਂ ਨਾਇਕਾਂ ਨਾਲ ਕੋਈ ਰਿਸ਼ਤਾ ਹੀ ਨਹੀਂ ਹੈ। ਉਸਦੇ ਨਾਇਕ ਬਿਲਕੁਲ ਹੀ ਵੱਖਰੇ ਹਨ।

ਇਥੇ ਆ ਕੇ ਵੈਬਰ ਆਖਦਾ ਹੈ ਕਿ ਕੋਈ ਵੀ ਸਟੇਟ ਭਾਵੇਂ ਉਹ ਕਿੰਨੀ ਵੀ ਤਾਕਤਵਾਰ ਕਿਉਂ ਨਾ ਹੋਵੇ ਜੇ ਉਸਦੀ ਇਤਿਹਾਸਕ ਵਿਰਾਸਤ ਨੂੰ ਸਟੇਟ ਦੇ ਸਾਰੇ ਲੋਕਾਂ ਦਾ ਮਾਣ ਪ੍ਰਾਪਤ ਨਹੀਂ ਹੈ ਤਾਂ ਉਹ ਸਟੇਟ ਵਿਚ ਇੱਕਮੁੱਠਤਾ ਅਤੇ ਸਾਂਝੇਦਾਰੀ ਦਾ ਭਾਵ ਪੈਦਾ ਨਹੀਂ ਕਰ ਸਕਦੀ। ਆਪਣੀ ਤਾਕਤ ਨਾਲ ਭਾਵੇਂ ਉਹ ਜੋ ਮਰਜੀ ਕਰ ਜਾਵੇ।

ਇਸ ਲਈ ਵੈਬਰ ਆਖਦਾ ਹੈ ਕਿ, ਨੇਸ਼ਨ ਭਾਵਨਾਵਾਂ ਦਾ ਭਾਈਚਾਰਾ ਹੈ ਜੋ ਇਕ ਸਟੇਟ ਵਿਚ ਰਹਿ ਰਿਹਾ ਹੂੰਦਾ ਹੈ ਜਾਂ ਫਿਰ ਉਹ ਭਾਈਚਾਰਾ ਆਪਣੀ ਆਪਦੀ ਸਟੇਟ ਬਣਾਉਣ ਲਈ ਯਤਨਸ਼ੀਲ ਹੁੰਦਾ ਹੈ।

ਇਲਾਈ ਕੀਦਾਊਰੀ ਵੀ ਕੁਝ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕਰਦੇ ਹਨ। ਉਹ ਆਖਦੇ ਹਨ ਕਿ ਨੈਸ਼ਨਲਇਜ਼ਮ ਯੂਰਪ ਵਿਚ ਉਨ੍ਹੀਂਵੀਂ ਸਦੀ ਵਿਚ ਪੈਦਾ ਹੋਇਆ ਸਿਧਾਂਤ ਹੈ ਜੋ ਅਬਾਦੀ ਦੀ ਕਿਸੇ ਵਿਸ਼ੇਸ਼ ਇਕਾਈ ਨੂੰ ਆਪੇ ਲੋਕਾਂ ਦੀ ਸਰਕਾਰ ਅਧੀਨ ਰਹਿਣ ਦਾ ਅਧਾਰ ਮੁਹੱਈਆ ਕਰਦਾ ਹੈ। ਇਹ ਵੱਖ ਵੱਖ ਕੌਮਾਂ ਨੂੰ ਉਨ੍ਹਾਂ ਦੀ ਪਸੰਦ ਦੀ ਅਤੇ ਆਪਣੀ ਸਰਕਾਰ ਚੁਣਨ ਦਾ ਹੱਕ ਦੇਂਦਾ ਹੈ। ਇਸ ਸਿਧਾਂਤ ਦਾ ਕੇਂਦਰੀ ਪਹਿਲੂ ਇਹ ਹੈ ਕਿ ਮਨੁੱਖਤਾ ਕੁਦਰਤੀ ਤੌਰ ਤੇ ਵੱਖ ਵੱਖ ਕੌਮਾਂ (ਨੇਸ਼ਨਜ਼) ਵਿਚ ਵੰਡੀ ਹੋਈ ਹੈ। ਹਰ ਕੌਮ ਦੇ ਆਪੋ ਆਪਣੇ ਲੱਛਣ ਹਨ ਜੋ ਸਥਾਈ ਹਨ। ਵੱਖ ਵੱਖ ਕੌਮਾਂ ਦੀ ਆਪਣੀ ਸਰਕਾਰ ਹੀ ਅਸਲ ਵਿਚ ਨੈਸ਼ਨਲ ਸਰਕਾਰ ਅਖਵਾ ਸਕਦੀ ਹੈ।

ਹਾਂਸ ਕੋਹਨ ਨੇ ਵੀ ਕੁਝ ਇਸੇ ਤਰਜ਼ ਤੇ ਨੇਸ਼ਨ ਅਤੇ ਨੈਸ਼ਨਲਇਜ਼ਮ ਦੀ ਵਿਆਖਿਆ ਕੀਤੀ ਹੈ। ਉਹ ਆਖਦੇ ਹਨ ਕਿ ਨੈਸ਼ਨਲਇਜ਼ਮ ਮਨ ਦੀ ਉਹ ਅਵਸਥਾ ਹੈ ਜਿੱਥੇ ਬੰਦੇ ਦਾ ਆਪਣੀ ਮਾਂ ਧਰਤੀ, ਇਤਿਹਾਸ ਅਤੇ ਆਪਣੀਆਂ ਰਵਾਇਤਾਂ ਨਾਲ ਸਭ ਤੋਂ ਡੂੰਘਾ ਲਗਾਓ ਹੁੰਦਾ ਹੈ। ਨੈਸ਼ਨਲਇਜ਼ਮ ਮਨ ਦੀ ਉਹ ਅਵਸਥਾ ਹੈ ਜੋ ਆਪਣੀਆਂ ਰਵਾਇਤਾਂ ਅਤੇ ਲੱਛਣਾ ਕਾਰਨ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਪ੍ਰਭਾਵਿਤ ਕਰਨਦੀ ਹੈ। ਇਹ ਮੰਦੀ ਹੈ ਕਿ ਆਪਣੇ ਲੋਕਾਂ ਦੀ ਨੈਸਨਲ ਸਟੇਟ ਹੀ ਇਕ ਅਜਿਹੀ ਰਾਜਸੀ ਸੰਸਥਾ ਹੈ ਜੋ ਉਸ ਸਮੂਹ ਦੇ ਲੋਕਾਂ ਦੀ ਸਭਿਆਚਾਰਕ, ਆਰਥਕ ਅਤੇ ਰਾਜਸੀ ਤਰੱਕੀ ਦੀ ਜਾਮਨ ਬਣ ਸਕਦੀ ਹੈ।

ਕੋਹਨ ਅਨੁਸਾਰ ਨੈਸ਼ਨਇਜ਼ਮ ਦਾ ਸਿਧਾਂਤ ਬੇਸ਼ੱਕ 19ਵੀਂ ਸਦੀ ਵਿਚ ਆ ਕੇ ਪ੍ਰੌੜ ਹੋਇਆ ਪਰ ਇਸਦੀਆਂ ਜੜ੍ਹਾਂ ਹੈਬਰਿਉ ਅਤੇ ਗਰੀਕ ਰਵਾਇਤ ਵਿਚ ਪਈਆਂ ਹਨ। ਦੋਹਾਂ ਸਮੂਹਾਂ ਵਿਚ ਦੂਜਿਆਂ ਨਾਲੋਂ ਵੱਖਰੇ ਅਤੇ ਵਿਲੱਖਣ ਹੋਣ ਦੀ ਚੇਤੰਰਨਾ ਪਹਿਲੇ ਦਿਨ ਤੋਂ ਪਾਈ ਸੀ। ਹੈਬਰਿਊ ਵਿਚ ਜੈਨਟਾਈਲਜ਼ ਤੋਂ ਵੱਖਰੇ ਹੋਣ ਦੀ ਅਤੇ ਗਰੀਕ ਵਿਚ ਬਾਰਬੇਰੀਅਨਜ਼ ਤੋਂ ਵੱਖਰੇ ਹੋਣ ਦੀ। ਹੋਰਨਾਂ ਲੋਕਾਂ ਦੇ ਇਤਿਹਾਸ ਵਿਚ ਹਾਕਮਾਂ ਅਤੇ ਸਲਤਨਤਾਂ ਨੇ ਆਪਣੇ ਨਿਸ਼ਾਨ ਛੱਡੇ ਸਨ ਪਰ ਹੈਬਰਿਊ ਅਤੇ ਗਰੀਕਾਂ ਨੂੰ ਉਨ੍ਹਾਂ ਦੇ ਵਿੱਲਖਣ ਕੌਮੀ (ਨੈਸ਼ਨਲ) ਚਰਿੱਤਰ ਅਤੇ ਰੂਹਾਨੀ ਸ਼ਕਤੀ ਨੇ ਤਰਾਸ਼ਿਆ ਅਤੇ ਸਰ ਸਬਜ ਕੀਤਾ। ਕਿਉਂਕਿ ਉਨ੍ਹਾਂ ਦੀ ਸਭਿਆਚਾਰਕ ਅਤੇ ਰੂਹਾਨੀ ਪਾਕੀਜ਼ਗੀ ਨਸਲੀ, ਰਾਜਸੀ ਅਤੇ ਭੂਗੋਲਿਕ ਤੱਤਾਂ ਨਾਲੋਂ ਵੱਧ ਮਜਬੂਤ ਰਹੀ ਇਸੇ ਲਈ ਉਹ ਅੱਜ ਤੱਕ ਵੀ ਆਪਣੀ ਹੋਂਦ ਬਰਕਰਾਰ ਰੱਖ ਰਹੇ ਹਨ। ਸਮੇਂ ਦੇ ਹਜਾਰਾਂ ਝੱਖੜ ਵੀ ਉਨ੍ਹਾਂ ਦੀ ਹੋਂਦ ਅਤੇ ਹਸਤੀ ਨੂੰ ਮਿਟਾ ਨਹੀਂ ਸਕੇ।

ਕੋਹਨ ਅਨੁਸਾਰ ਹੈਬਰਿਊ ਲੋਕਾਂ ਦੇ ਆਧੁਨਿਕ ਨੈਸ਼ਨਲਇਜ਼ਮ ਨੂੰ ਤਿੰਨ ਤੱਤਾਂ ਨੇ ਬਹੁਤ ਮਜਬੂਤੀ ਬਖਸ਼ੀ ਇਹ ਸਨ- ਰੱਬ ਵੱਲੋਂ ਚੁਣੇ ਹੋਏ ਵਿਸ਼ੇਸ਼ ਲੋਕਾਂ ਦੀ ਭਾਵਨਾ (ਜਿਵੇਂ ਸਿੱਖਾਂ ਵਿਚ ਹੈ ਖਾਲਸਾ ਅਕਾਲ ਪੁਰਖ ਦੀ ਫੌਜ), ਅਤੀਤ ਗੇਟ ਨੇ ਆਪਣੇ ਤਾਜ਼ਾ ਥੀਸਿਸ ਵਿਚ

ਬਾਕੀ ਸਫ਼ਾ 33 'ਤੇ

# ਹਰ ਰੋਜ਼ ਬਦਲ ਰਹੀ ਹੈ ਹਵਾ

**ਰਵਾਇਤੀ ਸਿਆਸੀ ਪਾਰਟੀਆਂ ਦੇ ''ਸਭ ਇੱਕੋ ਜਿਹੀਆਂ'' ਹੋਣ ਦੇ ਅਜਿਹੇ ਪ੍ਰਭਾਵਾਂ ਨੇ ਹੀ ਆਮ ਆਦਮੀ ਪਾਰਟੀ (ਆਪ) ਲਈ ਸਪੇਸ ਮੋਕਲੀ ਕੀਤੀ ਹੈ। ਇਨ੍ਹਾਂ ਤਿੰਨ ਹਫ਼ਤਿਆਂ ਦੌਰਾਨ ਨਿਰੰਤਰ ਚਲਾਈ ਗਈ ਮੁਹਿੰਮ ਅਤੇ ਕੁਝ ਪ੍ਰੇਰਨਾਦਾਇਕ ਜ਼ਮੀਨੀ ਕਾਰਜਾਂ ਤੇ ਰੁਝੇਵਿਆਂ ਸਦਕਾ ਜਾਪਦਾ ਹੈ ਕਿ 'ਆਪ' ਨੇ ਆਪਣੀ ਗੁਆਚੀ 'ਲਿਸ਼ਕ' ਕਾਫ਼ੀ ਹੱਦ ਤਕ ਮੁੜ ਹਾਸਲ ਕਰ ਲਈ ਹੈ; ਖ਼ਾਸ ਕਰ ਮਾਲਵਾ ਦੇ ਹਲਕਿਆਂ ਵਿੱਚ ਇਹ ਕਾਫ਼ੀ ਪੱਕੇ ਪੈਰੀਂ ਹੋਈ ਹੈ।**



ਹਰੀਸ਼ ਖਰੇ

ਹੋਰ ਪੰਜ ਦਿਨ ਰਹਿ ਗਏ ਹਨ ਚੋਣਾਂ ਨੂੰ। ਇਨ੍ਹਾਂ ਮਗਰੋਂ ਘੱਟੋ ਘੱਟ ਪੰਜਾਬ ਵਿੱਚ ਤਾਂ ਸਾਰਾ ਰੌਲਾ-ਰੱਪਾ ਸ਼ਾਂਤ ਹੋ ਜਾਏਗਾ। ਇਹ ਸੂਬਾ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੁਣਾਵੀ ਫ਼ਿਜ਼ਾ ਵਿਚ ਵਿਚਰਦਾ ਆ ਰਿਹਾ ਹੈ। ਇਸ ਦਾ ਇੱਕ ਕਾਰਨ ਤਾਂ ਇਹ ਸੀ ਕਿ ਸਿਆਸੀ ਜਮਾਤ ਦਾ ਸ਼ਾਸਨ ਕਰਨ ਦੇ ਅਮਲ ਨਾਲ ਵਾਹ ਵਾਸਤਾ ਨਿਮਨ ਪੱਧਰ ਦਾ ਰਿਹਾ ਹੈ, ਤੇ ਇੱਕ ਕਾਰਨ ਇਹ ਹੈ ਕਿ ਸੱਤਾਧਾਰੀ ਅਕਾਲੀ ਦਲ ਦੀ ਲੀਡਰਸ਼ਿਪ ਲਗਾਤਾਰ ਜ਼ੋਰ ਫੜਦੇ ਜਾ ਰਹੇ ਸਰਕਾਰ ਵਿਰੋਧੀ ਰੌਂਅ ਤੋਂ ਵਾਕਫ਼ ਤੇ ਫਿਕਰਮੰਦ ਸੀ। ਪਿਛਲੇ ਤਿੰਨ ਹਫ਼ਤਿਆਂ ਦੌਰਾਨ ਤਾਂ ਚੋਣਾਂ ਸਮੇਂ ਪੈਦਾ ਹੋਣ ਵਾਲੇ ਤਣਾਵਾਂ ਤੇ ਹਲਚਲ ਨੇ ਹੀ ਜ਼ੋਰ ਫੜਿਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ ਸ਼ੁੱਕਰਵਾਰ ਜਲੰਧਰ ਆਏ ਤੇ ਆਪਣਾ ਕੁਲੀਸ਼ਨ ਧਰਮ ਨਿਭਾਉਂਦਿਆਂ ਆਪਣੇ ਗਠਜੋੜ ਭਾਈਵਾਲ ਤੇ ਵਡੇਰੀ ਉਮਰ ਦੇ (ਪੂਰੇ ਚੁਸਤ ਦਰੁਸਤ) ਆਗੂ ਪ੍ਰਕਾਸ਼ ਸਿੰਘ ਬਾਦਲ ਦੇ ਸੋਹਲੇ ਗਾਏ ਭਾਵੇਂ ਕਿ ਉਨ੍ਹਾਂ ਨੇ ਆਪਣੀ ਪਾਰਟੀ (ਭਾਜਪਾ) ਦੇ ਲੀਡਰਾਂ ਲਈ ਰਾਜ ਸੱਤਾ ਵਿਚ ਰਹਿਣ ਵਾਸਤੇ 75 ਸਾਲ ਦੀ ਉਮਰ ਸੀਮਾ ਤੈਅ ਕੀਤੀ ਹੋਈ ਹੈ। ਪ੍ਰਧਾਨ ਮੰਤਰੀ ਦਾ ਭਾਸ਼ਨ ਉਨ੍ਹਾਂ ਦੇ ਆਪਣੇ ਰਵਾਇਤੀ ਕਾਟਵੇਂ ਤੇ ਤਨਜ਼ੀਆ ਅੰਦਾਜ਼ ਵਿੱਚ ਸੀ, ਪਰ ਉਸ ਤੋਂ ਭੀੜ ਬਹੁਤੇ ਉਮਾਹ ਤੇ ਉਤਸ਼ਾਹ ਵਿਚ ਨਹੀਂ ਜਾਪੀ। ਉਨ੍ਹਾਂ ਨੇ ਐਤਵਾਰ ਨੂੰ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਲਈ ਸੂਬੇ ਵਿਚ ਇੱਕ ਫੇਰੀ ਹੋਰ ਪਾਈ ਹੈ, ਪਰ ਪੰਜਾਬ ਉਨ੍ਹਾਂ ਦੇ ਤਲਿੱਸਮੀ ਜਾਦੂ ਦੇ ਪ੍ਰਭਾਵ ਹੇਠ ਆਉਂਦਾ ਨਹੀਂ ਜਾਪ ਰਿਹਾ।

ਕਾਂਗਰਸ ਲੀਡਰਸ਼ਿਪ ਨੇ ਓੜਕ ਨੂੰ ਆਪਣੀ ਜੱਕੋ-ਤੱਕੀ ਛੱਡ ਕੇ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਪਾਰਟੀ ਦੇ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਐਲਾਨ ਦਿੱਤਾ ਹੈ। ਸ਼ਾਇਦ ਕਾਂਗਰਸ ਨੇ ਇਹ ਫ਼ੈਸਲਾ ਕਈ ਹਫਤੇ ਪਛੜ ਕੇ ਲਿਆ ਹੈ। ਸਰਕਾਰ ਵਿਰੋਧੀ ਲੋਕ-ਮਨ ਜਦੋਂ ਬਣ ਰਿਹਾ ਹੈ ਤਾਂ ਇਸ ਦ੍ਰਿਸ਼ ਵਿੱਚ ਕਾਂਗਰਸ ਸੁਭਾਵਿਕ ਲਾਭਪਾਤਰ ਹੋਣੀ ਚਾਹੀਦੀ ਹੈ, ਪਰ ਕਾਂਗਰਸੀ ਸਵੈ-ਟੀਚਿਆਂ ਤੇ ਅੰਦਰੂਨੀ ਢਾਹ ਭੰਨ ਕਰਨ ਦੀ ਵਿਲੱਖਣ ਦਾਤ ਨਾਲ ਵੀ ਵਰੋਸਾਏ ਹੋਏ ਹਨ ਅਤੇ ਇਸ ਵਰਤਾਰੇ ਤੋਂ ਪੰਜਾਬ ਕਾਂਗਰਸ ਵੀ ਅਛੋਹ ਨਹੀਂ ਹੈ। ਹੁਣ ਤਾਂ ਸੂਬੇ ਦੇ ਕਾਂਗਰਸੀ ਕਿਸੇ ਵੀ ਤਰ੍ਹਾਂ 'ਹਾਈ ਕਮਾਨ' ਦੇ ਦਾਬੇ ਤੇ ਕਹਿਣੇ ਵਿੱਚ ਨਹੀਂ ਜਾਪਦੇ। ਰਿਪੋਰਟਾਂ ਹਨ ਕਿ ਕਾਂਗਰਸ ਪਾਰਟੀ ਦੇ ਆਗੂ ਆਪਣੀ ਹੀ ਪਾਰਟੀ ਵਿੱਚ ਠਿੱਬੀ ਲਾਉਣ ਦੀਆਂ ਕਾਰਵਾਈਆਂ ਵਿੱਚ ਕਾਫ਼ੀ ਸਰਗਰਮੀ ਨਾਲ ਰੁੱਝੇ ਹੋਏ ਹਨ। ਇੱਕ ਸਿਆਸੀ ਪਾਰਟੀ ਜੋ ਵੋਟਰਾਂ ਅੱਗੇ ਇੱਕਜੁੱਟ ਹੋ ਕੇ ਪੇਸ਼ ਨਹੀਂ ਹੋ ਸਕਦੀ, ਉਹ ਉਨ੍ਹਾਂ ਨੂੰ ਇਹ ਭਰੋਸਾ ਵੀ ਨਹੀਂ ਦਿਵਾ ਸਕਦੀ ਕਿ ਭਲਕ ਨੂੰ ਇਹ ਬੱਝਵੇਂ ਤੇ ਸਾਬਤ ਕਦਮੀਂ ਸਾਰਥਿਕ ਤੇ ਬਿਹਤਰ ਤਰੀਕੇ ਨਾਲ ਸ਼ਾਸਨ ਪ੍ਰਬੰਧ ਚਲਾ ਸਕੇਗੀ। ਨਾ ਹੀ ਕਾਂਗਰਸ 'ਦੂਰਦ੍ਰਿਸ਼ਟੀ' ਦੀ ਆਪਣੀ ਕਮੀ ਨੂੰ ਸਰ ਕਰਨ ਵਿੱਚ ਕਾਮਯਾਬ ਹੋ ਸਕੀ ਹੈ।

ਰਵਾਇਤੀ ਸਿਆਸੀ ਪਾਰਟੀਆਂ ਦੇ "ਸਭ ਇੱਕੋ ਜਿਹੀਆਂ" ਹੋਣ ਦੇ ਅਜਿਹੇ ਪ੍ਰਭਾਵਾਂ ਨੇ ਹੀ ਆਮ ਆਦਮੀ ਪਾਰਟੀ (ਆਪ) ਲਈ ਸਪੇਸ ਮੋਕਲੀ ਕੀਤੀ ਹੈ। ਇਨ੍ਹਾਂ ਤਿੰਨ ਹਫ਼ਤਿਆਂ ਦੌਰਾਨ ਨਿਰੰਤਰ ਚਲਾਈ ਗਈ ਮੁਹਿੰਮ ਅਤੇ ਕੁਝ ਪ੍ਰੇਰਨਾਦਾਇਕ ਜ਼ਮੀਨੀ ਕਾਰਜਾਂ ਤੇ ਰੁਝੇਵਿਆਂ ਸਦਕਾ ਜਾਪਦਾ ਹੈ ਕਿ 'ਆਪ' ਨੇ ਆਪਣੀ ਗੁਆਚੀ 'ਲਿਸ਼ਕ' ਕਾਫ਼ੀ ਹੱਦ ਤਕ ਮੁੜ ਹਾਸਲ ਕਰ ਲਈ ਹੈ; ਖ਼ਾਸ ਕਰ ਮਾਲਵਾ ਦੇ ਹਲਕਿਆਂ ਵਿੱਚ ਇਹ ਕਾਫ਼ੀ ਪੱਕੇ ਪੈਰੀਂ ਹੋਈ ਹੈ। ਇਹ ਪੇਂਡੂ ਇਲਾਕੇ ਹੀ ਹਨ। ਹਲਕਾ ਜਥੇਦਾਰਾਂ ਵਾਲੇ ਤੰਤਰ ਵੱਲੋਂ ਲੋਕਾਈ ਉੱਤੇ ਢਾਹੇ ਗਏ ਸਿਤਮਾਂ ਤੇ ਵਧੀਕੀਆਂ ਅਤੇ ਉਨ੍ਹਾਂ ਦੀ ਪੈਰ-ਪੈਰ 'ਤੇ ਕੀਤੀ ਗਈ ਬੇਇਜ਼ਤੀ ਕਾਰਨ ਆਮ ਲੋਕ ਬਾਦਲਾਂ ਨਾਲ ਬੁਰੀ ਤਰ੍ਹਾਂ ਖ਼ਫ਼ਾ ਹਨ। ਰਿਪੋਰਟਾਂ ਅਨੁਸਾਰ ਇਹ ਪੇਂਡੂ ਇਲਾਕੇ ਹੀ ਹਨ, ਜਿੱਥੇ 'ਆਪ' ਨੇ ਚੰਗੀ ਪੈਂਠ ਬਣਾ ਲਈ ਹੈ।

ਨੋਟਬੰਦੀ ਇਸ ਸਾਰੇ ਕਾਸੇ ਦੌਰਾਨ ਇੱਕ ਨਾਅਨੁਮਾਨਣਯੋਗ ਅਸਰ ਵਾਲੀ ਤੇ ਸਭ ਤੋਂ ਵੱਧ ਜ਼ਿਕਰ-ਰਹਿਤ ਮੁੱਦਾ ਰਹੀ ਹੈ। ਇਸ ਨੇ ਪੇਂਡੂ ਤੇ ਸ਼ਹਿਰੀ ਦੋਵੇਂ ਖੇਤਰਾਂ ਵਿੱਚ ਜਿਊਣਾ ਮੁਹਾਲ ਕਰੀ ਰੱਖਿਆ ਅਤੇ 4 ਫਰਵਰੀ ਉਹ ਦਿਨ ਹੋਵੇਗਾ ਜਦੋਂ ਵੋਟਰਾਂ ਨੂੰ ਇਸ ਬਾਰੇ ਆਪਣੀ ਪੁੱਛ ਪ੍ਰਤੀਤ ਤੇ ਸਮਰੱਥਾ ਦਾ ਅਹਿਸਾਸ ਕਰਾਉਣ ਦਾ ਮੌਕਾ ਮਿਲੇਗਾ। ਬੜੇ ਹੈਰਾਨੀਜਨਕ ਢੰਗ ਨਾਲ, ਪੰਜਾਬ ਵਿੱਚ ਲੀਡਰਾਂ ਦੇ ਭਾਸ਼ਨਾਂ ਵਿੱਚੋਂ 'ਕਾਲੇ ਧਨ' ਦਾ ਜ਼ਿਕਰ ਮਨਫ਼ੀ ਰਿਹਾ। ਕਿਸੇ ਵੀ ਸਿਆਸੀ ਆਗੂ ਜਾਂ ਸਿਆਸੀ ਪਾਰਟੀ ਦੁਆਲੇ ਕਿੰਨੇ ਹੀ ਅਜਿਹੇ "ਪੁਰਾਣੇ ਪਾਪੀ" ਆਪਣੇ ਆਪ ਨੂੰ ਦੁੱਧ ਧੋਤੇ ਤੇ ਅਣਭਿੱਜੇ ਹੋਣ ਦਾ ਵਿਖਾਵਾ ਕਰਦੇ ਡੋਲਦੇ ਫਿਰ ਰਹੇ ਹਨ। ਕੁਝ ਵੀ ਹੋਵੇ, ਐਤਕੀਂ ਪੰਜਾਬ ਦਾ ਵੋਟਰ ਛੇਤੀ ਕੀਤੇ ਨੈਤਿਕ ਛਲ-ਕਪਟਾਂ ਅੱਗੇ ਗੋਡੇ ਟੇਕਣ ਵਾਲਾ ਜਾਂ ਵਹਾਅ ਵਿਚ ਵਹਿ ਜਾਣ ਵਾਲਾ ਨਹੀਂ।

ਫਿਰ ਉਪਰੋਂ ਕੇਂਦਰੀ ਬਜਟ ਆ ਰਿਹਾ ਹੈ। ਪੰਜਾਬ ਵਿੱਚ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਕੇਂਦਰ ਸਰਕਾਰ ਬਜਟ ਪੇਸ਼ ਕਰ ਰਹੀ ਹੈ। ਭਾਵੇਂ ਚੋਣ ਕਮਿਸ਼ਨ ਨੇ ਵਿੱਤ ਮੰਤਰੀ ਨੂੰ ਤਾੜਨਾ ਕੀਤੀ ਹੋਈ ਹੈ ਕਿ ਚੋਣਾਂ ਵਾਲੇ ਕਿਸੇ ਵੀ ਸੂਬੇ ਲਈ ਕੋਈ ਵਿਸ਼ੇਸ਼ ਐਲਾਨ ਨਾ ਕੀਤੇ ਜਾਣ, ਫਿਰ ਵੀ ਉਹ (ਵਿੱਤ ਮੰਤਰੀ) ਆਮ ਤਜਵੀਜ਼ਾਂ ਤੇ ਰਿਆਇਤਾਂ ਨਾਲ ਲੋਕ ਰੌਂਅ ਵਿਚ ਹਿਲਜੁਲ ਲਿਆ ਸਕਦਾ ਹੈ। ਲੋਕ ਲੁਭਾਊ ਜੁਗਤਾਂ ਤੇ ਲੋਕ ਲੁਭਾਊ ਗੱਲਾਂ ਉੱਤੇ ਹੁਣ ਉਜ਼ਰ ਕਰਨ ਦਾ ਰਿਵਾਜ ਹੀ ਨਹੀਂ ਰਿਹਾ।

ਇੰਨੀ ਕੁ ਕਿਰਪਾ ਰਹੀ ਹੈ ਕਿ ਹਾਲੇ ਤਕ ਚੋਣ ਅਮਲ ਹਿੰਸਾਮੁਕਤ ਚੱਲ ਰਿਹਾ ਹੈ ਤੇ ਇਹ ਰਹਿਣਾ ਵੀ ਚਾਹੀਦਾ ਹੈ। ਬੂਥਾਂ 'ਤੇ ਕਬਜ਼ੇ ਪੰਜਾਬ ਵਿੱਚ ਆਮ ਵਰਤਾਰਾ ਨਹੀਂ, ਭਾਵੇਂ ਬੋਗਸ ਵੋਟਾਂ ਭੁਗਤਾਉਣ ਦਾ ਸਿਲਸਿਲਾ ਕਈ ਥਾਈਂ ਕਾਫ਼ੀ ਹੱਦ ਤਕ ਚੱਲਦਾ ਹੈ। ਇਸ ਤੋਂ ਇਲਾਵਾ ਸੋਸ਼ਲ ਮੀਡੀਆ ਪਹਿਲਾਂ ਹੀ ਖ਼ਾਸਾ ਸਰਗਰਮ ਹੈ ਅਤੇ ਇਹ ਜਾਅਲੀ ਖ਼ਬਰਾਂ ਫੈਲਾ ਕੇ ਭੜਕਾਹਟ ਪੈਦਾ ਕਰਨ ਦੇ ਸਮਰੱਥ ਵੀ ਹੈ।

ਪੰਜਾਬ ਦੇ ਦ੍ਰਿਸ਼ ਬਾਰੇ ਪੁਰਾਣੇ ਨਜ਼ਰਸਾਨਾਂ ਨੇ ਮੈਨੂੰ ਦੱਸਿਆ ਕਿ 'ਆਪ' ਤੇਜ਼ੀ ਨਾਲ ਕਾਂਗਰਸ ਨਾਲ ਬਰਾਬਰੀ ਵੱਲ ਵਧ ਰਹੀ ਹੈ। ਕਈ ਤਾਂ ਇਹ ਵੀ ਮੰਨਦੇ ਹਨ ਕਿ ਪੰਜਾਬ ਭੰਬਲਭੂਸੇ ਤੇ ਰੇੜਕੇ ਵਾਲੀ ਸਥਿਤੀ ਵੱਲ ਜਾ ਰਿਹਾ ਹੈ। ਕੁਝ ਤਾਂ ਇਹ ਵੀ ਕਹਿ ਰਹੇ ਹਨ ਕਿ ਅਕਾਲੀ-ਭਾਜਪਾ ਨੂੰ ਤਿਕੋਨੇ ਦ੍ਰਿਸ਼ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਹਾਲੇ ਤਕ ਕੋਈ ਸਪਸ਼ਟ ਜੇਤੂ ਜਾਂ ਸਪਸ਼ਟ ਫਾਡੀ ਨਜ਼ਰ ਨਹੀਂ ਆ ਰਿਹਾ। ਸਮੁੱਚੇ ਪੰਜਾਬ ਵਿੱਚ ਕਿਸ ਦੀ ਹਵਾ ਹੈ, ਇਸ ਬਾਰੇ ਵੀ ਹਾਲੇ ਕੋਈ ਪ੍ਰਭਾਵ ਨਹੀਂ ਉੱਭਰ ਰਿਹਾ। ਜਾਂ ਇਹ ਕਹੋ ਕਿ ਹਰ ਰੋਜ਼ ਹਵਾ ਬਦਲ ਰਹੀ ਹੈ।

ਇਸ ਵਰ੍ਹੇ ਦਿੱਤੇ ਗਏ ਪਦਮ ਪੁਰਸਕਾਰਾਂ ਵਿਚੋਂ ਮੈਂ ਡਾਕਟਰ ਮੁਰਲੀ ਮਨੋਹਰ ਜੋਸ਼ੀ ਨੂੰ ਪਦਮ ਵਿਭੂਸ਼ਣ ਨਾਲ ਨਿਵਾਜੇ ਜਾਣ ਦੇ ਐਲਾਨ ਨਾਲ ਸਭ ਤੋਂ ਵੱਧ ਸਹਿਮਤ ਹਾਂ। ਉਹ ਪੂਰੀ ਤਰ੍ਹਾਂ ਨਾਲ ਇਸ ਦੇ ਹੱਕਦਾਰ ਹਨ। ਇਸ ਦਾ ਇੱਕ ਸਿੱਧਾ-ਸਾਦਾ ਕਾਰਨ ਇਹ ਹੈ ਕਿ ਪਿਛਲ ਕੁਝ ਸਾਲਾਂ ਤੋਂ ਉਨ੍ਹਾਂ ਨੇ ਆਪਣੀ ਸਿਆਸੀ ਜਮਾਤ ਦੀਆਂ ਸੌੜੀਆਂ ਹੱਦਾਂ ਤੋਂ ਅਗਾਂਹ ਲੰਘ ਕੇ ਆਪਣੀ ਵੱਖਰੀ ਹਸਤੀ ਵਿਕਸਤ ਕਰਨ ਦੀ ਸਮਰੱਥਾ ਦਿਖਾਈ ਹੈ। ਉਨ੍ਹਾਂ ਦੀ ਸਭ ਤੋਂ ਪਹਿਲੀ ਵਿਲੱਖਣਤਾ ਤਾਂ ਇਹ ਹੈ ਕਿ ਉਹ ਨੀਮ-ਪੜ੍ਹਿਆਂ ਦੀ ਪਾਰਟੀ ਵਿਚ ਪੜ੍ਹੇ-ਲਿਖੇ ਵਿਅਕਤੀ ਹਨ। ਇਸੇ ਤਰ੍ਹਾਂ ਭਾਵੇਂ ਉਹ ਆਰਐੱਸਐੱਸ ਨਾਲ ਮੁੱਢ ਤੋਂ ਜੁੜੇ ਰਹੇ ਹਨ, ਫਿਰ ਵੀ ਆਪਣੇ ਨਾਲ ਵਾਰਤਾਲਾਪ ਕਰਨ ਵਾਲਿਆਂ ਉੱਤੇ ਉਹ ਇੱਕ ਜ਼ਹੀਨ ਤੇ ਵਿਚਾਰਵਾਨ ਵਿਅਕਤੀ ਵਾਲਾ ਪ੍ਰਭਾਵ ਛੱਡਦੇ ਹਨ। ਅਤੇ ਸਭ ਤੋਂ ਅਹਿਮ ਗੱਲ ਇਹ ਹੈ ਕਿ ਉਹ ਚਾਈਂ-ਚਾਈਂ ਸਾਰਿਆਂ ਨੂੰ ਸੁਣਨ ਅਤੇ ਵਿਚਾਰ-ਵਟਾਂਦਰਾ ਕਰਨ ਲਈ ਤਿਆਰ ਰਹਿੰਦੇ ਹਨ ਅਤੇ ਜੇਕਰ ਲੋੜ ਪਏ ਤਾਂ ਉਹ ਵਿਰੋਧੀਆਂ ਦੇ ਵਿਚਾਰਾਂ ਖ਼ਿਲਾਫ਼ ਬਹਿਸ ਵੀ ਕਰਦੇ ਹਨ ਪਰ ਨਫ਼ਾਸਤ ਨਾਲ। ਉਹ ਕੱਟੜਪੰਥੀ ਵਿਚਾਰਾਂ ਦੇ ਧਾਰਨੀ ਨਹੀਂ ਹਨ। ਨਾ ਹੀ ਉਨ੍ਹਾਂ ਨੇ ਨਿੱਕੀਆਂ-ਨਿੱਕੀਆਂ ਚਿੰਤਾਵਾਂ, ਝੋਰਿਆਂ ਜਾਂ ਨਿੱਕੇ ਬੰਦਿਆਂ ਨੂੰ ਕਦੇ ਬਹੁਤੀ ਵੁੱਕਤ ਦਿੱਤੀ ਹੈ।

ਐੱਨਡੀਏ ਦੀ ਪਿਛਲੀ ਸਰਕਾਰ ਸਮੇਂ ਉਨ੍ਹਾਂ ਦੇ ਮਨੁੱਖੀ ਸਰੋਤ ਵਿਕਾਸ ਅਤੇ ਕਲਚਰ ਮੰਤਰੀ ਰਹਿਣ ਦੌਰਾਨ ਮੈਨੂੰ ਉਨ੍ਹਾਂ ਨੂੰ ਜਾਨਣ ਦਾ ਮੌਕਾ ਮਿਲਿਆ। ਅਟਲ ਬਿਹਾਰੀ ਵਾਜਪਾਈ ਵੱਲੋਂ ਬਤੌਰ ਪ੍ਰਧਾਨ ਮੰਤਰੀ ਲੜੀਆਂ ਗਈਆਂ ਕਈ ਅੰਦਰੂਨੀਆਂ ਲੜਾਈਆਂ ਵਿੱਚ ਉਹ ਵਾਜਪਾਈ ਦੇ ਗੁਪਤ ਸਾਥੀ ਵੀ ਰਹੇ। ਹਾਲਾਂਕਿ ਆਲੋਚਕਾਂ ਅਤੇ ਗੁੱਟਬਾਜ਼ਾਂ ਨੇ ਇਹ ਯਕੀਨੀ ਬਣਾਇਆ ਕਿ ਉਹ ਕਦੇ ਵੀ ਸੁਰੱਖਿਆ ਬਾਰੇ ਆਲ੍ਹਾ ਅਖ਼ਤਿਆਰੀ ਕੈਬਨਿਟ ਕਮੇਟੀ ਦੇ ਮੈਂਬਰ ਨਾ ਬਣਨ, ਫਿਰ ਵੀ ਡਾਕਟਰ ਜੋਸ਼ੀ ਦੀ ਰਾਇ ਨੂੰ ਪ੍ਰਧਾਨ ਮੰਤਰੀ ਵਾਜਪਾਈ ਵੱਲੋਂ ਹਮੇਸ਼ਾ ਸਤਿਕਾਰ ਨਾਲ ਸੁਣਿਆ ਜਾਂਦਾ ਸੀ।

ਮੇਰੇ ਵਿਚਾਰ ਵਿੱਚ ਜਨਤਕ ਸੇਵਾ ਵਿਚ ਉਨ੍ਹਾਂ ਦੇ ਬਿਹਤਰੀਨ ਵਰ੍ਹੇ ਉਦੋਂ ਸ਼ੁਰੂ ਹੋਏ ਜਦੋਂ ਐੱਨਡੀਏ ਸਰਕਾਰ ਚੋਣਾਂ ਹਾਰਨ ਕਰਕੇ ਸੱਤਾ ਤੋਂ ਲਾਂਭੇ ਹੋ ਗਈ। ਉਹ ਬਿਨਾਂ ਕਿਸੇ ਮੁਸ਼ੱਕਤ ਦੇ ਸੀਨੀਅਰ ਸਿਆਸਤਦਾਨ, ਸਤਿਕਾਰਤ ਸੰਸਦ ਮੈਂਬਰ ਅਤੇ ਸਿੱਖਿਆ ਤੇ ਸਭਿਆਚਾਰ ਦੇ ਮੁੱਦਿਆਂ ਉੱਪਰ ਸੂਝ-ਬੂਝ ਵਾਲੇ ਵਿਚਾਰ ਪ੍ਰਗਟਾਉਣ ਵਾਲੇ ਆਗੂ ਦੀ ਭੂਮਿਕਾ ਵਿਚ ਆ ਗਏ। ਉਨ੍ਹਾਂ ਦੇ ਹਰੇਕ ਪਾਰਟੀ ਵਿਚ ਦੋਸਤ ਅਤੇ ਪ੍ਰਸ਼ੰਸਕ ਹਨ। ਕਈ ਹੋਰਨਾਂ ਨੂੰ ਇਸ ਕਰਕੇ ਸੁਣਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਦਾ ਆਪਣਾ ਜਨ-ਆਧਾਰ ਹੁੰਦਾ ਹੈ। ਪਰ ਇਸ ਤੋਂ ਉਲਟ ਡਾਕਟਰ ਜੋਸ਼ੀ ਨੂੰ ਇਸ ਕਰਕੇ ਧਿਆਨਪੂਰਬਕ ਸੁਣਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਕੋਲ ਨਵੇਂ ਵਿਚਾਰ ਅਤੇ ਸੁਝਾਅ ਹੁੰਦੇ ਹਨ।

ਉਹ ਸ਼ਾਇਦ ਉਨ੍ਹਾਂ ਕੁਝ ਵਿਅਕਤੀਆਂ ਵਿਚ ਸ਼ੁਮਾਰ ਹਨ, ਜਿਹੜੇ ਤਕਨਾਲੋਜੀ ਤੋਂ ਕੋਈ ਭੈਅ ਨਹੀਂ ਖਾਂਦੇ। ਉਹ ਤਾਂ ਮੰਨਦੇ ਹਨ ਕਿ ਸਾਨੂੰ ਤਕਨਾਲੋਜੀ ਦੀ ਚੜ੍ਹਤ ਅੱਗੇ ਸਮਰਪਣ ਕਰਨ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ। ਉਹ ਇਸ ਨਵੇਂ 'ਅੰਧ-ਵਿਸ਼ਵਾਸ' ਵਿੱਚ ਵੀ ਭਰੋਸਾ ਨਹੀਂ ਕਰਦੇ ਕਿ ਸ਼ਾਸਨ, ਬਰਾਬਰੀ ਅਤੇ ਆਜ਼ਾਦੀ ਨਾਲ ਸਬੰਧਤ ਸਾਰੇ ਮੁੱਦਿਆਂ ਦਾ ਨਿਪਟਾਰਾ ਢੁਕਵੀਂ ਤਕਨਾਲੋਜੀ ਦੀ ਵਰਤੋਂ ਨਾਲ ਕੀਤਾ ਜਾ ਸਕਦਾ ਹੈ। ਬਹੁਤ ਸਾਰੀਆਂ ਤਹਿਜ਼ੀਬੀ ਬੁਰਾਈਆਂ ਅਤੇ ਅੰਦੇਸ਼ਿਆਂ ਨੂੰ ਅਜਿਹੀ ਤਰਕਹੀਣ ਸੋਚ ਨਾਲ ਸੁਲਝਾਉਣ ਦਾ ਯਤਨ ਕੀਤਾ ਜਾਂਦਾ ਹੈ ਕਿ ਤਕਨਾਲੋਜੀ ਕੋਲ ਉਨ੍ਹਾਂ ਉਹ ਸਾਰੀਆਂ ਮੁਸ਼ਕਲਾਂ ਦਾ ਹੱਲ ਮੌਜੂਦ ਹੈ। ਇਕੱਲੀ ਅਜਿਹੀ ਸਪਸ਼ਟਤਾ ਕਰਕੇ ਵੀ ਡਾਕਟਰ ਜੋਸ਼ੀ ਇਸ ਵੱਡੇ ਸਨਮਾਨ ਦੇ ਹੱਕਦਾਰ ਮੰਨੇ ਜਾਣੇ ਚਾਹੀਦੇ ਹਨ।

ਲੈਫ਼ਟੀਨੈਂਟ ਜਨਰਲ ਐੱਚ.ਐੱਸ. ਪਨਾਗ ਦਾ 'ਦਿ ਟ੍ਰਿਬਿਊਨ' ਦੇ ਐਤਵਾਰ ਵਾਲੇ ਅੰਕ ਵਿੱਚ 'ਡਰੈਗਨ ਆਨ ਆਵਰ ਡੋਰਸਟੈੱਪ' ਬਾਰੇ ਪੁਸਤਕ ਰੀਵਿਊ ਛਪਿਆ ਹੈ। ਮੈਨੂੰ ਇਸ ਦੀ ਪਹਿਲੀ ਲਾਈਨ 'ਚੀਨ ਤਾਂ ਕੀ, ਭਾਰਤ ਤਾਂ ਪਾਕਿਸਤਾਨ ਤੋਂ ਵੀ ਜੰਗ ਨਹੀਂ ਜਿੱਤ ਸਕਦਾ' ਨੇ ਇਸ ਕਿਤਾਬ ਵੱਲ ਖਿੱਚਿਆ। ਏਨਾ ਕਾਟਵਾਂ, ਏਨਾ ਸਪਸ਼ਟ, ਏਨਾ ਗ਼ੈਰ-ਜਜ਼ਬਾਤੀ ਅਤੇ ਸਿੱਧਾ ਐਨ ਨਿਸ਼ਾਨੇ 'ਤੇ ਤੀਰ ਮਾਰਨ ਵਾਲਾ ਵਿਸ਼ਲੇਸ਼ਣ!

ਸੀਨੀਅਰ ਫ਼ੌਜੀ ਵਿਸ਼ਲੇਸ਼ਕ ਪ੍ਰਵੀਨ ਸਾਹਨੀ ਵੱਲੋਂ ਆਪਣੀ ਸਹਿ-ਕਰਮੀ ਗ਼ਜ਼ਾਲਾ ਵਹਾਬ ਨਾਲ ਮਿਲ ਕੇ 'ਡਰੈਗਨ ਆਨ ਆਵਰ ਡੋਰ ਸਟੈੱਪ-ਮੈਨੇਜਿੰਗ ਚਾਈਨਾ ਥਰੂ ਮਿਲਟਰੀ ਪਾਵਰ' ਨਾਂ ਦੀ ਪੁਸਤਕ ਲਿਖੀ ਗਈ ਹੈ। ਇਹ ਕਿਤਾਬ ਰਵਾਇਤੀ ਅਤੇ ਆਮ ਤੌਰ 'ਤੇ ਕੀਤੇ ਜਾਂਦੇ ਵਿਸ਼ਲੇਸ਼ਣਾਂ ਨਾਲੋਂ ਕਾਫ਼ੀ ਹੱਦ ਤਕ ਹਟ ਕੇ ਹੈ। ਪੁਸਤਕ ਵਿੱਚ ਛਪੀ ਇਹ ਟਿੱਪਣੀ ਕਿ ਜਦੋਂ ਤਕ ਅਸੀਂ ਪਾਕਿਸਤਾਨ ਨਾਲ ਕਿਸੇ ਤਰ੍ਹਾਂ ਦੇ ਸਮਝੌਤੇ 'ਤੇ ਪੁੱਜਣ ਦੇ ਰਾਹ ਨਹੀਂ ਲੱਭਦੇ, ਉਦੋਂ ਤਕ ਦੁਨੀਆ ਵਿੱਚ ਇੱਕ ਭੂਗੋਲਿਕ ਤੇ ਰਣਨੀਤਕ ਤਾਕਤ ਬਣਨ ਦੀ ਭਾਰਤੀ ਚਾਹਤ ਤੇ ਸਮਰੱਥਾ ਦਾ ਕਿਸੇ ਸਿਰੇ ਲੱਗਣਾ ਅਸੰਭਵ ਹੈ।

ਸਾਹਨੀ ਅਤੇ ਵਹਾਬ ਰਾਸ਼ਟਰਵਾਦ ਦੇ ਸ਼ੋਰ-ਸ਼ਰਾਬੇ, ਜੋ ਲਗਭਗ ਰੋਜ਼ਾਨਾ ਰਾਤ ਨੂੰ ਟੈਲੀਵਿਜ਼ਨ ਸਟੂਡੀਓ ਵਿੱਚ ਚੱਲਦਾ ਰਹਿੰਦਾ ਹੈ, ਤੋਂ ਬਹੁਤੇ ਮੁਤਾਸਿਰ ਨਹੀਂ ਹਨ। ਬਲਕਿ ਉਹ ਇੱਕ ਆਸਾਨ ਸਵਾਲ ਪੁੱਛਦੇ ਹਨ, "ਪਾਕਿਸਤਾਨ ਦੀ ਕੇਵਲ ਛੇ ਲੱਖ ਜਵਾਨਾਂ ਦੀ ਫ਼ੌਜ ਭਾਰਤ ਦੇ 13 ਲੱਖ ਫ਼ੌਜੀ ਜਵਾਨਾਂ ਤੋਂ ਡਰਦੀ ਕਿਉਂ ਨਹੀਂ?" ਸਾਡੇ ਘਰੇਲੂ ਬੜਬੋਲੇ ਭਾਵੇਂ ਆਪਣੇ ਪਾਕਿ-ਵਿਰੋਧੀ ਲਫ਼ਜੀ ਜਹਾਦ ਤੋਂ ਭਾਵੇਂ ਸੰਤੁਸ਼ਟ ਹੋ ਜਾਣ, ਪਰ ਸਾਹਨੀ ਦਾ ਕਹਿਣਾ ਹੈ ਕਿ ਅਸੀਂ ਹਮੇਸ਼ਾ ਨੁਕਸਾਨ ਵਿੱਚ ਹੀ ਹਾਂ ਕਿਉਂਕਿ ਪਾਕਿਸਤਾਨ ਨੇ ਆਪਣੀ ਫ਼ੌਜੀ ਸ਼ਕਤੀ ਉਸਾਰ ਲਈ ਹੈ ਜਦਕਿ ਭਾਰਤ ਹਾਲੇ ਤਕ ਫ਼ੌਜੀ ਬਲ ਤਿਆਰ ਕਰਨ 'ਤੇ ਕੇਂਦਰਿਤ ਹੈ।"

ਕੌਮੀ ਸੰਦਰਭ ਵਿੱਚ ਅਸੀਂ ਪਾਕਿਸਤਾਨ ਦੇ ਕੌਮਾਂਤਰੀ ਪੱਧਰ 'ਤੇ 'ਇਕੱਲੇ' ਹੋਣ ਦੀ ਗੱਲ ਕਹਿ ਕੇ ਆਪਣੀ ਪਿੱਠ ਥਪਥਪਾਉਣ ਦੇ ਭਾਵੇਂ ਆਦੀ ਹੋ ਗਏ ਹਾਂ, ਪਰ ਸਾਹਨੀ ਦਾ ਕਹਿਣਾ ਹੈ ਕਿ ਪਾਕਿਸਤਾਨ ਵੱਲੋਂ ਚੀਨ ਨਾਲ ਆਪਣੇ ਰਿਸ਼ਤਿਆਂ ਨੂੰ ਏਨੀ ਸੂਝ ਨਾਲ ਸੰਭਾਲਿਆ ਜਾ ਰਿਹਾ ਹੈ ਕਿ ਇਹ ਜੋੜੀ ਭਾਰਤ ਲਈ ਨਵਾਂ ਖ਼ਤਰਾ ਬਣ ਗਈ ਹੈ। ਦਰਅਸਲ, ਇਹ ਸਾਂਝੇਦਾਰੀ ਹੀ ਭਾਰਤ ਲਈ ਮੁੱਖ ਰਣਨੀਤਕ ਚੁਣੌਤੀ ਹੈ।

ਚੀਨ ਤੋਂ ਭਾਰਤ ਨੂੰ ਬਿਨਾਂ ਸ਼ੱਕ ਖ਼ਤਰਾ ਹੈ ਬਲਕਿ ਇਹ ਪ੍ਰਤੱਖ ਤੌਰ 'ਤੇ ਸਪਸ਼ਟ ਹੈ। ਇਹ ਵੀ ਜ਼ਰੂਰੀ ਨਹੀਂ ਕਿ ਮੁਕਾਬਲਾ ਬਿਨਾਂ ਕਿਸੇ ਨਤੀਜੇ ਤੋਂ ਹੋਏ। ਸਾਹਨੀ ਦੀਆਂ ਟਿੱਪਣੀਆਂ ਬੇਹੱਦ ਬੇਬਾਕ ਹਨ ਕਿ "ਭਾਰਤ ਨੂੰ ਇਹ ਸਮਝਣ ਦੀ ਲੋੜ ਹੈ ਕਿ ਜ਼ੋਰ-ਜ਼ਬਰਦਸਤੀ ਉੱਤੇ ਉਤਾਰੂ ਚੀਨ ਨੂੰ ਸੰਭਾਲਣ ਲਈ ਰਾਹ ਪਾਕਿਸਤਾਨ ਵਿੱਚੋਂ ਵੀ ਹੋ ਕੇ ਲੰਘਦਾ ਹੈ।"

ਇਸ ਦਾ ਅਰਥ ਇਹ ਹੈ ਕਿ ਪਾਕਿਸਤਾਨ ਅਤੇ ਸਬੰਧਤ ਸਾਰੇ ਮਸਲਿਆਂ ਨਾਲ ਨਜਿੱਠਣ ਲਈ ਨਵੀਂ ਪਹੁੰਚ ਦੀ ਲੋੜ ਹੈ। "ਭਾਵੇਂ ਅਸੀਂ ਇਸ ਨੂੰ ਪਸੰਦ ਕਰੀਏ ਜਾਂ ਨਾ, ਪਰ ਭਾਰਤ ਦੇ ਸ਼ਕਤੀਸ਼ਾਲੀ ਮੁਲਕ ਵਜੋਂ ਉਭਾਰ ਦਾ ਰਾਹ ਪਾਕਿਸਤਾਨ ਵਿੱਚੋਂ ਦੀ ਹੋ ਕੇ ਲੰਘਦਾ ਹੈ।"

ਕਿਸੇ ਵਿਸ਼ਲੇਸ਼ਕ ਵੱਲੋਂ ਇਸ ਨਵੀਂ ਪਹੁੰਚ ਨੂੰ ਉਭਾਰਨਾ ਆਸਾਨ ਨਹੀਂ ਹੈ ਪਰ ਭਾਰਤ ਦੀ ਸਿਆਸੀ ਜਮਾਤ ਲਈ ਇਹ ਏਨਾ ਆਸਾਨ ਨਹੀਂ। ਦਰਅਸਲ, ਸਾਡੇ ਸਾਰੇ ਘਰੇਲੂ ਵਿਵਾਦ ਅਤੇ ਨਫ਼ਰਤ ਉਦੋਂ ਮੱਠੀ ਪੈ ਜਾਂਦੀ ਹੈ ਜਦੋਂ ਕੋਈ ਪਾਕਿਸਤਾਨ ਨੂੰ ਬਿਹਤਰ ਢੰਗ ਨਾਲ ਖੂੰਜੇ ਲਾਉਣ ਦੀ ਗੱਲ ਕਰੇ। ਤੇਜ਼ ਤਰਾਰ ਅਫ਼ਸਰਸ਼ਾਹੀ ਤੇ ਸ਼ਾਤਿਰ ਡਿਪਲੋਮੈਟ ਸਾਡੇ ਸਿਆਸੀ ਆਗੂਆਂ ਨੂੰ ਲੋੜ ਮੁਤਾਬਕ ਢਾਲਦੇ ਰਹਿੰਦੇ ਹਨ, ਜੋ ਆਪਣੇ-ਆਪ ਨੂੰ ਅਤੇ ਮੁਲਕ ਨੂੰ ਅਹਿਮਕਾਨਾ ਗੱਲਾਂ ਅਤੇ ਬਹਾਦਰੀ ਦੇ ਕਿੱਸਿਆਂ ਰਾਹੀਂ ਮੂਰਖ ਬਣਾਉਣਾ ਪਸੰਦ ਕਰਦੇ ਹਨ।

ਸਾਹਨੀ ਅਤੇ ਵਹਾਬ ਦੀ ਪੁਸਤਕ ਵੱਖਰੀ ਸੋਚ ਅਤੇ ਸਪਸ਼ਟਤਾ ਕਰਕੇ ਪੜ੍ਹੇ ਜਾਣ ਦੀ ਹੱਕਦਾਰ ਹੈ।

ਸਪਸ਼ਟਤਾ ਸਾਡੀ ਤਹਿਜ਼ੀਬ ਦਾ ਬਹੁਤਾ ਪ੍ਰਭਾਵਸ਼ਾਲੀ ਹਿੱਸਾ ਭਾਵੇਂ ਬਿਲਕੁੱਲ ਨਹੀਂ ਹੈ, ਫਿਰ ਵੀ ਕੌਫ਼ੀ ਦਾ ਇੱਕ ਕੱਪ ਸੋਚ ਨੂੰ ਸਪਸ਼ਟ ਜ਼ਰੂਰ ਬਣਾ ਦਿੰਦਾ ਹੈ। ਇਸ ਨੂੰ ਪੀਣ ਦਾ ਸਮਾਂ ਹੋ ਗਿਆ ਹੈ। ਆਮੀਨ!

**ਈਮੇਲ: kaffeeklatsch'tribuneindia.com**



# ਚਲੋ ਚਲੀ ਦਾ ਮੇਲਾ, ਵੋਟਾਂ ਸਿਰ 'ਤੇ, ਪਿਆ ਝਮੇਲਾ, ਸੱਦਾ ਦੇਈਏ ਵੋਟਰਾਂ ਨੂੰ

## ਵੱਖ ਵੱਖ ਰਾਜਸੀ ਪਾਰਟੀਆਂ, ਜਥੇਬੰਦੀਆਂ ਅਤੇ ਉਮੀਦਵਾਰਾਂ ਵਲੋਂ ਵੋਟਰਾਂ ਨੂੰ ਭਰਮਾਉਣ ਲਈ ਪੰਜਾਬ ਚੋਣਾਂ ਦੌਰਾਨ ਪ੍ਰਚਾਰ ਲਈ ਅਪਣਾਏ ਵੱਖ ਵੱਖ ਢੰਗਾਂ, ਵੋਟਰਾਂ ਨਾਲ ਮੇਲ ਮਿਲਾਪ ਤੋਂ ਇਲਾਵਾ ਚੋਣ ਦ੍ਰਿਸ਼ਾਂ ਅਤੇ ਪ੍ਰਬੰਧਾਂ ਦੇ ਵੱਖਰੇ ਪਹਿਲੂਆਂ ਦੀ ਝਲਕ ਵਿਖਾਉਂਦੀਆਂ ਤਸਵੀਰਾਂ



ਪੰਜਾਬ ਦੇ ਸਾਬਕਾ ਮੰਤਰੀ ਜਗਜੀਤ ਸਿੰਘ ਰੰਧਾਵਾ ਦੀ ਧੀ ਅਤੇ ਆਮ ਆਦਮੀ ਪਾਰਟੀ ਦੀ ਉਮੀਦਵਾਰ ਅਨੂ ਰੰਧਾਵਾ ਘਨੌਰ ਹਲਕੇ ਵਿਚ ਚੋਣ ਪ੍ਰਚਾਰ ਦੌਰਾਨ ਬਜ਼ੁਰਗ ਔਰਤਾਂ ਨੂੰ ਗਲੇ ਮਿਲਦੇ ਹੋਏ।



ਅੰਮ੍ਰਿਤਸਰ ਵਿਚ ਅਕਾਲੀ-ਭਾਜਪਾ ਉਮੀਦਵਾਰ ਦੇ ਹੱਕ ਵਿੱਚ ਕੀਤੀ ਰੈਲੀ।



ਐਸ.ਏ.ਐਸ. ਨਗਰ ਵਿਚ ਬਲੌਂਗੀ ਵਿਖੇ ਆਮ ਆਦਮੀ ਪਾਰਟੀ ਦੀ ਰੈਲੀ ਦੌਰਾਨ ਬੱਚੇ 'ਆਪ' ਦੀ ਟੋਪੀ ਪਾ ਕੇ ਨਾਅਰੇ ਲਾਉਂਦੇ ਹੋਏ।



ਕਾਂਗਰਸ ਉਮੀਦਵਾਰ ਅਤੇ ਗਾਇਕਾ ਸਤਵਿੰਦਰ ਕੌਰ ਬਿੱਟੀ ਸਾਹਨੇਵਾਲ ਵਿਚ ਚੋਣ ਪ੍ਰਚਾਰ ਦੌਰਾਨ। ਬਿੱਟੀ ਦੇ ਸਹੁਰਾ ਕਰਨੈਲ ਸਿੰਘ ਕੂਮ ਖੁਰਦ ਪਿੰਡ ਦੇ ਸਰਪੰਚ ਰਹੇ ਹਨ ਤੇ ਉਨ੍ਹਾਂ ਦੇ ਪਤੀ ਗੁਲਰਾਜ਼ ਸਿੰਘ ਗਰੇਵਾਲ ਸ਼ਿਕਾਗੋ ਰਹਿੰਦੇ ਹਨ।



ਮੋਦੀ ਸਰਕਾਰ ਖ਼ਿਲਾਫ਼ ਸੜਕਾਂ 'ਤੇ ਉਤਰਣ ਵਾਲੇ ਸਾਬਕਾ ਫ਼ੌਜੀ ਇਨ੍ਹੀਂ ਦਿਨੀਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਸਰਗਰਮ ਹਨ। ਸੂਬੇ ਵਿਚ ਉਨ੍ਹਾਂ ਦੀ 1.5 ਲੱਖ ਦੇ ਕਰੀਬ ਵੋਟ ਹੈ। ਆਲ ਇੰਡੀਆ ਡਿਫੈਂਸ ਬਰਦਰਹੁੱਡ ਦੇ ਕੌਮੀ ਪ੍ਰਧਾਨ ਬ੍ਰਿਗੇਡੀਅਰ ਹਰਵੰਤ ਸਿੰਘ (ਸੇਵਾ ਮੁਕਤ) ਦਾ ਕਹਿਣਾ ਹੈ ਕਿ ਉਹ ਅਕਾਲੀ-ਭਾਜਪਾ ਸਰਕਾਰ ਨੂੰ ਹਰਾਉਣ ਲਈ ਮੈਦਾਨ ਵਿਚ ਨਿਤਰੇ ਹਨ।



ਲੁਧਿਆਣਾ ਵਿਚ ਅੰਤਰਰਾਜੀ ਮਜ਼ਦੂਰ ਕਾਂਗਰਸ ਲਈ ਪ੍ਰਚਾਰ ਕਰਦੇ ਹੋਏ। ਪੰਜਾਬ ਵਿਚ 28 ਸੂਬਿਆਂ ਦੇ 40 ਲੱਖ ਤੋਂ ਵੱਧ ਅੰਤਰਰਾਜੀ ਮਜ਼ਦੂਰ ਹਨ, ਜਿਨ੍ਹਾਂ ਵਿਚੋਂ 13 ਲੱਖ ਤੋਂ ਵੱਧ ਵੋਟਰ ਹਨ।




ਚੰਡੀਗੜ੍ਹ ਵਿਚ ਵੱਖ ਵੱਖ ਮੁਲਕਾਂ ਤੋਂ ਪੁੱਜੇ ਪਰਵਾਸੀ ਭਾਰਤੀ, ਚੋਣ ਪ੍ਰਚਾਰ ਲਈ ਰਵਾਨਾ ਹੁੰਦੇ ਹੋਏ।




ਲੋਕਾਂ ਦਾ ਨੱਕ ਵਿੱਚ ਦਮ ਕਰ ਰਹੀ ਨਰਿੰਦਰ ਮੋਦੀ ਦੀ ਅਖੌਤੀ ਕਾਲਾ ਧਨ ਵਿਰੋਧੀ ਨੋਟਬੰਦੀ ਦਾ ਅਸਰ ਅਜੇ ਵੀ ਨਹੀਂ ਘਟਿਆ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਮੋਦੀ ਦੇ ਚਹੇਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜੱਦੀ ਪਿੰਡ ਵਿਚਲੇ ਬੈਂਕਾਂ ਵਿੱਚ ਲੋਕਾਂ ਦੀ ਖਜ਼ਲਖੁਆਰੀ ਲਗਾਤਾਰ ਜਾਰੀ ਹੈ। ਬਾਦਲਾਂ ਦੇ ਕਿਲੇਨੁਮਾ ਮਹਿਲ ਤੋਂ ਅੱਧੇ ਕਿਲੋਮੀਟਰ ਤੋਂ ਵੀ ਘੱਟ ਦੂਰੀ ਉੱਤੇ ਮੁੱਖ ਸੜਕ ਤੇ ਸਥਿਤ ਸੈਂਟਰਲ ਬੈਂਕ ਆਫ਼ ਇੰਡੀਆ ਦੀ ਬਰਾਂਚ ਦੇ ਬਾਹਰ ਸ਼ੁਕਰਵਾਰ ਨੂੰ ਲੱਗੀ ਕਿਸਾਨਾਂ ਦੀ ਲੰਮੀ ਲਾਈਨ।





ਪੰਜਾਬ ਦੀ ਦੋਵੀਂ ਹੱਥੀਂ ਲੁੱਟ ਕਰਕੇ 'ਸ਼ਾਹੀ ਅਮੀਰ' ਬਣੇ ਬਾਦਲਾਂ ਦਾ 'ਗਰੀਬਖਾਨਾ' ਅਤੇ ਉਸ ਦੇ ਰਾਜਸੀ ਭਵਿੱਖ ਦਾ ਸੰਕੇਤ ਦਿੰਦੀ ਬਾਦਲਾਂ ਦੇ ਬਾਗ਼ ਦੇ ਸਾਹਮਣੇ ਵਾਲੀ ਸੜਕ ਕਿਨਾਰੇ ਉਜੜੀ ਪੁਝੜੀ ਝੁੱਗੀ ਉੱਤੇ ਝੁੱਲ ਰਹੀ ਤੱਕੜੀ ਚੋਣ ਨਿਸ਼ਾਨ ਵਾਲੀ ਕੇਸਰੀ ਝੰਡੀ।



ਚੋਣਾਂ ਵਿੱਚ ਸਰੁਖਿਆਂ ਯਕੀਨੀ ਬਣਾਉਣ ਅਤੇ ਵੋਟਰਾਂ ਨੂੰ ਭਰਮਾਉਣ ਲਈ ਇਧਰ ਉਧਰ ਢੋਏ ਜਾ ਰਹੇ ਪੈਸਿਆਂ, ਸ਼ਰਾਬ ਤੇ ਭੁੱਕੀ ਨੂੰ ਕਾਬੂ ਕਰਨ ਲਈ ਚੱਪੇ ਚੱਪੇ ਉੱਤੇ ਲਾਏ ਨਾਕਿਆਂ ਦੌਰਾਨ ਸੁਰੱਖਿਆਂ ਦਲਾਂ ਅਤੇ ਪੰਜਾਬ ਪੁਲੀਸ ਵਲੋਂ ਕੀਤੀ ਜਾ ਰਹੀ ਚੈਕਿੰਗ।



ਇੱਕ ਗੋਦਾਮ ਵਿਚ ਛੁਪਾ ਕੇ ਰੱਖੀ ਫੜੀ ਗਈ ਸ਼ਰਾਬ ਦੀਆਂ ਬੰਦ ਪੇਟੀਆਂ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ ॥

# ਅਮੈਰਕਿਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏ ਜੀ ਪੀ ਸੀ)

## ਸਾਕਾ ਨਕੋਦਰ ਦੇ ਸ਼ਹੀਦਾਂ ਦੀ 31ਵੀਂ ਬਰਸੀ ਮੌਕੇ

## "ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਅਤੇ ਸਿੱਖ ਪ੍ਰਤੀਕਰਮ 1986 –2017" ਵਿਸ਼ੇ 'ਤੇ ਸੈਮੀਨਾਰ


ਭਾਈ ਰਵਿੰਦਰ ਸਿੰਘ ਲਿੱਤਰਾਂ


ਭਾਈ ਹਰਮਿੰਦਰ ਸਿੰਘ ਚਲੂਪੁਰ


ਭਾਈ ਬਲਧੀਰ ਸਿੰਘ ਰਾਮਗੜ੍ਹ


ਭਾਈ ਝਿਲਮਣ ਸਿੰਘ ਗੋਰਸੀਆਂ

**ਮੁੱਖ ਬੁਲਾਰੇ**

*ਸਿੱਖੀ ਵਿੱਚ ਸ਼ਹੀਦੀ ਦਾ ਸੰਕਲਪ*
- ਡਾ. ਅਮਰਜੀਤ ਸਿੰਘ

*ਸਾਕਾ ਨਕੋਦਰ ਦਿਹਾੜਾ*
-ਡਾ.ਹਰਿੰਦਰ ਸਿੰਘ

ਮਿਤੀ 4 ਫਰਵਰੀ 2017, ਦਿਨ ਸ਼ਨਿਚਰਵਾਰ, ਸ਼ਾਮੀ 4:00 ਵਜੇ ਤੋਂ 6:00 ਵਜੇ ਤੱਕ

ਸਥਾਨ: ਗੁਰਦੁਆਰਾ ਸਿੰਘ ਸਭਾ ਬੇ-ਏਰੀਆ, 680 ਈਸਟ ਕੈਲਾਵੇਰਸ ਬੁਲੇਵਾਰਡ, ਮਿਲਪੀਟਸ, ਕੈਲੀਫੋਰਨੀਆ 95035

ਸਾਕਾ ਨਕੋਦਰ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਮਾਤਾ-ਪਿਤਾ ਜੀ ਬਾਪੂ ਬਲਦੇਵ ਸਿੰਘ ਅਤੇ ਮਾਤਾ ਬਲਦੀਪ ਕੌਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ

ਹੋਰ ਜਾਣਕਾਰੀ ਲਈ ਸੰਪਰਕ ਕਰੋ - ਡਾ. ਹਰਿੰਦਰ ਸਿੰਘ ਫੋਨ ਨੰਬਰ : (408) 461-7071

**ਵਲੋਂ : ਅਮੈਰਕਿਨ ਗੁਰਦੁਆਰਾ ਪ੍ਰਬੰਧਕ ਕਮੇਟੀ**

ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥

# ਗੁਰਦੁਆਰਾ ਸਾਹਿਬ ਫਰੀਮਾਂਟ ਕੈਲੀਫੋਰਨੀਆ

300 Gurdwara Road, Fremont, CA 94536, Phone: 510-790-0177


ਭਾਈ ਰਵਿੰਦਰ ਸਿੰਘ ਲਿੱਤਰਾਂ


ਭਾਈ ਹਰਮਿੰਦਰ ਸਿੰਘ ਚਲੂਪੁਰ


ਭਾਈ ਬਲਧੀਰ ਸਿੰਘ ਰਾਮਗੜ੍ਹ


ਭਾਈ ਝਿਲਮਣ ਸਿੰਘ ਗੋਰਸੀਆਂ

ਸਾਕਾ ਨਕੋਦਰ ਦੇ ਸ਼ਹੀਦਾਂ ਦੀ ਪਾਵਨ ਯਾਦ 'ਚ

## 31ਵੀਂ ਸ਼ਹੀਦੀ ਕਾਨਫਰੰਸ

05 ਫਰਵਰੀ, 2017 ਦਿਨ ਐਤਵਾਰ

ਸਮਾਂ: ਸਵੇਰੇ 10:00 ਵਜੇ

## ਵਿਸ਼ੇਸ਼ ਸਨਮਾਨ

ਵਲੋਂ

ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ.ਸੀ.

(ਸੰਚਾਲਕ ਖ਼ਾਲਿਸਤਾਨ ਅਫੇਰਜ਼ ਸੈਂਟਰ)

*ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਸ਼ਹੀਦੀ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਇਨ੍ਹਾਂ ਸੂਰਬੀਰ ਯੋਧਿਆਂ, ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਆਪਾ ਵਾਰਿਆ, ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ ਜੀ ।*

**ਬੇਨਤੀ ਕਰਤਾ : ਸਮੂਹ ਸਿੱਖ ਸੰਗਤ ਬੇ-ਏਰੀਆ ਅਤੇ ਗੁਰਦੁਆਰਾ ਸਾਹਿਬ ਫਰੀਮਾਂਟ ਕਮੇਟੀ**



# PANNU'S LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

## IMMIGRATION

★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

## STUDENT VISA (EDUCATE YOUR CHILDREN IN USA)

## DIVORCE

★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S PASSPORT & VISA SERVICES

indiavisa123@gmail.com • FAX 510.279.7624



M.K. Pannu (Owner)

## VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

# RADIO GAL PUNJAB DI USA

# LISTEN & SUPPORT ਨਿਰਪੱਖ

## ਰੇਡੀਓ ਗੱਲ ਪੰਜਾਬ ਦੀ ਯੂਐਸਏ

ਅਸੀਂ ਧਾਰਮਿਕ, ਰਾਜਨੀਤਿਕ, ਸਮਾਜਿਕ

ਅਤੇ ਸਮਾਜ ਦੇ ਹੋਰ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸਖਸ਼ੀਅਤਾਂ ਨੂੰ ਤੁਹਾਡੇ ਰੂਬਰੂ ਲੈ ਕੇ ਆਵਾਂਗੇ

001-510-541-7344

galpunjabdi1@gmail.com

www.radiogalpunjabdiusa.com

Download App From

STAFF/PARTNERS NEEDED AROUND THE WORLD

ਕ੍ਰਿਪਾ ਕਰਕੇ ਸਾਡੇ ਨਾਲ ਜੁੜੇ ਰਹੋ, ਅਸੀਂ ਤੁਹਾਡੀ ਸਾਰੀਆਂ ਉਮੀਦਾਂ ਤੇ ਖਰੇ ਉਤਰਾਂਗੇ।

CALL TO LISTEN
USA : +1-563-999-3276
CAN : +1-867-675-1499
UK : +44-0330-606-1304
AUS : +61-028-080-5101

Free announcements for Religious, Political, and Social Events

# CHAAT BHAVAN®

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700

WWW.CHAATBHAVAN.COM

ਆਮ ਆਦਮੀ ਪਾਰਟੀ ਪੰਜਾਬ

# ਪਰਵਾਸੀ ਪੰਜਾਬੀਆਂ ਦੀ ਇਕੋ ਆਵਾਜ਼, ਆਮ ਆਦਮੀ ਪਾਰਟੀ ਜ਼ਿੰਦਾਬਾਦ

ਆਮ ਆਦਮੀ ਪਾਰਟੀ ਦੇ ਨਿਊਯਾਰਕ ਵਿੰਗ ਵਲੋਂ ਹਾਈ ਕਮਾਂਡ ਦੇ ਫੈਸਲੇ ਅਨੁਸਾਰ ਪੰਜਾਬ ਵਿਚ ਆਰਥਿਕ ਤੌਰ 'ਤੇ ਕਮਜ਼ੋਰ 25 ਉਮੀਦਵਾਰਾਂ ਦੀ ਆਰਥਿਕ ਮਦਦ ਲਈ ਇਥੋਂ ਸਪੋਰਟਰਾਂ ਦੀ ਇਕ ਟੀਮ ਪੰਜਾਬ ਲਈ ਰਵਾਨਾ ਹੋ ਗਈ ਹੈ। ਆਮ ਆਦਮੀ ਪਾਰਟੀ ਦਾ ਨਿਊਯਾਰਕ ਵਿੰਗ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਜਿੱਤ ਯਕੀਨੀ ਬਣਾਉਣ ਲਈ ਹਰ ਤਰ੍ਹਾਂ ਤਿਆਰ-ਬਰ-ਤਿਆਰ ਹੈ।






ਆਓ ਪੰਜਾਬ ਬਦਲੀਏ, ਆਪਣੇ ਪਹਿਲੇ ਪੰਜਾਬ ਦੀ ਮੁੜ ਸਥਾਪਨਾ ਕਰੀਏ

ਸੁਖਜਿੰਦਰ ਸਿੰਘ ਨਿੱਝਰ, ਨਿਊਯਾਰਕ ਤੇ ਨਾਰਥ ਈਸਟ ਕੋਸਟ ਵਿੰਗ ਦਾ ਮੀਡੀਆ ਸਪੋਕਸਮੈਨ, 917-476-8888

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।





COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

# ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ





**ਸ਼ਿਕਾਗੋ/ਮੱਖਣ ਸਿੰਘ ਕਲੇਰ:**
ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਪ੍ਰਬੰਧਕਾਂ ਵੱਲੋਂ ਸੰਗਤਾਂ ਦੇ ਵਿਸ਼ੇਸ਼ ਸਹਿਯੋਗ ਨਾਲ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। 26 ਜਨਵਰੀ ਵੀਰਵਾਰ ਰਾਤ ਦੇ ਦੀਵਾਨ ਵਿਸ਼ੇਸ਼ ਤੌਰ ਤੇ ਜਨਮ ਦਿਹਾੜੇ ਦੇ ਸਬੰਧ ਵਿਚ ਸਜਾਏ ਗਏ ਜਿਸ ਵਿਚ ਸੰਗਤਾਂ ਭਾਰੀ ਗਿਣਤੀ ਵਿਚ ਪਹੁੰਚੀਆਂ।

ਐਤਵਾਰ ਦੇ ਦੀਵਾਨ ਵੀ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਨ ਨੂੰ ਹੀ ਸਮਰਪਤ ਸਨ। ਜਿਸ ਵਿਚ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵੱਲੋਂ ਬਾਬਾ ਦੀਪ ਸਿੰਘ ਜੀ ਦੇ ਜੀਵਨ ਅਤੇ ਸਿੱਖ ਧਰਮ ਪ੍ਰਤੀ ਨਿਵਾਈਆ ਅਹਿਮ ਸੇਵਾਵਾਂ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਰਾਖੀ ਕਰਦੇ ਹੋਇਆ ਸ਼ਹੀਦੀ ਪ੍ਰਾਪਤ ਕਰਨ ਤੱਕ ਦਾ ਇਤਿਹਾਸ ਸਰਵਣ ਕਰਵਾਇਆ।

ਗੁਰੂ ਘਰ ਦੇ ਕੀਰਤਨੀ ਜਥੇ ਭਾਈ ਰਾਜਿੰਦਰ ਸਿੰਘ, ਭਾਈ ਅਮਰੀਕ ਸਿੰਘ ਤੇ ਭਾਈ ਗੁਰਮੀਤ ਸਿੰਘ ਜਲੰਧਰ ਵਾਲਿਆਂ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਲਗਵਾਈ। ਵਿਸ਼ੇਸ਼ ਤੌਰ ਤੇ ਇਸ ਦਿਹਾੜੇ ਤੇ ਭਾਈ ਪ੍ਰੀਤਇੰਦਰ ਸਿੰਘ ਵਰਜੀਨੀਆ ਤੋਂ ਆਪਣੇ ਜਥੇ ਸਮੇਤ ਤਾਂਤੀ ਸਾਜਾਂ ਨਾਲ ਕੀਰਤਨ ਵਾਸਤੇ ਪਹੁੰਚੇ ਜਿਨ੍ਹਾਂ ਨੂੰ ਸੰਗਤਾਂ ਨੇ ਬੜੇ ਹੀ ਪਿਆਰ ਤੇ ਸ਼ਰਧਾ ਨਾਲ ਸੁਣਿਆ। ਸਟੇਜ ਦੀ ਸੇਵਾ ਹਰਜੀਤ ਸਿੰਘ ਗਿੱਲ ਨੇ ਨਿਭਾਈ।





Sunwireless
(888) 220-5503
www.sw.getdish.com

ASK ABOUT DISH
FOR YOUR HOME, APARTMENT, OR BUSINESS

dish AUTHORIZED RETAILER

**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 1/16/17. **2-Year Commitment:** Early termination fee of $20/mo. remaining applies if you cancel early. **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.


## ਕੌਰ ਐਂਡ ਸਿੰਘ ਅਕੈਡਮੀ ਦਾ ਪਹਿਲਾ ਓਪਨ ਹਾਊਸ 5 ਫਰਵਰੀ ਐਤਵਾਰ ਨੂੰ ਪੋਰਟਰ ਰੈਂਚ ਕਮਿਊਨਿਟੀ ਸਕੂਲ ਵਿਚ ਹੋਵੇਗਾ ਹਾਊਸ

**ਲਾਸ ਏਂਜਲਸ/ਬਿਊਰੋ ਨਿਊਜ਼ :** ਕੌਰ ਐਂਡ ਸਿੰਘ ਅਕੈਡਮੀ ਦਾ ਪਹਿਲਾ ਓਪਨ ਹਾਊਸ 5 ਫਰਵਰੀ ਐਤਵਾਰ ਨੂੰ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ Porter Ranch Community School, 12450 Mason Avenue, Porter Ranch, CA ਵਿਖੇ ਹੋਵੇਗਾ। ਕੌਰ ਐਂਡ ਸਿੰਘ ਅਕੈਡਮੀ ਦੀਆਂ ਕਲਾਸਾਂ ਹਰ ਐਤਵਾਰ ਨੂੰ ਸਵੇਰੇ 9:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਲਾਸ ਏਂਜਲਸ ਯੂਨੀਫਾਈਡ ਸਕੂਲ ਡਿਸਟ੍ਰਿਕਟ ਕੈਂਪਸ ਵਿਚ ਲੱਗਣਗੀਆਂ। ਸਵੇਰ ਦੇ ਸੈਸ਼ਨ ਵਿਚ ਸਵੇਰੇ 9:00 ਵਜੇ ਤੋਂ ਦੁਪਹਿਰ 12:00 ਵਜੇ ਤਕ ਗੁਰਮਖੀ, ਫਿਲਾਸਫ਼ੀ, ਸਿੱਖ ਇਤਿਹਾਸ ਤੇ ਸਭਿਆਚਰ ਬਾਰੇ ਸਿੱਖਿਆ ਦਿੱਤੀ ਜਾਵੇਗੀ। ਦੁਪਹਿਰ ਦੇ ਸੈਸ਼ਨ ਵਿਚ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤਕ ਕਲਾਸੀਕਲ ਇੰਸਟਰੂਮੈਂਟਸ, ਗੁਰਮਤਿ ਸੰਗੀਤ ਅਤੇ ਐਡਵਾਂਸ ਪ੍ਰੋਗਰਾਮ ਦੀ ਸਿਖਲਾਈ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕੌਰ ਐਂਡ ਸਿੰਘ ਅਕੈਡਮੀ ਗੈਰ ਲਾਭਕਾਰੀ ਸੰਸਥਾ ਹੈ ਜੋ ਭਾਈਚਾਰੇ ਦੇ ਚੰਦਿਆਂ ਤੇ ਸਹਿਯੋਗ ਨਾਲ ਚਲਾਈ ਜਾਵੇਗੀ। ਇਸ ਦਾ ਮਕਸਦ ਅਗਲੀ ਪੀੜ੍ਹੀ ਵਿਚ ਸਿੱਖੀ ਬਾਰੇ ਚਿਣਗ ਜਗਾਈ ਜਾਵੇਗੀ। ਇਹ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰੂ ਪੰਥ ਨਾਲ ਜੁੜੀ ਹੈ। ਇਸ ਦਾ ਮਕਸਦ ਗੁਰਮਖੀ, ਸਿੱਖ ਇਤਿਹਾਸ, ਸਭਿਆਚਾਰ ਅਤੇ ਗੁਰਮਤਿ ਸੰਗੀਤ ਬਾਰੇ ਨਵੀਂ ਪੀੜ੍ਹੀ ਨੂੰ ਨਵੀਂਆਂ ਤਕਨੀਕਾਂ ਰਾਹੀਂ ਜਾਣੂ ਕਰਵਾਉਣਾ ਹੈ। ਵਧੇਰੇ ਜਾਣਕਾਰੀ ਲਈ 818-599-9483 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਹਰਿਆਣਾ ਵਿੱਚ ਜਾਟ ਅੰਦੋਲਨ ਫੇਰ ਤੋਂ ਸ਼ੁਰੂ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਰਿਆਣਾ ਦੇ ਜਾਟਾਂ ਨੇ ਆਪਣੀਆਂ ਮੰਗਾਂ ਦੇ ਹੱਕ ਵਿੱਚ ਵੱਖ ਵੱਖ ਜ਼ਿਲ੍ਹਿਆਂ ਵਿਚ ਅੰਦੋਲਨ ਸ਼ੁਰੂ ਕਰ ਦਿੱਤਾ ਹੈ। ਅੰਦੋਲਨ ਦਾ ਪਹਿਲਾ ਦਿਨ ਸ਼ਾਂਤਮਈ ਗੁਜ਼ਰ ਗਿਆ ਪਰ ਜਾਟਾਂ ਨੇ ਧਰਨੇ ਲਾ ਕੇ ਸੂਬਾ ਸਰਕਾਰ ਨੂੰ ਵਖ਼ਤ ਪਾ ਦਿੱਤਾ। ਹਰਿਆਣਾ ਪੁਲੀਸ ਨੇ ਹਾਲਾਤ ਨਾਲ ਨਜਿੱਠਣ ਲਈ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹਨ ਅਤੇ ਵੱਡੀ ਗਿਣਤੀ ਵਿੱਚ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ। ਅੰਦੋਲਨਕਾਰੀਆਂ ਨੇ ਲੋਕਾਂ ਨੂੰ ਨਾਲ ਜੋੜੀ ਰੱਖਣ ਲਈ ਲੰਗਰ ਲਾ ਦਿੱਤੇ ਹਨ। ਅੰਦੋਲਨਕਾਰੀਆਂ ਨੇ ਖਾਸ ਕਰ ਕੇ ਰੋਹਤਕ ਦੇ ਨਾਲ ਪੈਂਦੇ ਜਾਸੀਆ ਵਿੱਚ ਖਾਣ-ਪੀਣ ਦਾ ਪ੍ਰਬੰਧ ਕੀਤਾ ਹੋਇਆ ਹੈ। ਪਿਛਲੀ ਵਾਰ ਅੰਦੋਲਨ ਦੌਰਾਨ ਇਸੇ ਥਾਂ 'ਤੇ ਵੱਡਾ ਧਰਨਾ ਲਾਇਆ ਗਿਆ ਸੀ ਅਤੇ ਰੋਹਤਕ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਹਿੰਸਾ ਫੈਲੀ ਸੀ। ਪੁਲੀਸ ਵੱਲੋਂ ਅੰਦੋਲਨ ਵਿੱਚ ਹਿੱਸਾ ਲੈਣ ਵਾਲਿਆਂ ਦਾ ਪੂਰਾ ਰਿਕਾਰਡ ਰੱਖਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਅੰਦੋਲਨ ਦੇ ਪਹਿਲੇ ਦਿਨ ਧਰਨਿਆਂ ਵਿੱਚ ਘੱਟ ਹੀ ਲੋਕ ਆਏ ਅਤੇ ਇਕ ਧੜਾ ਅੰਦੋਲਨ ਸ਼ੁਰੂ ਕਰਨ ਦਾ ਵਿਰੋਧ ਕਰ ਰਿਹਾ ਹੈ।

# Travel for Less Inc.

SPECIALIZED IN DISCOUNT FARES WORLDWIDE




BUY TRAVEL TICKETS ON WHOLESALE PRICES

CST NO : 2031914-40

| | | |
|---|---|---|
| O/B | SFO - DEL | MON/TUE/WED/FRI/SAT |
| I/B | DEL - SFO | MON/WED/THU/FRI/SUN |

**Serving the Bay Area Since 1996**
39156-State Street, Fremont CA-94538
Email: info@travelforlessinc.com
www.letsflyhome.com

**(510) 791-3300**
**(408) 791-2600**



## Raja Sweets & Catering

AUTHORIZED CATERER FOR MAJOR 5-STAR HOTELS

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

## Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

### Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

# ਮੋਦੀ ਕਹਿੰਦੈ : ਹੁਣ ਬੇਅਦਬੀ ਦੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲਵਾਂਗੇ



ਕੋਟਕਪੂਰਾ ਰੈਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੱਥ ਹਿਲਾਉਂਦੇ ਹੋਏ, ਉਨ੍ਹਾਂ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਵਿਜੇ ਸਾਂਪਲਾ, ਹਰਸਿਮਰਤ ਕੌਰ ਬਾਦਲ, ਅਵਿਨਾਸ਼ ਰਾਏ ਖੰਨਾ, ਜਥੇਦਾਰ ਤੋਤਾ ਸਿੰਘ, ਸਰੂਪ ਚੰਦ ਸਿੰਗਲਾ, ਬਰਜਿੰਦਰ ਸਿੰਘ ਅਤੇ ਹੋਰ।

**ਕੋਟਕਪੂਰਾ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਵਿਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਬਾਰੇ ਕਿਹਾ ਕਿ ਇਨ੍ਹਾਂ ਘਟਨਾਵਾਂ ਨੂੰ ਕੇਂਦਰ ਸਰਕਾਰ ਨੇ ਗੰਭੀਰਤਾ ਨਾਲ ਲਿਆ ਹੈ ਅਤੇ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾ ਰਹੀ ਹੈ। ਇਸ ਮਾਮਲੇ ਵਿਚ ਦੋਸ਼ੀ ਜਲਦ ਹੀ ਕਾਨੂੰਨ ਦੇ ਕਟਹਿਰੇ ਵਿਚ ਹੋਣਗੇ ਤੇ ਕਾਨੂੰਨ ਮੁਤਾਬਕ ਇਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਘਿਨੌਣਾ ਅਪਰਾਧ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਮੁਆਫ਼ ਨਹੀਂ ਕੀਤਾ ਜਾ ਸਕਦਾ। ਕੋਟਕਪੂਰਾ ਦੀ ਅਨਾਜ ਮੰਡੀ ਵਿਚ ਅਕਾਲੀ-ਭਾਜਪਾ ਗਠਜੋੜ ਦੇ ਹੱਕ ਵਿਚ ਕੀਤੀ ਗਈ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ ਕਿ ਦੇਸ਼ ਦੀ ਅੰਦਰੂਨੀ ਤੇ ਬਾਹਰੀ ਸੁਰੱਖਿਆ ਲਈ ਪੰਜਾਬ ਵਿਚ ਅਕਾਲੀ-ਭਾਜਪਾ ਗਠਜੋੜ ਸਰਕਾਰ ਦੀ ਲੋੜ ਹੈ, ਜੋ ਅਮਨ-ਸ਼ਾਂਤੀ, ਭਾਈਚਾਰਕ ਸਾਂਝ ਤੇ ਵਿਕਾਸ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਸਰਹੱਦੀ ਸੂਬਾ ਹੋਣ ਕਰਕੇ ਦੇਸ਼ ਵਿਰੋਧੀ ਤਾਕਤਾਂ ਪੰਜਾਬ ਦੀ ਸਰਹੱਦ ਰਾਹੀਂ ਦੇਸ਼ ਵਿਚ ਅਸ਼ਾਂਤੀ ਫੈਲਾਉਣ ਦਾ ਯਤਨ ਕਰਦੀਆਂ ਹਨ ਤੇ ਪੰਜਾਬ ਨਾਲ ਹੀ ਦੇਸ਼ ਦੀ ਸੁਰੱਖਿਆ ਜੁੜੀ ਹੋਈ ਹੈ, ਜਿਸ ਲਈ ਪੰਜਾਬ ਵਰਗੇ ਖ਼ੁਸ਼ਹਾਲ ਸੂਬੇ ਵਿਚ ਇਕ ਮਜ਼ਬੂਤ ਸਰਕਾਰ ਦੀ ਜ਼ਰੂਰਤ ਹੈ, ਜੋ ਕੇਂਦਰ ਨਾਲ ਮਿਲ ਕੇ ਦੇਸ਼ ਦੀ ਸੁਰੱਖਿਆ ਲਈ ਵਚਨਬੱਧ ਹੋਵੇ। ਮੋਦੀ ਨੇ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਗਠਜੋੜ ਦੇ ਵਿਧਾਨ ਸਭਾ ਹਲਕਾ ਕੋਟਕਪੂਰਾ ਤੋਂ ਉਮੀਦਵਾਰ ਮਨਤਾਰ ਸਿੰਘ ਬਰਾੜ, ਫ਼ਰੀਦਕੋਟ ਤੋਂ ਪਰਮਬੰਸ ਸਿੰਘ ਬੰਟੀ ਰੋਮਾਣਾ, ਜੈਤੋ ਤੋਂ ਸੂਬਾ ਸਿੰਘ ਬਾਦਲ, ਧਰਮਕੋਟ ਤੋਂ ਜਥੇਦਾਰ ਤੋਤਾ ਸਿੰਘ, ਬਠਿੰਡਾ ਸ਼ਹਿਰੀ ਤੋਂ ਸਰੂਪ ਚੰਦ ਸਿੰਗਲਾ, ਮੋਗਾ ਤੋਂ ਬਰਜਿੰਦਰ ਸਿੰਘ ਬਰਾੜ, ਬਾਘਾ ਪੁਰਾਣਾ ਤੋਂ ਤੀਰਥ ਸਿੰਘ ਮਾਹਲਾ, ਨਿਹਾਲ ਸਿੰਘ ਵਾਲਾ ਤੋਂ ਐਸ.ਆਰ. ਕਲੇਰ, ਮੁਕਤਸਰ ਸਾਹਿਬ ਤੋਂ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਗੁਰੂਹਰਸਹਾਏ ਤੋਂ ਵਰਦੇਵ ਸਿੰਘ ਨੋਨੀ ਮਾਨ ਦੇ ਹੱਕ ਵਿਚ ਕੀਤੀ ਗਈ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਰੱਜ ਕੇ ਪ੍ਰਸੰਸਾ ਕੀਤੀ। ਉਨ੍ਹਾਂ ਕਿਹਾ ਕਿ ਚੌਧਰੀ ਚਰਨ ਸਿੰਘ ਤੇ ਚੌਧਰੀ ਦੇਵੀ ਲਾਲ ਤੋਂ ਬਾਅਦ ਸ. ਪ੍ਰਕਾਸ਼ ਸਿੰਘ ਬਾਦਲ ਹੀ ਅਜਿਹੇ ਕਿਸਾਨ ਹਿਤੈਸ਼ੀ ਨੇਤਾ ਹਨ ਜੋ ਪੰਜਾਬ ਦੇ ਹੀ ਨਹੀਂ ਬਲਕਿ ਦੇਸ਼ ਭਰ ਦੇ ਕਿਸਾਨਾਂ ਦੇ ਭਲੇ ਲਈ ਸੋਚਦੇ ਹਨ।

ਕਾਂਗਰਸ 'ਤੇ ਤਿੱਖੇ ਹਮਲੇ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨੇ ਹਮੇਸ਼ਾ ਭਾਈਚਾਰਕ ਸਾਂਝ ਨੂੰ ਤੋੜਿਆ ਤੇ ਦੇਸ਼ ਵਿਰੋਧੀ ਤਾਕਤਾਂ ਨੂੰ ਜਨਮ ਦਿੱਤਾ। ਇਸ ਲਈ ਕਾਂਗਰਸ ਤੋਂ ਕਦੇ ਵੀ ਭਲੇ ਦੀ ਆਸ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਿੱਖ ਪ੍ਰਧਾਨ ਮੰਤਰੀ ਹੁੰਦਿਆਂ ਵੀ ਕਦੇ ਕੋਈ ਵੱਡਾ ਪ੍ਰਾਜੈਕਟ ਨਹੀਂ ਦਿੱਤਾ ਤੇ ਵਿਤਕਰੇਬਾਜ਼ੀ ਵਾਲਾ ਵਤੀਰਾ ਬਣਾਈ ਰੱਖਿਆ। ਕਾਂਗਰਸ ਸਰਕਾਰ ਨੇ ਸ. ਬਾਦਲ ਦੇ ਕੰਮਾਂ ਵਿਚ ਹਮੇਸ਼ਾ ਰੋੜੇ ਅਟਕਾਏ, ਜਦ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਬੀਤੇ 2 ਸਾਲਾਂ ਵਿਚ ਪੰਜਾਬ ਦੇ ਵਿਕਾਸ ਲਈ ਕਈ ਵੱਡੇ ਪ੍ਰਾਜੈਕਟ ਅਕਾਲੀ ਸਰਕਾਰ ਨੂੰ ਦਿੱਤੇ ਹਨ, ਜਿਨ੍ਹਾਂ ਵਿਚ ਏਮਜ਼ ਹਸਪਤਾਲ, ਆਈ.ਆਈ.ਐਮ., ਬਠਿੰਡਾ ਹਵਾਈ ਅੱਡਾ ਸਮੇਤ ਕਈ ਵੱਡੇ ਪ੍ਰਾਜੈਕਟ ਸ਼ਾਮਲ ਹਨ। ਪ੍ਰਧਾਨ ਮੰਤਰੀ ਨੇ ਆਮ ਆਦਮੀ ਪਾਰਟੀ ਬਾਰੇ ਕਿਹਾ ਕਿ ਦਿੱਲੀ ਵਿਚ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ ਜਿਨ੍ਹਾਂ ਵਿਚੋਂ ਕੋਈ ਵੀ ਪੂਰਾ ਨਹੀਂ ਕੀਤਾ ਅਤੇ ਹੁਣ ਇਹ ਪੰਜਾਬ ਵਿਚ ਵੀ ਕੇਂਦਰ ਤੇ ਪੰਜਾਬ ਸਰਕਾਰ ਦੀ ਆਲੋਚਨਾ ਕਰਕੇ ਵੋਟਾਂ ਬਟੋਰਨਾ ਚਾਹੁੰਦੇ ਹਨ। ਮੋਦੀ ਨੇ ਕਿਹਾ ਕਿ ਪੰਜਾਬ ਹੀ ਸਾਰੇ ਦੇਸ਼ ਨੂੰ ਅਨਾਜ ਦਿੰਦਾ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇਸ ਨੂੰ ਪਾਣੀ ਦੀ ਸਖ਼ਤ ਲੋੜ ਹੈ।

### ਨੋਟਬੰਦੀ ਦਾ ਕੋਈ ਜ਼ਿਕਰ ਨਹੀਂ

ਮੋਦੀ ਨੇ ਆਪਣੇ 35 ਮਿੰਟ ਦੇ ਭਾਸ਼ਣ ਵਿਚ ਇਕ ਵਾਰ ਵੀ ਨੋਟਬੰਦੀ ਬਾਰੇ ਕੋਈ ਗੱਲ ਨਹੀਂ ਕੀਤੀ ਜਦੋਂ ਕਿ ਪੰਡਾਲ ਵਿਚ ਇਸ ਗੱਲ ਦੀ ਚਰਚਾ ਹੁੰਦੀ ਰਹੀ ਕਿ ਮੋਦੀ ਜ਼ਰੂਰ ਨੋਟਬੰਦੀ ਬਾਰੇ ਆਪਣੇ ਵਿਚਾਰ ਰੱਖਣਗੇ।

## ਬਾਦਲ ਬੋਲੇ : ਕਾਂਗਰਸ ਨੇ ਹਿੰਦੂ-ਸਿੱਖਾਂ ਨੂੰ ਲੜਾਇਆ

ਰੈਲੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਬੀਤੇ 10 ਸਾਲਾਂ ਵਿਚ ਜੋ ਵਿਕਾਸ ਹੋਇਆ ਹੈ ਉਹ ਪਹਿਲਾਂ ਕਿਸੇ ਸਰਕਾਰ ਦੇ ਕਾਰਜਕਾਲ ਦੌਰਾਨ ਨਹੀਂ ਹੋਇਆ, ਜਦ ਕਿ ਕਾਂਗਰਸ ਦੇ ਕਾਰਜਕਾਲ ਦੌਰਾਨ ਕੋਈ ਵੀ ਅਜਿਹਾ ਵਿਕਾਸ ਕਾਰਜ ਨਹੀਂ ਹੋਇਆ ਜਿਸ ਦਾ ਜ਼ਿਕਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਿੰਦੂ-ਸਿੱਖਾਂ ਨੂੰ ਲੜਾ ਕੇ ਭਾਈਚਾਰਕ ਸਾਂਝ ਤੋੜਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੋਖੀਆਂ ਵੱਲੋਂ ਗੁਰਦੁਆਰਿਆਂ ਵਿਚ ਬੀੜੀਆਂ ਤੇ ਮੰਦਰਾਂ ਵਿਚ ਗਊਆਂ ਦੀ ਪੂਛਾਂ ਸਿਟਵਾਈਆਂ ਗਈਆਂ ਤਾਂ ਜੋ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਰਾਜਨੀਤਕ ਪਾਰਟੀ ਪੰਜਾਬ ਵਿਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰ ਸਕਦੀ ਹੈ ਤਾਂ ਉਹ ਸਿਰਫ਼ ਅਕਾਲੀ-ਭਾਜਪਾ ਗਠਜੋੜ ਸਰਕਾਰ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪੰਜਾਬ ਦਾ ਪਾਣੀ ਖੋਹ ਕੇ ਦੂਜੇ ਰਾਜਾਂ ਨੂੰ ਦਿੱਤਾ ਤੇ ਸਿੱਖਾਂ ਦੇ ਪਵਿੱਤਰ ਅਸਥਾਨਾਂ 'ਤੇ ਹਮਲੇ ਕਰਵਾਏ, ਜਦ ਕਿ ਗਠਜੋੜ ਸਰਕਾਰ ਨੇ ਸ਼ਹੀਦਾਂ ਦੀਆਂ ਯਾਦਗਾਰਾਂ ਬਣਾ ਕੇ ਅਮੀਰ ਵਿਰਾਸਤ ਨੂੰ ਸੁਰਜੀਤ ਕੀਤਾ। ਉਨ੍ਹਾਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਪਹਿਲਾਂ ਰਾਜਾਂ ਨੂੰ 32 ਫ਼ੀਸਦੀ ਫ਼ੰਡ ਮਿਲਦਾ ਸੀ ਜਦ ਕਿ ਇਨ੍ਹਾਂ ਨੇ 42 ਫ਼ੀਸਦੀ ਕਰ ਦਿੱਤਾ ਹੈ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਭਾਵੁਕ ਤਕਰੀਰ ਕਰਦਿਆਂ ਕਿਹਾ ਕਿ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਸਾਰਾ ਜੀਵਨ ਪੰਜਾਬ ਦੇ ਲੋਕਾਂ ਦੇ ਲੇਖੇ ਲਾਇਆ। ਉਨ੍ਹਾਂ ਦਾ ਜੀਵਨ ਖੁੱਲ੍ਹੀ ਕਿਤਾਬ ਦੀ ਤਰ੍ਹਾਂ ਹੈ। ਉਨ੍ਹਾਂ ਦੀ ਅਗਵਾਈ ਵਿਚ ਸੂਬੇ ਦਾ ਚੌਤਰਫਾ ਵਿਕਾਸ ਹੋਇਆ ਹੈ, ਜਦਕਿ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ 5 ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਵਿਕਾਸ ਲਈ ਕੋਈ ਕਦਮ ਨਹੀਂ ਚੁੱਕਿਆ।

## ਸੁਖਬੀਰ ਬੋਲੇ : ਪੈਨਸ਼ਨਾਂ ਵਿਚ ਵਾਧਾ ਕਰਾਂਗੇ

ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਪੰਜਾਬ ਵਿਚ ਕੀਤੇ ਵਿਕਾਸ ਕਾਰਜਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੀਆਂ ਚੋਣਾਂ ਦੌਰਾਨ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਗਏ। ਉਨ੍ਹਾਂ ਐਲਾਨ ਕੀਤਾ ਕਿ ਤੀਸਰੀ ਵਾਰ ਸਰਕਾਰ ਆਉਣ 'ਤੇ ਪੈਨਸ਼ਨ 2000 ਰੁਪਏ, ਸ਼ਗਨ ਸਕੀਮ 51000 ਰੁਪਏ ਤੇ ਨੀਲੇ ਕਾਰਡ ਧਾਰਕਾਂ ਨੂੰ ਆਟਾ ਦਾਲ ਤੋਂ ਇਲਾਵਾ 10 ਰੁਪਏ ਕਿੱਲੋ ਖੰਡ ਤੇ 25 ਰੁਪਏ ਕਿੱਲੋ ਦੇਸੀ ਘਿਓ ਦਿੱਤਾ ਜਾਵੇਗਾ। ਪੰਜਾਬ ਦੇ ਸਾਰੇ ਪਿੰਡਾਂ ਵਿਚ ਸੀਮਿੰਟ ਸੜਕਾਂ, ਸਟਰੀਟ ਲਾਈਟਾਂ ਤੇ ਸੀਵਰੇਜ ਦਾ ਪ੍ਰਬੰਧ ਕੀਤਾ ਜਾਵੇਗਾ ਤੇ ਹਰਕੇ ਪਿੰਡ ਵਿਚ ਸਕਿੱਲ ਸੈਂਟਰ ਖੋਲ੍ਹਿਆ ਜਾਵੇਗਾ ਤੇ ਸਿੱਖਿਆਰਥੀਆਂ ਨੂੰ ਰੁਜ਼ਗਾਰ ਚਲਾਉਣ ਲਈ 10 ਲੱਖ ਰੁਪਏ ਤੱਕ ਦੇ ਕਰਜ਼ੇ ਬਿਨਾਂ ਵਿਆਜ ਤੋਂ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਮਦਦ ਨਾਲ ਪੰਜਾਬ ਵਿਚ ਕਰੀਬ 5 ਲੱਖ ਕੱਚੇ ਮਕਾਨ ਪੱਕੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਦਾ ਸਿਰਫ਼ 21 ਸੀਟਾਂ 'ਤੇ ਤਿਕੋਣਾਂ ਮੁਕਾਬਲਾ ਹੈ ਜਦਕਿ ਦੁਆਬੇ ਤੇ ਮਾਝੇ ਵਿਚ ਸਿਰਫ਼ ਕਾਂਗਰਸ ਨਾਲ ਹੀ ਮੁਕਾਬਲਾ ਹੈ। ਇਸ ਮੌਕੇ ਸਾਬਕਾ ਰਾਜ ਸਭਾ ਮੈਂਬਰ ਬੀਬੀ ਗੁਰਚਰਨ ਕੌਰ ਪੰਜਗਰਾਈਂ, ਸਾਬਕਾ ਵਿਧਾਇਕ ਅਵਿਨਾਸ਼ ਰਾਏ ਖੰਨਾ, ਪੀ.ਆਰ.ਟੀ.ਸੀ. ਦੇ ਚੇਅਰਮੈਨ ਨਵਦੀਪ ਸਿੰਘ ਬੱਬੂ ਬਰਾੜ, ਵਿਧਾਇਕ ਦੀਪ ਮਲਹੋਤਰਾ, ਜ਼ਿਲ੍ਹਾ ਭਾਜਪਾ ਪ੍ਰਧਾਨ ਸੁਨੀਤਾ ਰਾਣੀ ਗਰਗ, ਚੇਅਰਮੈਨ ਦਰਸ਼ਨ ਸਿੰਘ ਠੇਕੇਦਾਰ, ਪ੍ਰਧਾਨ ਮੋਹਨ ਸਿੰਘ ਮੱਤਾ, ਹਰਬੰਸ ਲਾਲ ਸ਼ਰਮਾ, ਗਾਇਤਰੀ ਪ੍ਰਕਾਸ਼ ਸ਼ਰਮਾ ਸਮੇਤ ਵੱਡੀ ਗਿਣਤੀ ਵਿਚ ਅਕਾਲੀ-ਭਾਜਪਾ ਵਰਕਰ ਹਾਜ਼ਰ ਸਨ। ਮੰਚ ਸੰਚਾਲਨ ਮੁੱਖ ਮੰਤਰੀ ਦੇ ਓ.ਐਸ.ਡੀ. ਚਰਨਜੀਤ ਸਿੰਘ ਬਰਾੜ ਨੇ ਕੀਤਾ।

# ਲੰਬੀ ਦੇ ਵੋਟਰ ਬਾਦਲਾਂ ਤੋਂ ਨਾਰਾਜ਼

**ਲੰਬੀ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਵਾਰ ਆਪਣੇ ਜੀਵਨ ਦੀ ਸਭ ਤੋਂ ਮੁਸ਼ਕਲ ਚੋਣ ਲੜਾਈ ਲੜ ਰਹੇ ਹਨ। ਲੰਬੀ ਹਲਕੇ ਵਿੱਚ ਅਰਬਾਂ ਰੁਪਏ ਖਰਚ ਕੇ ਤਿਆਰ ਬੁਨਿਆਦੀ ਢਾਂਚੇ ਅਤੇ ਪਿੰਡਾਂ ਨੂੰ ਦਿੱਤਾ ਕਰੋੜਾਂ ਰੁਪਇਆ ਹੀ ਸ੍ਰੀ ਬਾਦਲ ਲਈ ਸਭ ਤੋਂ ਵੱਡੀ ਚੁਣੌਤੀ ਬਣਿਆ ਹੋਇਆ ਹੈ ਕਿਉਂਕਿ ਬਹੁਤ ਸਾਰੇ ਪੈਸੇ ਦੇ ਗਾਇਬ ਹੋਣ ਦੀਆਂ ਸ਼ਿਕਾਇਤਾਂ ਬਾਰੇ ਉਨ੍ਹਾਂ ਨੇ ਖੁਦ ਵੀ ਚੁੱਪੀ ਧਾਰ ਰੱਖੀ ਹੈ। ਸੀਨੀਅਰ ਪੱਤਰਕਾਰ ਹਮੀਰ ਸਿੰਘ ਵਲੋਂ ਹਲਕੇ ਦੇ ਦੌਰੇ ਦੌਰਾਨ ਇਕੱਤਰ ਕੀਤੇ ਅੰਕੜਿਆਂ ਅਨੁਸਾਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ੍ਰੀ ਬਾਦਲ ਅਤੇ ਆਮ ਆਦਮੀ ਪਾਰਟੀ ਦੇ ਆਗੂ ਜਰਨੈਲ ਸਿੰਘ ਖ਼ਿਲਾਫ਼ ਚੋਣ ਮੈਦਾਨ ਵਿੱਚ ਉਤਰਨ ਤੋਂ ਬਾਅਦ ਸਥਿਤੀ ਹੋਰ ਉਲਝ ਗਈ ਹੈ। ਕੈਪਟਨ ਦੀ ਆਮਦ ਨਾਲ ਹਲਕੇ ਵਿੱਚ ਤਿਕੋਣੀ ਅਤੇ ਫਸਵੀਂ ਲੜਾਈ ਹੋ ਗਈ ਹੈ। ਲੰਬੀ ਦੇ ਲੋਕ ਇਸ ਵਾਰ ਤਬਦੀਲੀ ਦੇ ਰੌਂਅ ਵਿੱਚ ਹਨ। ਹਰ ਪਾਰਟੀ ਦਾ ਸਿਆਸੀ ਕਾਰਕੁਨ ਇਹ ਮੰਨ ਰਿਹਾ ਹੈ ਕਿ ਬਾਦਲਾਂ ਦੇ ਕਾਰਕੁਨਾਂ ਵੱਲੋਂ ਫੰਡਾਂ ਦਾ ਦੁਰਉਪਯੋਗ ਕੀਤਾ ਗਿਆ, ਪੁਲੀਸ ਰਾਹੀਂ ਜ਼ਿਆਦਤੀਆਂ ਕਰਵਾਈਆਂ ਗਈਆਂ ਅਤੇ ਆਮ ਲੋਕਾਂ ਨੂੰ ਜੀ-ਹਜ਼ੂਰੀ ਕਰਨ ਲਈ ਮਜਬੂਰ ਕੀਤਾ ਗਿਆ। ਲੋਕਾਂ ਦੀ ਨਫ਼ਰਤ ਵਿੱਚ ਬਦਲ ਚੁੱਕੀ ਨਾਰਾਜ਼ਗੀ ਦੀ ਗੱਲ ਹਰ ਘਰ ਅਤੇ ਸੱਥ ਵਿੱਚ ਹੋ ਰਹੀ ਹੈ। ਕਾਂਗਰਸ ਅਤੇ 'ਆਪ' ਦੇ ਦਫ਼ਤਰਾਂ ਦਾ ਮਾਹੌਲ ਦੇਖਦਿਆਂ ਹੀ ਸਮਝ ਆਉਣਾ ਸ਼ੁਰੂ ਹੋ ਜਾਂਦਾ ਹੈ ਕਿ ਲੰਬੀ ਵਿੱਚ ਨਵੀਂ ਸਫਬੰਦੀ ਜਨਮ ਲੈ ਰਹੀ ਹੈ। ਦਲਿਤ ਵੋਟਰ 'ਆਪ' ਵੱਲ ਅਤੇ ਅਕਾਲੀ ਦਲ ਤੋਂ ਨਾਰਾਜ਼ ਜੱਟ ਵੋਟਰਾਂ ਦਾ ਕਾਂਗਰਸ ਵੱਲ ਜਾਣ ਦਾ ਰੁਝਾਨ ਵਧ ਰਿਹਾ ਹੈ। ਕੈਪਟਨ ਦੇ ਆਉਣ ਨਾਲ ਨਾ ਕੇਵਲ ਕਾਂਗਰਸ ਦਾ ਆਪਣਾ ਵੋਟ ਬੈਂਕ ਇੱਕਜੁਟ ਹੋਇਆ ਹੈ ਬਲਕਿ ਮਾਹੌਲ ਤਬਦੀਲ ਕਰਨ ਦੇ ਨਾਂ 'ਤੇ ਅਕਾਲੀ ਦਲ ਦੇ ਨਾਰਾਜ਼ ਗੁੱਟ ਵੀ ਉਨ੍ਹਾਂ ਦੇ ਖੇਮੇ ਵਿੱਚ ਜਾਣ ਲੱਗੇ ਹਨ। 'ਆਪ' ਦੇ ਇੱਕ ਆਗੂ ਨੇ ਮੰਨਿਆ ਕਿ ਪਹਿਲਾਂ ਲੜਾਈ ਆਸਾਨ ਸੀ। ਜਰਨੈਲ ਸਿੰਘ ਦੇ ਬਾਹਰੀ ਹੋਣ ਅਤੇ ਗੈਰ-ਜੱਟ ਹੋਣ ਦਾ ਮਾਮਲਾ ਵੀ ਕਿਸੇ ਹੱਦ ਤੱਕ ਅਸਰ ਕਰ ਰਿਹਾ ਹੈ। 'ਆਪ' ਨੂੰ ਲਾਹੌਰੀਆਂ ਦੇ ਪਿੰਡਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਕਰਕੇ ਸਰਕਾਰ ਖ਼ਿਲਾਫ਼ ਗੁੱਸੇ ਦਾ ਲਾਭ ਵੀ ਮਿਲਦਾ ਦਿਖਾਈ ਦੇ ਰਿਹਾ ਹੈ।

ਅਕਾਲੀ ਦਲ ਵੱਲੋਂ ਆਖਰੀ ਮੌਕੇ ਧਨ ਅਤੇ ਬਾਹੂਬਲ ਦੇ ਜ਼ੋਰ ਜਿੱਤ ਹਾਸਲ ਕਰਨ ਦੀ ਸ਼ੰਕਾ ਦੇ ਚੱਲਦਿਆਂ ਕਾਂਗਰਸ ਆਗੂ ਵੀ 'ਆਪ' ਵਾਂਗ ਹੀ ਲੋਕਾਂ ਨੂੰ ਪੈਸਾ ਲੈ ਕੇ ਵੋਟ ਮਰਜ਼ੀ ਅਨੁਸਾਰ ਪਾਉਣ ਦੀਆਂ ਅਪੀਲਾਂ ਕਰ ਰਹੇ ਹਨ। ਲੰਬੀ ਨੇੜਲੇ ਪਿੰਡ ਚੰਨੂ ਵਿੱਚ ਅਕਾਲੀ ਦਲ ਵਿਚੋਂ ਛੇ ਪੰਚਾਇਤ ਮੈਂਬਰਾਂ ਨੂੰ ਕਾਂਗਰਸ ਵਿੱਚ ਸ਼ਾਮਲ ਕਰਨ ਲਈ ਰਾਤ ਨੌਂ ਵਜੇ ਹੋਈ ਮੀਟਿੰਗ ਵਿੱਚ ਪਾਰਟੀ ਦੇ ਮੁਕਤਸਰ ਜ਼ਿਲ੍ਹੇ ਦੇ ਪ੍ਰਧਾਨ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ, "ਪੈਸੇ ਵੰਡੇ ਜਾਣਗੇ, ਇਹ ਉਨ੍ਹਾਂ ਨੇ ਲੋਕਾਂ ਤੋਂ ਹੀ ਕਮਾਏ ਹਨ, ਇਸ ਲਈ ਲੈ ਲਿਓ।" ਲੰਬੀ ਅਤੇ ਬਾਦਲ ਵਿੱਚ ਵਿਕਾਸ ਦੇ ਸਹਾਰੇ ਵੋਟਰਾਂ ਨੂੰ ਆਪਣੇ ਨਾਲ ਤੋਰਨ ਦੀ ਕੋਸ਼ਿਸ਼ ਕਰ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੀ ਸਰਪ੍ਰਸਤੀ ਹੇਠ ਮਨਮਾਨੀਆਂ ਕਰਨ ਵਾਲੇ ਆਗੂਆਂ ਖ਼ਿਲਾਫ਼ ਲੋਕਾਂ ਦੀ ਸ਼ਿਕਾਇਤ ਨਾ ਸੁਣਨ ਕਾਰਨ ਸਵਾਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਿਛਲੇ ਤਿੰਨ ਦਿਨਾਂ ਤੋਂ ਪ੍ਰਕਾਸ਼ ਸਿੰਘ ਬਾਦਲ ਜਾਂ ਉਨ੍ਹਾਂ ਦੇ ਮੋਹਤਬਰਾਂ ਨੇ ਜਨਤਕ ਮੀਟਿੰਗਾਂ ਬਾਰੇ ਖਾਮੋਸ਼ੀ ਧਾਰ ਰੱਖੀ ਹੈ। ਲੰਬੀ ਦੇ ਇੱਕ ਦੁਕਾਨਦਾਰ ਨੇ ਕਿਹਾ ਕਿ ਲੋਕ ਇਸ ਵਾਰ ਅਲੱਗ ਤਰ੍ਹਾਂ ਦੇ ਨਤੀਜੇ ਦੇਣ ਦੇ ਰੌਂਅ ਵਿੱਚ ਹਨ ਪ੍ਰੰਤੂ ਬਾਦਲਾਂ ਦੀ ਖਾਮੋਸ਼ੀ ਕੋਈ ਨਵਾਂ ਧੋਬੀ ਪਟਕਾ ਵੀ ਮਾਰ ਸਕਦੀ ਹੈ। ਇੱਕ ਹੋਰ ਆਗੂ ਨੇ ਕਿਹਾ ਕਿ ਡੇਰਾ ਸਿਰਸਾ ਦੀ ਵੋਟ ਲਈ ਬਾਦਲ ਪਰਿਵਾਰ ਗੁਪਤ ਤਰੀਕੇ ਨਾਲ ਚਾਰਾਜੋਈ ਕਰ ਰਿਹਾ ਹੈ। ਪਿੰਡ ਬਾਦਲ ਦੇ ਇੱਕ ਦੁਕਾਨਦਾਰ ਨੇ ਕਿਹਾ ਕਿ ਵਿਕਾਸ ਤਾਂ ਕਰਵਾਇਆ ਹੈ ਪ੍ਰੰਤੂ ਲੋਕ ਗੁੰਡਾਗਰਦੀ ਤੋਂ ਤੰਗ ਹਨ ਅਤੇ ਉਹ ਮਾਣ-ਸਨਮਾਨ ਵੀ ਚਾਹੁੰਦੇ ਹਨ। ਦੂਜੇ ਪਾਸੇ ਬਾਦਲ ਸਮਰਥਕਾਂ ਨੂੰ ਬਰਾਬਰ ਦੀ ਤਿਕੋਣੀ ਟੱਕਰ ਹੋਣ ਕਰਕੇ ਕੰਮ ਕੁਝ ਆਸਾਨ ਹੁੰਦਾ ਨਜ਼ਰ ਆ ਰਿਹਾ ਹੈ।

# ਨੰਗੇ ਸਿਰ ਮਿਲੇ ਸਿਰੋਪਾਓ ਨੂੰ ਮੋਦੀ ਨੇ ਮਫਲਰ ਸਮਝ ਕੇ 'ਲਪੇਟਿਆ' ਅਕਾਲੀ ਰਹੇ ਦੇਖਦੇ



ਪ੍ਰਕਾਸ਼ ਸਿੰਘ ਬਾਦਲ ਮੋਦੀ ਨੂੰ ਨੰਗੇ ਸਿਰ ਸਿਰਪਾਓ ਦਿੰਦੇ ਹੋਏ। ਗਲ ਵਿਚ ਪਾਏ 'ਸੋਹਣੇ ਲੱਗਦੈ ਸਿਰੋਪਾਓ' ਦੀਆਂ ਸਿਫ਼ਤਾ ਕਰਦਾ ਸੁਖਬੀਰ ਬਾਦਲ

**ਬਠਿੰਡਾ/ਬਿਊਰੋ ਨਿਊਜ਼ :** ਸਿੱਖ ਮਰਿਆਦਾ ਮੁਤਾਬਕ ਮਾਣ ਦੇਣ ਦੀ ਨਿਸ਼ਾਨੀ ਸਿਰੋਪਾਓ ਨੂੰ ਸ਼੍ਰੋਮਣੀ ਅਕਾਲੀ ਦਲ ਵੱਲੋਂ ਇੱਕ ਮਫਲਰ ਬਣਾ ਕੇ ਰੱਖ ਗਿਆ ਦਿੱਤਾ ਹੈ। ਵੋਟ ਲਾਲਚ ਲਈ ਨੰਗੇ ਸਿਰਾਂ ਨੂੰ ਸਿਰੋਪਾਓ ਪਾਏ ਜਾਂਦੇ ਹਨ। ਇੱਥੋਂ ਤੱਕ ਕਿ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਵੱਲੋਂ ਉਮੀਦਵਾਰਾਂ ਦੇ ਖਰਚਿਆਂ 'ਤੇ ਨਜ਼ਰਸਾਨੀ ਕਰਦੇ ਹੋਏ ਸਿਰੋਪਾਓ ਦੀ ਕੀਮਤ ਵੀ 90 ਰੁਪਏ ਨਿਰਧਾਰਿਤ ਕਰ ਦਿੱਤੀ, ਜਿਸ ਕਰਕੇ ਸੰਗਤਾਂ ਵਿੱਚ ਭਾਰੀ ਰੋਸ ਵੀ ਪਾਇਆ ਜਾ ਰਿਹਾ ਹੈ, ਕਿਉਂਕਿ ਸਿਰੋਪਾਓ ਦੀ ਕੋਈ ਕੀਮਤ ਨਹੀਂ ਹੋ ਸਕਦੀ। ਪਰ ਹੈਰਾਨਗੀ ਦੀ ਗੱਲ ਹੈ ਕਿ ਸਿੱਖ ਕੌਮ ਦੇ ਪਹਿਰੇਦਾਰ ਕਹਾਉਂਦੇ ਧਾਰਮਿਕ ਆਗੂ ਇਤਿਹਾਸਕ ਨਿਸ਼ਾਨੀ ਦੀ ਹੁੰਦੀ ਵਾਰ ਵਾਰ ਬੇਅਦਬੀ ਨੂੰ ਰੋਕਣ ਲਈ ਕੋਈ ਠੋਸ ਕਦਮ ਨਹੀਂ ਉਠਾ ਰਹੇ, ਇੱਥੋਂ ਤੱਕ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਪੰਜਾਬ ਵੀ ਸਿਰੋਪਾਓ ਦੀ ਮਾਣ ਮਰਿਆਦਾ ਪੂਰੀ ਤਰ੍ਹਾਂ ਭੁੱਲ ਚੁੱਕੇ ਹਨ। ਉਸ ਸਮੇਂ ਹੋਰ ਵੀ ਹੈਰਾਨੀ ਵਾਲੀ ਗੱਲ ਸਾਹਮਣੇ ਆਈ ਜਦੋਂ ਵਿਧਾਨ ਸਭਾ ਚੋਣਾਂ ਲਈ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰਾਂ ਦੇ ਹੱਕ ਵਿੱਚ ਕੋਟਕਪੁਰਾ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰਨ ਆਏ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਵੱਲੋਂ ਨੰਗੇ ਸਿਰ ਸ਼੍ਰੀ ਸਾਹਿਬ ਅਤੇ ਸਿਰੋਪਾਓ ਭੇਟ ਕੀਤਾ ਗਿਆ, ਜਿਸ ਤੋਂ ਸਾਬਤ ਹੋ ਰਿਹਾ ਹੈ ਕਿ ਮੁੱਖ ਮੰਤਰੀ ਸਾਹਿਬ ਮਾਣ ਮਰਿਆਦਾ ਪੂਰੀ ਤਰ੍ਹਾਂ ਭੁੱਲ ਚੁੱਕੇ ਹਨ। ਇੱਥੋਂ ਤੱਕ ਕਿ ਇੱਕਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਸਾਹਿਬ ਨੇ ਸਿਰੋਪਾਓ ਨੂੰ 'ਮਫਲਰ' ਸਮਝ ਕੇ ਲਪੇਟ ਲਿਆ ਤੇ ਅਕਾਲੀ ਖੜ੍ਹੇ ਦੇਖਦੇ ਰਹੇ, ਕਿਸੇ ਨੇ ਵੀ ਸਿਰੋਪਾਓ ਦੀ ਹੁੰਦੀ ਬੇਅਬਦੀ ਨੂੰ ਰੋਕਣ ਦੀ ਕੋਸਿਸ਼ ਨਾ ਕੀਤੀ।

# ਡੇਰਾ ਸਿਰਸਾ ਵਲੋਂ ਅਕਾਲੀ-ਭਾਜਪਾ ਦੀ ਹਮਾਇਤ ਦਾ ਐਲਾਨ



ਵੀਡੀਓ ਕਾਨਫਰੰਸਿੰਗ ਜ਼ਰੀਏ ਮੀਡੀਆ ਤੇ ਸੰਗਤ ਨਾਲ ਗੱਲਬਾਤ ਕਰਦਾ ਹੋਏ ਡੇਰਾ ਮੁਖੀ।

**ਸੰਗਰੂਰ/ਬਿਊਰੋ ਨਿਊਜ਼ :** ਡੇਰਾ ਸੱਚਾ ਸੌਦਾ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਸ ਨੂੰ ਪੰਜਾਬ ਵਿਚ 2007 ਦੀਆਂ ਚੋਣਾਂ ਦੌਰਾਨ ਕਾਂਗਰਸ ਦੀ ਹਮਾਇਤ ਕਰਕੇ ਅਕਾਲੀ ਦਲ ਦੇ ਲੀਡਰਾਂ ਦੀਆਂ ਜ਼ਿਆਦਤੀਆਂ ਸਹਿਣੀਆਂ ਪਈਆਂ ਪਰ ਇਸ ਦੇ ਬਾਵਜੂਦ ਉਹ ਇਸ ਵਾਰ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰਾਂ ਦਾ ਹਮਾਇਤ ਕਰੇਗਾ। ਡੇਰੇ ਦੇ 15 ਮੈਂਬਰੀ ਸਿਆਸੀ ਵਿੰਗ ਨੇ ਬੀਤੀ ਰਾਤ ਇਹ ਫ਼ੈਸਲਾ ਲਿਆ ਕਿ ਉਨ੍ਹਾਂ ਦੇ ਸਾਰੇ ਸ਼ਰਧਾਲੂ ਅਕਾਲੀ-ਭਾਜਪਾ ਗਠੋਜ਼ ਦੀ ਹਮਾਇਤ ਕਰਨਗੇ। ਡੇਰਾ ਸ਼ਰਧਾਲੂਆਂ ਦੀ 45 ਮੈਂਬਰੀ ਇਕਾਈ ਦੇ ਮੈਂਬਰ ਹਰਿੰਦਰ ਮੰਗਵਾਲ ਇੰਸਾ ਨੇ ਕਿਹਾ, 'ਸਾਧ ਸੰਗਤ ਨੇ ਪੰਜਾਬ ਵਿਚ ਅਕਾਲੀ-ਭਾਜਪਾ ਦੀ ਹਮਾਇਤ ਦਾ ਫ਼ੈਸਲਾ ਕੀਤਾ ਹੈ ਤੇ ਅਸੀਂ ਆਪਣਾ ਪੂਰਾ ਸਮਰਥਨ ਦਿੰਦੇ ਹਾਂ। ਸਾਡੇ ਕੋਲ ਕੋਈ ਤਾਕਤ ਨਹੀਂ ਹੈ ਪਰ ਸੰਗਤ ਦੀ ਇੱਛਾ 'ਤੇ ਹੀ ਇਹ ਫ਼ੈਸਲਾ ਲਿਆ ਹੈ।' ਜ਼ਿਕਰਯੋਗ ਹੈ ਕਿ ਸਲਾਬਤਪੁਰਾ ਵਿਚ ਬਲਾਕ, ਜ਼ਿਲ੍ਹਾ ਤੇ ਸੂਬਾ ਪੱਧਰੀ ਮੀਟਿੰਗਾਂ ਹੋਈਆਂ, ਜਿਸ ਵਿਚ ਅਕਾਲੀ-ਭਾਜਪਾ ਦੀ ਹਮਾਇਤ ਦਾ ਫ਼ੈਸਲਾ ਹੋਇਆ। ਮੀਟਿੰਗਾਂ ਦੌਰਾਨ ਮੈਂਬਰਾਂ ਨੇ ਸਥਾਨਕ ਮਸਲਿਆਂ, ਵਿਧਾਇਕਾਂ ਦੀ ਕਾਰਗੁਜ਼ਾਰੀ ਅਤੇ ਡੇਰੇ ਪ੍ਰਤੀ ਉਨ੍ਹਾਂ ਦੇ ਰਵੱਈਏ 'ਤੇ ਵਿਚਾਰਾਂ ਹੋਈਆਂ। ਸਿਆਸੀ ਵਿੰਗ ਦੇ ਰਾਮ ਕਰਨ ਇੰਸਾ ਨੇ ਕਿਹਾ, 'ਅਸੀਂ ਆਪਣਾ ਫ਼ੈਸਲਾ ਕਦੇ ਸ਼ਰਧਾਲੂਆਂ 'ਤੇ ਨਹੀਂ ਥੋਪਦੇ ਅਤੇ ਉਨ੍ਹਾਂ ਕੋਲ ਪ੍ਰਤੀਕਿਰਿਆ ਮਿਲਣ ਮਗਰੋਂ ਹੀ ਆਖ਼ਰੀ ਫੈਸਲਾ ਲੈਂਦੇ ਹਾਂ। ਇਸ ਵਾਰ ਸਾਧ ਸੰਗਤ ਅਕਾਲੀ-ਭਾਜਪਾ ਦੀ ਹਮਾਇਤ ਕਰਨਾ ਚਾਹੁੰਦੀ ਸੀ, ਇਸ ਲਈ ਅਸੀਂ ਉਨ੍ਹਾਂ ਦੇ ਨਾਲ ਹਾਂ।' ਡੇਰਾ ਮੁਖੀ ਨੇ ਵੀ 30 ਜਨਵਰੀ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਸੰਗਤ ਦੀ ਇੱਛਾ ਦਾ ਹਮੇਸ਼ਾ ਖ਼ਿਆਲ ਰੱਖਿਆ ਜਾਂਦਾ ਹੈ, ਉਨ੍ਹਾਂ ਕਦੇ ਵੀ ਕਿਸੇ ਸ਼ਰਧਾਲੂ ਨੂੰ ਕਿਸੇ ਪਾਰਟੀ ਨੂੰ ਵੋਟ ਦੇਣ ਲਈ ਜ਼ੋਰ ਨਹੀਂ ਪਾਇਆ।

## ਜਥੇਦਾਰ ਬਲਜੀਤ ਸਿੰਘ ਦਾਦੂਵਾਲ ਵਲੋਂ ਡੇਰੇ ਤੋਂ ਸਮਰਥਨ ਮੰਗਣ ਵਾਲਿਆਂ ਦੇ ਬਾਈਕਾਟ ਦਾ ਸੱਦਾ

**ਬਠਿੰਡਾ/ਬਿਊਰੋ ਨਿਊਜ਼ :** ਤਖ਼ਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਸਿੱਖ ਸੰਗਤ ਨੂੰ ਚੋਣਾਂ ਵਿੱਚ ਬਾਦਲਾਂ ਦਾ ਪੂਰਨ ਬਾਈਕਾਟ ਕਰਨ ਦਾ ਸੱਦਾ ਦਿੱਤਾ ਤੇ ਨਾਲ ਹੀ ਆਖਿਆ ਕਿ ਸਿੱਖ ਪੰਥ ਉਨ੍ਹਾਂ ਅਕਾਲੀ ਉਮੀਦਵਾਰਾਂ ਨੂੰ ਵੀ ਮੂੰਹ ਨਾ ਲਾਵੇ, ਜਿਨ੍ਹਾਂ ਨੇ ਡੇਰਾ ਸਿਰਸਾ ਵਿੱਚ ਜਾ ਕੇ ਡੇਰਾ ਮੁਖੀ ਤੋਂ ਸਮਰਥਨ ਮੰਗਿਆ ਹੈ। ਇਹ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਦੀ ਉਲੰਘਣਾ ਹੈ। ਸ੍ਰੀ ਦਾਦੂਵਾਲ ਨੇ ਆਖਿਆ ਕਿ ਪੰਜ ਸਿੰਘ ਸਾਹਿਬਾਨ ਛੇਤੀ ਮੀਟਿੰਗ ਕਰਨਗੇ ਅਤੇ ਇਸ ਮਾਮਲੇ ਸਬੰਧੀ ਫ਼ੈਸਲਾ ਲਿਆ ਜਾਵੇਗਾ। ਮੁਤਵਾਜ਼ੀ ਜਥੇਦਾਰ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੀ ਗਿਣਤੀ 90 ਤੋਂ ਜ਼ਿਆਦਾ ਹੋ ਗਈ ਹੈ



ਅਤੇ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਵਾਲਿਆਂ ਖ਼ਿਲਾਫ਼ ਗਠਜੋੜ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ 'ਤੇ ਸਭ ਤੋਂ ਜ਼ਿਆਦਾ 'ਜ਼ੁਲਮ' ਬਾਦਲ ਸਰਕਾਰ ਨੇ ਕੀਤੇ ਹਨ ਅਤੇ ਸਿੱਖ ਆਗੂਆਂ ਨੂੰ ਵਾਰ ਵਾਰ ਜੇਲ੍ਹਾਂ ਵਿੱਚ ਡੱਕਿਆ ਗਿਆ। ਇਨ੍ਹਾਂ ਚੋਣਾਂ ਵਿੱਚ ਬਾਦਲਾਂ ਨੂੰ ਹਰਾ ਕੇ ਸਬਕ ਸਿਖਾਇਆ ਜਾਵੇ। ਸ੍ਰੀ ਦਾਦੂਵਾਲ ਨੇ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਬਾਦਲਾਂ ਨੇ ਸਿੱਖੀ ਦਾ ਘਾਣ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਬਾਦਲ ਸਰਕਾਰ ਨੇ ਦੋਸ਼ੀਆਂ ਨੂੰ ਨਹੀਂ ਫੜਿਆ ਅਤੇ ਉਲਟਾ ਸਿੱਖ ਨੌਜਵਾਨਾਂ ਨੂੰ ਹੀ ਨਿਸ਼ਾਨਾ ਬਣਾਇਆ।

## ਕਾਂਗਰਸ ਆਗੂਆਂ ਨੇ ਡੇਰਾ ਸੱਚਖੰਡ ਬੱਲਾਂ 'ਚ ਸੰਤ ਨਿਰੰਜਣ ਦਾਸ ਨਾਲ ਬੰਦ ਕਮਰਾ ਮੀਟਿੰਗ ਕੀਤੀ

**ਜਲੰਧਰ/ਬਿਊਰੋ ਨਿਊਜ਼ :** ਕਾਂਗਰਸ ਦੇ ਕੌਮੀ ਉਪ ਪ੍ਰਧਾਨ ਰਾਹੁਲ ਗਾਂਧੀ ਤੇ ਪੰਜਾਬ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਸਮੇਤ ਕਾਂਗਰਸ ਦੇ ਹੋਰ ਆਗੂਆਂ ਵੱਲੋਂ ਦੋਆਬੇ ਦੇ ਨਾਮਵਰ ਡੇਰੇ ਸੱਚਖੰਡ ਬੱਲਾਂ ਵਿਚ ਡੇਰਾ ਮੁਖੀ ਸੰਤ ਨਿਰੰਜਣ ਦਾਸ ਨਾਲ ਬੰਦ ਕਮਰਾ ਕੀਤੀ ਗਈ। ਇਸ ਮੀਟਿੰਗ ਤੋਂ ਦੂਜੀਆਂ ਰਾਜਨੀਤਕ ਪਾਰਟੀਆਂ ਵਿਚ ਪ੍ਰੇਸ਼ਾਨੀ ਦਾ ਆਲਮ ਦੱਸਿਆ ਜਾ ਰਿਹਾ ਹੈ। ਭਾਜਪਾ ਦੇ ਸੂਬਾ ਪ੍ਰਧਾਨ ਵਿਜੇ ਸਾਂਪਲਾ ਵੀ ਡੇਰਾ ਬੱਲਾਂ ਵਿਚ ਜਾਂਦੇ ਰਹਿੰਦੇ ਹਨ। ਉਨ੍ਹਾਂ ਦੇ ਯਤਨਾਂ ਸਦਕਾ ਪਿਛਲੇ ਸਾਲ ਸ੍ਰੀ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਸਮੇਂ ਕਾਂਸ਼ੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਸ ਡੇਰੇ ਵਿੱਚ ਗਏ ਸਨ, ਜਿਸ ਦਾ ਕੰਟਰੋਲ ਡੇਰਾ ਬੱਲਾਂ ਕੋਲ ਹੈ। ਉਥੇ ਵਾਪਰੀ ਘਟਨਾ ਕਾਰਨ ਡੇਰਾ ਬੱਲਾਂ ਦਾ ਮਨ ਭਾਜਪਾ ਤੋਂ ਉਚਾਟ ਹੋ ਗਿਆ ਸੀ ਕਿਉਂਕਿ ਕਾਂਸ਼ੀ ਵਿਚ ਪ੍ਰਧਾਨ ਮੰਤਰੀ ਦੀ ਹਾਜ਼ਰੀ ਮੌਕੇ ਡੇਰੇ ਦੇ ਮੁਖੀ ਸੰਤ ਨਿਰੰਜਣ ਦਾਸ ਨੂੰ ਪ੍ਰਧਾਨ ਮੰਤਰੀ ਦੇ ਅਮਲੇ ਫੈਲੇ ਨੇ ਹੀ ਮੰਦਰ ਵਿੱਚ ਜਾਣ ਨਹੀਂ ਸੀ ਦਿੱਤਾ। ਡੇਰੇ ਦੇ ਸ਼ਰਧਾਲੂਆਂ ਨੇ ਉਦੋਂ ਭਾਜਪਾ ਵਿਰੁੱਧ ਗੁੱਸਾ ਕੱਢਦਿਆਂ ਵਿਜੇ ਸਾਂਪਲਾ ਦੇ ਪੁਤਲੇ ਵੀ ਸਾੜੇ ਸਨ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੀ ਡੇਰਾ ਬੱਲਾਂ ਵਿਚ ਆਪਣੀ ਹਾਜ਼ਰੀ ਭਰ ਚੁੱਕੇ ਹਨ। ਸੰਤ ਨਿਰੰਜਣ ਦਾਸ ਨੇ ਕੇਜਰੀਵਾਲ ਨੂੰ ਸਟੇਜ ਤੋਂ ਬੋਲਣ ਦਾ ਮੌਕਾ ਵੀ ਦਿੱਤਾ ਸੀ ਜਾਣਕਾਰੀ ਅਨੁਸਾਰ ਡੇਰਾ ਬੱਲਾਂ ਦੇ ਮੁਖੀ ਨਾਲ ਕਾਂਗਰਸ ਲੀਡਰਸ਼ਿਪ ਦੀ ਹੋਈ ਬੰਦ ਕਮਰਾ ਮੀਟਿੰਗ ਨੇ ਵਿਰੋਧੀਆਂ ਨੂੰ ਕੰਬਣੀ ਛੇੜੀ ਹੋਈ ਹੈ।

## ਕਾਂਗਰਸੀ ਉਮੀਦਵਾਰ ਕਮਲਜੀਤ ਸਿੰਘ ਕੜਵਲ ਦੀ ਪਤਨੀ 'ਤੇ ਹਮਲਾ



ਭੰਨੀ ਗੱਡੀ ਦਿਖਾਉਂਦੇ ਹੋਏ ਕਾਂਗਰਸੀ ਉਮੀਦਵਾਰ ਕਮਲਜੀਤ ਸਿੰਘ ਕੜਵਲ ਅਤੇ ਉਸ ਦੀ ਪਤਨੀ

**ਲੁਧਿਆਣਾ/ਬਿਊਰੋ ਨਿਊਜ਼ :** ਇਥੇ ਦੁੱਗਰੀ ਦੇ ਬਸੰਤ ਵਿਹਾਰ ਵਿਚ ਆਤਮ ਨਗਰ ਤੋਂ ਕਾਂਗਰਸੀ ਉਮੀਦਵਾਰ ਕਮਲਜੀਤ ਸਿੰਘ ਕੜਵਲ ਦੀ ਪਤਨੀ ਕੋਮਲਪ੍ਰੀਤ ਕੌਰ 'ਤੇ ਮੋਟਰਸਾਈਕਲ ਸਵਾਰਾਂ ਨੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਭੱਜ ਕੇ ਆਪਣੇ ਆਪ ਨੂੰ ਬਚਾਇਆ।ਇਸ ਬਾਅਦ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਉਨ੍ਹਾਂ ਦੀ ਕਾਰ ਦੀ ਭੰਨਤੋੜ ਕੀਤੀ। ਇਸ ਖ਼ਿਲਾਫ਼ ਕਾਂਗਰਸ ਦੇ ਸਮਰਥਕਾਂ ਨੇ ਰੋਸ ਪ੍ਰਦਰਸ਼ਨ ਕੀਤਾ। ਸੂਚਨਾ ਮਿਲਣ 'ਤੇ ਸ੍ਰੀ ਕੜਵਲ ਵੀ ਮੌਕੇ 'ਤੇ ਪੁੱਜ ਗਏ। ਥਾਣਾ ਦੁੱਗਰੀ ਦੀ ਪੁਲੀਸ ਵੀ ਆ ਗਈ ਸੀ ਪਰ ਕਾਂਗਰਸ ਸਮਰਥਕਾਂ ਵੱਲੋਂ ਕੋਈ ਸ਼ਿਕਾਇਤ ਦਰਜ ਨਹੀਂ ਕਰਾਈ ਗਈ। ਕਮਲਜੀਤ ਕੜਵਲ ਨੇ ਡੀਜੀਪੀ ਪੰਜਾਬ ਤੇ ਚੋਣ ਕਮਿਸ਼ਨ ਤੋਂ ਆਤਮ ਨਗਰ ਇਲਾਕੇ ਵਿਚ ਕਾਨੂੰਨ ਵਿਵਸਥਾ ਨੂੰ ਸਹੀ ਰੱਖਣ ਦੀ ਮੰਗ ਕੀਤੀ ਹੈ। ਸ੍ਰੀ ਕੜਵਲ ਨੇ ਕਿਹਾ, 'ਮੇਰੀ ਪਤਨੀ ਕੋਮਲਪ੍ਰੀਤ ਸਮਰਥਕਾਂ ਨਾਲ ਬਸੰਤ ਵਿਹਾਰ ਵਿਚ ਚੋਣ ਪ੍ਰਚਾਰ ਕਰਨ ਗਈ ਸੀ। ਜਦੋਂ ਉਹ ਪਰਤ ਰਹੀ ਸੀ ਤਾਂ ਕੁਝ ਲੋਕ ਮੋਟਰਸਾਈਕਲਾਂ 'ਤੇ ਆਏ ਅਤੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਮੇਰੀ ਪਤਨੀ ਨੇ ਆਸਪਾਸ ਦੇ ਲੋਕਾਂ ਦੀ ਮਦਦ ਨਾਲ ਖ਼ੁਦ ਨੂੰ ਬਚਾਇਆ, ਪਰ ਹਮਲਾਵਰ ਉਸ ਦੀ ਕਾਰ ਦੀ ਭੰਨਤੋੜ ਕਰਕੇ ਫ਼ਰਾਰ ਹੋ ਗਏ। ਹਮਲਾਵਰਾਂ ਦੇ ਮੋਟਰਸਾਈਕਲਾਂ 'ਤੇ ਲੋਕ ਇਨਸਾਫ਼ ਪਾਰਟੀ ਦੇ ਸਟਿੱਕਰ ਲੱਗੇ ਹੋਏ ਸਨ।' ਉਨ੍ਹਾਂ ਕਿਹਾ ਕਿ ਸਾਰੇ ਲੋਕ ਜਾਣਦੇ ਹਨ ਕਿ ਹਮਲਾ ਕਰਵਾਉਣ ਵਾਲਾ ਕੌਣ ਹੈ। ਵਿਰੋਧੀ ਉਨ੍ਹਾਂ ਦੀ ਵਧਦੀ ਲੋਕਪ੍ਰਿਯਤਾ ਨੂੰ ਦੇਖ ਕੇ ਬੁਖ਼ਲਾ ਗਏ ਹਨ, ਜਿਸ ਕਾਰਨ ਉਹ ਉਨ੍ਹਾਂ ਦੇ ਸਮਰਥਕਾਂ ਤੇ ਪਰਿਵਾਰ ਨੂੰ ਨੁਕਸਾਨ ਪਹੁੰਚਾ ਰਹੇ ਹਨ। ਉਨ੍ਹਾਂ ਚੋਣ ਕਮਿਸ਼ਨ ਤੇ ਡੀਜੀਪੀ ਤੋਂ ਮੰਗ ਕੀਤੀ ਹੈ ਕਿ ਚੋਣਾਂ ਦੇ ਦਿਨ ਆਤਮ ਨਗਰ ਦੇ ਪੋਲਿੰਗ ਬੂਥਾਂ 'ਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਜਾਣ ਤਾਂ ਜੋ ਚੋਣ ਅਮਲ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਸਕਣ। ਸ੍ਰੀ ਕੜਵਲ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਸੂਬੇ ਦੀ ਕਾਨੂੰਨ ਵਿਵਸਥਾ ਨੂੰ ਠੀਕ ਕੀਤਾ ਜਾਵੇਗਾ। ਥਾਣਾ ਦੁੱਗਰੀ ਦੇ ਐਸਐਚਓ ਇੰਸਪੈਕਟਰ ਪ੍ਰੇਮ ਸਿੰਘ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਸਬੰਧੀ ਕੋਈ ਸ਼ਿਕਾਇਤ ਨਹੀਂ ਆਈ ਹੈ ਪਰ ਫਿਰ ਵੀ ਉਹ ਆਪਣੇ ਪੱਧਰ 'ਤੇ ਜਾਂਚ ਕਰ ਰਹੇ ਹਨ।

## ਦਿੱਲੀ ਗੁਰਦੁਆਰਾ ਕਮੇਟੀ ਚੋਣਾਂ 26 ਫਰਵਰੀ ਤੇ ਵੋਟਾਂ ਦੀ ਗਿਣਤੀ ਪਹਿਲੀ ਮਾਰਚ ਨੂੰ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ 26 ਫਰਵਰੀ 2017 ਨੂੰ ਹੋਣਗੀਆਂ ਤੇ ਵੋਟਾਂ ਦੀ ਗਿਣਤੀ 1 ਮਾਰਚ ਨੂੰ ਹੋਵੇਗੀ । ਦਿੱਲੀ ਗੁਰਦੁਆਰਾ ਚੋਣਾਂ ਦੇ ਪ੍ਰੋਗਰਾਮ ਸਬੰਧੀ ਪੂਰਾ ਵੇਰਵਾ ਦਿੱਲੀ ਗੁਰਦੁਆਰਾ ਚੋਣ ਵਿਭਾਗ ਵੱਲੋਂ ਆਪਣੀ ਅਧਿਕਾਰਤ ਵੈੱਬਸਾਈਟ 'ਤੇ ਜਾਰੀ ਕਰ ਦਿੱਤਾ ਗਿਆ ਹੈ। ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਸੁਰਬੀਰ ਸਿੰਘ ਵੱਲੋਂ ਵੈੱਬਸਾਈਟ 'ਤੇ ਜਾਰੀ ਕੀਤੇ ਪ੍ਰੋਗਰਾਮ ਮੁਤਾਬਕ ਉਮੀਦਵਾਰ 8 ਫਰਵਰੀ ਤੱਕ ਨਾਮਜ਼ਦਗੀ ਪੱਤਰ ਦਾਖਲ ਕਰਵਾ ਸਕਣਗੇ। ਨਾਮਜ਼ਦਗੀ ਪੱਤਰਾਂ ਦੀ ਜਾਂਚ 9 ਫਰਵਰੀ ਨੂੰ ਹੋਵੇਗੀ ਤੇ ਨਾਂਅ ਵਾਪਸ ਲੈਣ ਦੀ ਅੰਤਿਮ ਤਰੀਕ 11 ਫਰਵਰੀ ਹੋਵੇਗੀ। 26 ਫਰਵਰੀ ਨੂੰ ਵੋਟਾਂ ਪੈਣਗੀਆਂ, ਗਿਣਤੀ 1 ਮਾਰਚ ਨੂੰ ਹੋਵੇਗੀ ਅਤੇ 2 ਮਾਰਚ ਨੂੰ ਚੋਣ ਪ੍ਰਕਿਰਿਆ ਮੁਕੰਮਲ ਹੋ ਜਾਵੇਗੀ। ਦੱਸਣਯੋਗ ਹੈ ਕਿ ਦਿੱਲੀ ਗੁਰਦੁਆਰਾ ਚੋਣਾਂ ਦੀਆਂ ਤਰੀਕਾਂ ਨੂੰ ਲੈ ਕੇ ਕਾਫੀ ਸਮੇਂ ਭੰਬਲਭੂਸਾ ਪਿਆ ਹੋਇਆ ਸੀ ਤੇ ਚੋਣਾਂ ਸੰਬੰਧੀ ਮਾਮਲੇ ਦੀ ਅਦਾਲਤ ਵਿਚ ਸੁਣਵਾਈ ਚੱਲ ਰਹੀ ਸੀ। ਹੁਣ ਚੋਣਾਂ ਦੇ ਐਲਾਨ ਤੋਂ ਬਾਅਦ ਸਭ ਧਿਰਾਂ ਚੋਣਾਂ ਦੀਆਂ ਤਿਆਰੀਆਂ ਵਿਚ ਜੁਟ ਜਾਣਗੀਆਂ। ਦਿੱਲੀ ਗੁਰਦੁਆਰਾ ਚੋਣਾਂ ਦੇ ਇਤਿਹਾਸ ਵਿਚ ਸ਼ਾਇਦ ਪਹਿਲੀ ਵਾਰ ਹੈ ਕਿ ਜਦੋਂ ਗੁਰਦੁਆਰਾ ਚੋਣਾਂ ਦਿੱਲੀ ਗੁਰਦੁਆਰਾ ਐਕਟ-1971 ਦੇ ਨਿਯਮਾਂ ਮੁਤਾਬਕ ਬਿਲਕੁਲ ਤੈਅ ਸਮੇਂ 'ਤੇ ਹੋ ਰਹੀਆਂ ਹਨ। ਪਿਛਲੀ ਵਾਰ ਸਾਲ 2013 ਜਨਵਰੀ ਵਿਚ ਹੋਈਆਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬ) ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਰਨਾ ਧੜੇ ਤੋਂ ਦਿੱਲੀ ਕਮੇਟੀ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਖੋਹ ਲਈ ਸੀ। ਮੌਜੂਦਾ ਚੋਣਾਂ ਵਿਚ ਵੀ ਮੁੱਖ ਮੁਕਾਬਲਾ ਦੋਵਾਂ ਧਿਰਾਂ ਦੇ ਵਿਚਕਾਰ ਹੀ ਹੋਣ ਦੀ ਸੰਭਾਵਨਾ ਹੈ ਪਰ ਆਮ ਆਦਮੀ ਪਾਰਟੀ ਸਮਰਥਿਤ ਪੰਥਕ ਸੇਵਾ ਦਲ ਸਮੇਤ ਹੋਰ ਧਿਰਾਂ ਵੱਲੋਂ ਵੀ ਆਪਣੇ ਉਮੀਦਵਾਰ ਖੜ੍ਹੇ ਕਰ ਕੇ ਚੁਣੌਤੀ ਪੇਸ਼ ਕਰਨ ਦੀ ਉਮੀਦ ਹੈ।

## ਕੇਜਰੀਵਾਲ ਦੇ ਰਿਸ਼ਵਤ ਵਾਲੇ ਬਿਆਨ 'ਤੇ ਕਾਰਵਾਈ ਦੇ ਹੁਕਮ

ਨਵੀਂ ਦਿੱਲੀ/ਬਿਊਰੋ ਨਿਊਜ਼ : ਚੋਣ ਕਮਿਸ਼ਨ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਗੋਆ ਵਿਚ ਪ੍ਰਚਾਰ ਦੌਰਾਨ ਰਿਸ਼ਵਤ ਸਬੰਧੀ ਦਿੱਤੇ ਬਿਆਨ 'ਤੇ ਉਥੋਂ ਦੇ ਚੋਣ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਉਨ੍ਹਾਂ ਖ਼ਿਲਾਫ਼ ਐਫ਼ਆਈਆਰ ਦਰਜ ਕਰਾਈ ਜਾਵੇ। ਚੋਣ ਕਮਿਸ਼ਨ ਨੇ 'ਆਪ' ਆਗੂ ਦੇ ਉਸ ਦਾਅਵੇ ਨੂੰ ਖ਼ਾਰਜ ਕਰਦਿਆਂ ਬਦਜ਼ੁਬਾਨੀ ਕਰਾਰ ਦਿੱਤਾ ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਕਮਿਸ਼ਨ ਅਜਿਹੇ ਬਿਆਨਾਂ 'ਤੇ ਰੋਕ ਲਾ ਕੇ ਰਿਸ਼ਵਤਖੋਰੀ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਕੇਜਰੀਵਾਲ ਸਬੰਧੀ ਰਿਪੋਰਟ 31 ਜਨਵਰੀ ਨੂੰ ਦੁਪਹਿਰ ਤਿੰਨ ਵਜੇ ਤੱਕ ਚੋਣ ਕਮਿਸ਼ਨ ਹਵਾਲੇ ਕਰਨ ਦੇ ਹੁਕਮ ਦਿੱਤੇ ਗਏ ਹਨ।

## ਪਿੰਡ ਕੱਟਿਆਂਵਾਲੀ ਤੇ ਰਸੂਲਪੁਰ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ

ਲੰਬੀ/ਬਿਊਰੋ ਨਿਊਜ਼ : ਇਸ ਵਿਧਾਨ ਸਭਾ ਹਲਕੇ ਦੇ ਪਿੰਡ ਕੱਟਿਆਂਵਾਲੀ ਵਿੱਚ ਗੁਟਕੇ ਦੀ ਬੇਅਦਬੀ ਹੋ ਗਈ। ਗੁਟਕੇ ਦੇ ਪਾੜੇ ਹੋਏ ਅੰਗ ਇੱਕ ਦੁਕਾਨ ਮੂਹਰੇ ਮਿਲੇ ਹਨ। ਕਬਰਵਾਲਾ ਪੁਲੀਸ ਨੇ ਅਣਪਛਾਤੇ ਵਿਅਕਤੀ ਖ਼ਿਲਾਫ਼ ਧਾਰਾ 295ਏ ਤਹਿਤ ਕੇਸ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਪਿੰਡ ਕੱਟਿਆਂਵਾਲੀ ਵਿੱਚ ਦੁਕਾਨਦਾਰ ਗੁਰਦੇਵ ਸਿੰਘ ਸਵੇਰੇ ਆਪਣੀ ਦੁਕਾਨ 'ਤੇ ਪੁੱਜਿਆ। ਉਸ ਨੇ ਵੇਖਿਆ ਕਿ ਦੁਕਾਨ ਅੱਗੇ ਗੁਟਕੇ ਦੇ ਅੰਗ ਪਾੜ ਕੇ ਸੁੱਟੇ ਹੋਏ ਹਨ। ਉਨ੍ਹਾਂ ਨੇ ਪਿੰਡ ਵਾਸੀਆਂ ਅਤੇ ਪੁਲੀਸ ਨੂੰ ਸੂਚਨਾ ਦਿੱਤੀ। ਥਾਣਾ ਕਬਰਵਾਲਾ ਦੇ ਮੁਖੀ ਬਲਕਰਨ ਸਿੰਘ ਅਤੇ ਮਲੋਟ ਦੇ ਐਸਪੀ ਭਾਗੀਰਥ ਮੀਨਾ ਵੀ ਮੌਕੇ 'ਤੇ ਪੁੱਜ ਗਏ। ਜਾਣਕਾਰੀ ਮਿਲਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦਿਆਲ ਸਿੰਘ ਕੋਲਿਆਂਵਾਲੀ ਅਤੇ ਸ੍ਰੀ ਮੁਕਤਸਰ ਸਾਹਿਬ ਤੋਂ ਸ਼੍ਰੋਮਣੀ ਕਮੇਟੀ ਦੇ ਕਰਮਚਾਰੀ ਵੀ ਪੁੱਜ ਗਏ। ਪੁਲੀਸ ਨੇ ਗੁਟਕੇ ਦੇ ਅੰਗ ਇਕੱਠੇ ਕਰਕੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਸੌਂਪ ਦਿੱਤੇ। ਪੁਲੀਸ ਨੇ ਨਾਲ ਲਗਦੀ ਦੁਕਾਨ ਵਿੱਚ ਲੱਗੇ ਸੀਸੀਟੀਵੀ ਕੈਮਰੇ ਦੀ ਫੁਟੇਜ ਨੂੰ ਵੀ ਖੰਗਾਲਿਆ ਹੈ। ਇਸ ਮੌਕੇ ਦੁਕਾਨਦਾਰ ਗੁਰਦੇਵ ਸਿੰਘ ਖ਼ਿਲਾਫ਼ ਕੇਸ ਦੇ ਖ਼ਦਸ਼ੇ ਤਹਿਤ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਵਰਕਰ ਪੁੱਜ ਗਏ ਤੇ ਬੇਕਸੂਰ ਦੇ ਹੱਕ ਵਿੱਚ ਸੜਕੀ ਆਵਾਜਾਈ ਠੱਪ ਕਰਨ ਦੀ ਚਿਤਾਵਨੀ ਦਿੱਤੀ। ਐਸ.ਪੀ. ਭਾਗੀਰਥ ਮੀਨਾ ਨੇ ਸੀਸੀਟੀਵੀ ਕੈਮਰੇ ਦੀ ਫੁਟੇਜ ਦੀ ਬਾਰੀਕੀ ਨਾਲ ਜਾਂਚ ਰਹੀ ਹੈ ਤੇ ਅਜੇ ਤੱਕ ਕੋਈ ਸੁਰਾਗ ਨਹੀਂ ਮਿਲਿਆ ਹੈ। ਪੁਲੀਸ ਨੇ 295-ਏ ਤਹਿਤ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਜਗਰਾਉਂ : ਪਿੰਡ ਰਸੂਲਪੁਰ (ਮੱਲ੍ਹਾ) ਵਿੱਚ ਵੀ ਗੁਟਕੇ ਦੀ ਬੇਅਦਬੀ ਹੋ ਗਈ। ਸ਼ਰਾਰਤੀ ਅਨਸਰਾਂ ਨੇ ਗੁਟਕੇ ਦੇ ਅੰਗ ਪਾੜ ਕੇ ਚਾਰ ਪੱਤਰਿਆਂ ਸਮੇਤ ਗੁਟਕਾ ਗਲੀ ਵਿੱਚ ਸੁੱਟ ਦਿੱਤਾ ਸੀ। ਜਗਰਾਉਂ ਤੋਂ ਡੀਐੱਸਪੀ ਰਛਪਾਲ ਸਿੰਘ ਢੀਂਡਸਾ ਅਤੇ ਥਾਣਾ ਹਠੂਰ ਦੇ ਮੁਖੀ ਓਂਕਾਰ ਸਿੰਘ ਨੇ ਪੁਲੀਸ ਪਾਰਟੀ ਸਮੇਤ ਪਿੰਡ ਰਸੂਲਪੁਰ ਮੱਲ੍ਹਾ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ। ਡੀਐੱਸਪੀ ਰਛਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।



ਗੁਟਕੇ ਦੇ ਨੁਕਸਾਨੇ ਅੰਗਾਂ ਨੂੰ ਲਿਜਾਂਦਾ ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ।

# ਕਾਕਾ ਮੈਂ ਤੇਰੇ ਬਾਪ ਵਰਗਾਂ...ਮੇਰੀ ਜ਼ਾਤ ਦਾ ਸਵਾਲ ਐ...ਮੇਰੀ ਇੱਜ਼ਤ ਦਾ ਸਵਾਲ ਐ : ਬਾਦਲ

**(ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਇਸ ਵਾਰ ਸੱਤਾ ਵਿਰੋਧੀ ਲਹਿਰ ਦੇ ਚਲਦਿਆਂ ਅਕਾਲੀ ਦਲ ਦੀ ਹਾਲਤ ਕੁਝ ਜ਼ਿਆਦਾ ਹੀ ਪਤਲੀ ਨਜ਼ਰ ਆ ਰਹੀ ਹੈ। ਐਨ ਆਖ਼ਰੀ ਮੌਕੇ ਲੰਬੀ ਹਲਕੇ ਦੇ ਵੋਟਰਾਂ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਿੱਜੀ ਤੌਰ 'ਤੇ ਰਾਬਤਾ ਕਾਇਮ ਕਰ ਕੇ ਉਨ੍ਹਾਂ ਤੋਂ ਆਪਣੇ ਹੱਕ ਵਿਚ ਭੁਗਤਣ ਦੇ ਵਾਅਦੇ ਲੈ ਰਹੇ ਹਨ। ਇਸ ਦਾ ਇਕ ਨਮੂਨਾ ਪੜ੍ਹੋ, ਜੋ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ 'ਤੇ ਛਾਇਆ ਹੋਇਆ ਹੈ।)**

ਮੁਲਾਜ਼ਮ- ਹੈਲੋ...ਹਾਂ ਜੀ ਸਰਦਾਰ ਗੁਰਦੀਪ ਸਿੰਘ ਜੀ ਬੋਲ ਰਹੇ ਨੇ?

ਗੁਰਦੀਪ- ਹਾਂ ਜੀ...ਹਾਂ ਜੀ...

ਸਤਿ ਸ੍ਰੀ ਅਕਾਲ ਜੀ! ਸੀ.ਐਮ. ਸਾਹਿਬ, ਸ. ਪ੍ਰਕਾਸ਼ ਸਿੰਘ ਬਾਦਲ ਜੀ ਗੱਲ ਕਰਨਗੇ ਜੀ।

ਪ੍ਰਕਾਸ਼ ਸਿੰਘ ਬਾਦਲ- ਹੈਲੋ, ਸਤਿ ਸ੍ਰੀ ਅਕਾਲ ਜੀ।

ਗੁਰਦੀਪ ਸਿੰਘ- ਸਤਿ ਸ੍ਰੀ ਅਕਾਲ ਜੀ...ਸਤਿ ਸ੍ਰੀ ਅਕਾਲ ਅੰਕਲ।

ਬਾਦਲ-ਬੇਨਤੀ ਐ...!

ਗੁਰਦੀਪ- ਹਾਂ ਜੀ...ਹਾਂ ਜੀ

ਬਾਦਲ- ਬੇਨਤੀ ਐ...ਬੇਟਾ ਤੁਸੀਂ ਮੇਰੀ ਮਦਦ ਕਰਨੀ ਐ...ਹੁਣ ਛੱਡੋ...ਸਾਰੇ ਗਿਲੇ ਛੱਡੋ...ਮੇਰੀ ਜ਼ਾਤ ਦਾ ਸਵਾਲ ਐ...ਮੇਰੀ ਇੱਜ਼ਤ ਦਾ ਸਵਾਲ ਐ...ਸੋ ਥੋਡੀ ਵੀ ਇੱਜ਼ਤ ਦਾ ਸਵਾਲ ਐ...



ਗੁਰਦੀਪ- ਓ ਤਾਂ ਅੰਕਲ ਜੀ ਠੀਕ ਐ...ਮੈਂ ਤਾਂ ਪਿਛਲੇ ਪੰਜ ਸਾਲ ਗੇੜੇ ਮਾਰ ਮਾਰ ਥੱਕ ਗਿਆ...ਪਹਿਲਾਂ ਵੀ ਕਿਹਾ ਸੀ, ਸਾਨੂੰ ਆਹ ਮਿੱਡੂਖੇੜੇ ਵਰਗੇ ਲੋਕਲ ਲੀਡਰ ਖ਼ਰਾਬ ਕਰੀ ਜਾਂਦੇ ਐ...

ਬਾਦਲ- ਹੁਣ ਤੁਸੀਂ ਭੁੱਲ ਜੋ! ਜੋ ਹੋ ਗਿਆ, ਸੋ ਹੋ ਗਿਆ।

ਗੁਰਦੀਪ-ਹੈਂ ਜੀ!

ਬਾਦਲ- ਹੁਣ ਤੁਸੀਂ ਭੁੱਲ ਜੋ, ਮੈਂ ਥੋਨੂੰ ਆਪ ਬੇਨਤੀ ਕਰਦਾਂ...ਮੇਰੀ ਮਦਦ ਕਰਨੀ ਐ...ਮੇਰੀ ਜ਼ਾਤ ਦਾ ਸਵਾਲ ਐ...ਮੇਰੀ ਇੱਜ਼ਤ ਦਾ ਸਵਾਲ ਐ...ਹੁਣ ਹੋਰ ਨਾ ਸੋਚੋ।

ਗੁਰਦੀਪ- ਓ ਤਾਂ ਠੀਕ ਐ ਅੰਕਲ ਜੀ।

ਬਾਦਲ- ਪੱਕਾ ਵਾਅਦਾ?

ਗੁਰਦੀਪ- ਹੈਂ ਜੀ (ਝੂਠਾ ਜਿਹਾ ਹੱਸ ਕੇ)

ਬਾਦਲ- ਪੱਕਾ ਵਾਅਦਾ ਕਰੋ, ਐਵੇਂ ਕੱਚੀ ਗੱਲ ਨੀਂ... ਹਾ...ਹਾ...। ਕਾਕਾ ਬੱਸ ਹੁਣ ਮੈਨੂੰ ਨਾਹ ਨੀਂ ਕਰਨੀ।

ਗੁਰਦੀਪ- ਅੰਕਲ ਅਸੀਂ ਤਾਂ...ਅਸੀਂ ਏਨਾ ਰਿਗਾਰਡ...

ਬਾਦਲ- ਚੱਲੋ! ਛੱਡੋ, ਬੱਸ ਹੁਣ ਗੱਲ ਹੋਗੀ...ਕੱਲ੍ਹ ਤੋਂ ਮੋਹਰੀ ਹੋ ਕੇ ਕੰਮ ਕਰਨੈ ਬੇਟਾ....। ਮੈਂ ਤੇਰੇ ਬਾਪ ਵਰਗਾਂ... ਨਾਲੇ ਅੰਕਲ ਕਹੀ ਜਾਣੈ...ਨਾਲੇ...।

ਗੁਰਦੀਪ- ਠੀਕ ਐ ਜੀ!

ਬਾਦਲ- ਪੱਕਾ ਵਾਅਦਾ?

ਗੁਰਦੀਪ- ਕੋਈ ਨੀਂ!

ਬਾਦਲ- ਨਾ ਐਵੇਂ ਕੋਈ ਨੀਂ ਕੋਈ ਨੀਂ...ਪੱਕਾ ਵਾਅਦਾ? ਪੱਕਾ ਵਾਅਦਾ ਕਰ।

ਗੁਰਦੀਪ- ਕੋਈ ਨੀਂ ਸੋਚਣ ਦਾ ਤਾਂ ਟੈਮ ਦਿਓ ਜੀ!

ਬਾਦਲ- ਪੱਕਾ ਵਾਅਦਾ ਕਰ ਲੈ ਮੇਰੇ ਨਾਲ।

ਗੁਰਦੀਪ- ਸੋਚਣ ਤਾਂ ਦਿਓ ਜੀ!

ਬਾਦਲ- ਮੇਰੀ ਆਲੀ ਤਾਂ ਹਾਂ ਕਰਦੇ..ਫ਼ੇਰ ਆਪੇ ਸੋਚਦਾ ਰਹੀਂ..।

ਗੁਰਦੀਪ- ਠੀਕ ਐ ਜੀ ਚੱਲੋ...!!

ਬਾਦਲ-ਪੱਕਾ ਹੋ ਗਿਆ ਨਾ?

ਗੁਰਦੀਪ- ਹਾਂ ਜੀ...ਹਾਂ ਜੀ...।

ਬਾਦਲ- ਚੱਲੋ, ਫੇਰ ਜੈਕਾਰਾ ਲਾ ਦਿਓ...ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ

ਗੁਰਦੀਪ- ਵਾਹਿਗੁਰੂ ਜੀ ਕੀ ਫ਼ਤਹਿ।

## ਚੜ੍ਹਦੀ ਕਲਾ ਸੇਵਕ ਜਥਾ ਫਰਾਂਸ ਵਲੋਂ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਨੂੰ ਸ਼ਰਧਾਂਜਲੀਆਂ

**ਪੈਰਿਸ/ਬਿਊਰੋ ਨਿਊਜ਼ :** ਮਹਾਨ ਸੂਰਬੀਰਾਂ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦਾ ਸ਼ਹੀਦੀ ਦਿਹਾੜਾ ਗੁਰਦੁਆਰਾ ਸਿੰਘ ਸਭਾ ਬੋਬੀਨੀ ਪੈਰਿਸ ਵਿੱਚ 'ਚੜ੍ਹਦੀ ਕਲਾ ਸੇਵਕ ਜਥਾ, ਫਰਾਂਸ' ਵੱਲੋਂ ਪੂਰੀ ਖਾਲਸਈ ਸ਼ਾਨ ਨਾਲ ਮਨਾਇਆ ਗਿਆ। ਐਤਵਾਰ ਨੂੰ ਸ਼ਹੀਦਾਂ ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਉਪਰੰਤ ਜਥੇ ਵਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਯੂ.ਕੇ. ਤੋਂ ਭਾਈ ਜੋਗਾ ਸਿੰਘ ਨੇ ਸਟੇਜ ਦੀ ਸੇਵਾ ਸੰਭਾਲਦਿਆਂ ਸ਼ਹੀਦਾਂ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਅਤੇ ਸੰਗਤਾਂ ਨੂੰ ਪੰਜਾਬ ਅੰਦਰ ਬਾਦਲ ਸਰਕਾਰ ਵੱਲੋਂ ਕੀਤੇ ਜਾ ਰਹੇ ਸਿੱਖ ਵਿਰੋਧੀ ਅਮਲਾਂ ਤੋਂ ਜਾਣੂ ਕਰਵਾਇਆ। ਉਨ੍ਹਾਂ ਭਾਈ ਸੁਖਵਿੰਦਰ ਸਿੰਘ ਨਾਗੋਕੇ ਤੇ ਭਾਈ ਬਲਦੇਵ ਸਿੰਘ ਵਡਾਲਾ ਨੂੰ ਸ੍ਰੀ ਦਰਬਾਰ ਸਾਹਿਬ ਵਿੱਚ ਕੀਰਤਨ ਕਰਨ ਤੋਂ ਰੋਕਣ ਬਾਰੇ ਸੰਗਤਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਬਾਦਲ ਸਰਕਾਰ ਦੀ ਹਕੂਮਤ ਦੌਰਾਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਹੋ ਰਹੀਆਂ ਹਨ ਤੇ ਦੋਸ਼ੀ ਫੜੇ ਨਹੀਂ ਜਾ ਰਹੇ, ਦੂਜੇ ਪਾਸੇ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਕੀਰਤਨੀਆਂ ਦੀ ਸੱਚ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ।

'ਅਮੈਰੀਕਨ ਸਿੱਖ ਆਰਗੇਨਾਈਜ਼ੇਸ਼ਨ' ਦੇ ਭਾਈ ਦਵਿੰਦਰ ਸਿੰਘ ਨੇ ਸਿੱਖ ਧਰਮ ਅੰਦਰ ਸ਼ਹਾਦਤ ਦੇ ਸੰਕਲਪ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਅਮਰੀਕਾ ਤੋਂ ਆਏ ਪੰਥਕ ਲੇਖਕ ਭਾਈ ਅਮਰਦੀਪ ਸਿੰਘ 'ਅਮਰ' ਵੀ ਸੰਗਤਾਂ ਦੇ ਰੂਬਰੂ ਹੋਏ ਤੇ ਉਨ੍ਹਾਂ ਵਿਦੇਸ਼ੀ ਸਿੱਖਾਂ ਨੂੰ ਸਭਰਾਵਾਂ ਦੀ ਜੰਗ ਵਿੱਚ ਸ਼ਾਮ ਸਿੰਘ ਅਟਾਰੀ ਦੀ ਸ਼ਹਾਦਤ ਉੱਤੇ ਸਿੱਖ ਰਾਜ ਦਾ ਜੋ ਝੰਡਾ ਅੰਗਰੇਜ਼ਾਂ ਹੱਥ ਆ ਗਿਆ ਸੀ, ਉਸ ਨੂੰ ਮੁੜ ਫਹਿਰਾਉਣ ਦਾ ਹੋਕਾ ਦਿੱਤਾ। ਉਨ੍ਹਾਂ ਭਾਈ ਅਨੋਖ ਸਿੰਘ ਬੱਬਰ ਦੀ ਸ਼ਹੀਦੀ ਤੋਂ ਪਹਿਲਾਂ ਹੋਏ ਤਸ਼ੱਦਦ ਬਾਰੇ ਸੰਗਤਾਂ ਨੂੰ ਦੱਸਿਆ। ਭਾਈ ਅਨੋਖ ਸਿੰਘ ਬੱਬਰ ਦੇ ਪੰਥਕ ਏਕਤਾ ਦੇ ਸੁਨੇਹਾ ਦਾ ਹਵਾਲਾ ਦਿੰਦਿਆਂ ਭਾਈ ਅਮਰਦੀਪ ਸਿੰਘ ਨੇ ਸਿੱਖਾਂ ਨੂੰ ਆਪਸੀ ਰੰਜ਼ਿਸ਼ਾਂ ਤੇ ਭੇਦਭਾਵ ਤਿਆਗ ਕੇ ਆਜ਼ਾਦੀ ਦੀ ਲੜਾਈ ਵਿੱਚ ਯੋਗਦਾਨ ਪਾਉਣ ਦੀ ਬੇਨਤੀ ਕੀਤੀ।

ਇਸ ਮੌਕੇ ਭਾਈ ਕਸ਼ਮੀਰਾ ਸਿੰਘ ਫਰਾਂਸ, ਭਾਈ ਕਰਮ ਸਿੰਘ ਹਾਲੈਂਡ, ਭਾਈ ਹਰਦਵਿੰਦਰ ਸਿੰਘ ਬੱਬਰ, ਭਾਈ ਭੁਪਿੰਦਰ ਸਿੰਘ ਅਤੇ ਬਾਈ ਸ਼ਿੰਗਾਰਾ ਸਿੰਘ ਮਾਨ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਕੌਮੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਨ੍ਹਾਂ ਬੁਲਾਰਿਆਂ ਨੇ ਸੰਗਤਾਂ ਨੂੰ ਸ਼ਹੀਦੀ ਦੇ ਰਾਹ 'ਤੇ ਚਲਦਿਆਂ ਖਾਲਿਸਤਾਨ ਦੀ ਪ੍ਰਾਪਤੀ ਦੇ ਸੰਘਰਸ਼ ਵਿੱਚ ਆਪਣਾ ਬਣਦਾ ਹਿੱਸਾ ਪਾਉਣ ਲਈ ਅਪੀਲ ਕੀਤੀ।

## ਗਾਖਲ ਭਰਾਵਾਂ ਵਲੋਂ 'ਆਪ' ਦੀ ਡਟਵੀਂ ਹਮਾਇਤ, ਚੰਦਨ ਗਰੇਵਾਲ ਲਈ ਕੀਤਾ ਪ੍ਰਚਾਰ

**ਜਲੰਧਰ/ਬਿਊਰੋ ਨਿਊਜ਼ :** ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਖੁੱਲ੍ਹ ਕੇ ਆਮ ਆਦਮੀ ਪਾਰਟੀ ਦੇ ਸਮਰਥਨ ਵਿਚ ਆ ਗਏ ਹਨ। ਉਨ੍ਹਾਂ ਨੇ ਆਪਣੇ ਜੱਦੀ ਪਿੰਡ ਗਾਖਲ (ਜਲੰਧਰ) ਵਿਖੇ ਇਲਾਕੇ ਦੇ ਕਰੀਬ ਤੀਹ ਪਿੰਡਾਂ ਦੇ ਪੰਚਾਂ-ਸਰਪੰਚਾਂ, ਵੱਖ ਵੱਖ ਸੰਸਥਾਵਾਂ ਦੇ ਮੁਖੀਆਂ ਅਤੇ ਸਿਰਕੱਢ ਨੁਮਾਇੰਦਿਆਂ ਦਾ ਇਕੱਠ ਕਰਕੇ ਇਲਾਕੇ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਅਤੇ ਉਨ੍ਹਾਂ ਦੇ ਆਪਣੇ ਵਿਧਾਨ ਸਭਾ ਹਲਕੇ ਕਰਤਾਰਪੁਰ ਤੋਂ ਚੰਦਨ ਗਰੇਵਾਲ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਇਸ ਵੇਲੇ ਹਵਾ ਦਾ ਰੁਖ ਪੂਰੀ ਤਰ੍ਹਾਂ ਆਮ ਆਦਮੀ ਪਾਰਟੀ ਦੇ ਹੱਕ ਵਿਚ ਹੈ। ਇਸ ਮੌਕੇ 'ਆਪ' ਦੇ ਉਮੀਦਵਾਰ ਚੰਦਨ ਗਰੇਵਾਲ ਨੇ ਕਿਹਾ, "ਮੈਂ ਵਿਧਾਇਕ ਨਹੀਂ, ਸਗੋਂ ਤੁਹਾਡਾ ਸੇਵਾਦਾਰ ਬਣਾਂਗਾ, ਜਿਨ੍ਹਾਂ ਦੇ ਮਨਾਂ 'ਚ ਹਾਕਮ ਧਿਰ ਦਾ ਕੋਈ ਡਰ ਹੈ, ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਉਹ ਇਸ ਭੈਅ ਤੋਂ ਮੁਕਤ ਹੋ ਜਾਣ। ਹੁਣ ਚੰਮ ਦੀਆਂ ਬਹੁਤਾ ਚਿਰ ਨਹੀਂ ਚੱਲਣਗੀਆਂ।" ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨਾ ਲਗਭਗ ਤੈਅ ਹੈ, 11 ਮਾਰਚ ਨੂੰ ਤਾਂ ਸਿਰਫ ਐਲਾਨ ਹੋਣਾ ਹੀ ਬਾਕੀ ਹੈ। ਅਮਰੀਕਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਦੇ ਇੱਥੇ ਆਉਣ ਨਾਲ ਹਲਕਾ ਆਮ ਆਦਮੀ ਪਾਰਟੀ ਨਾਲ ਹਿੱਕ ਤਾਣ ਕੇ ਖੜ੍ਹਾ ਹੋ ਗਿਆ ਹੈ। ਸ੍ਰ. ਗਾਖਲ ਨੇ ਕਿਹਾ ਕਿ ਜੇ ਪੰਜਾਬ ਦਾ ਰਾਜਨੀਤਕ ਮਾਹੌਲ ਸੁਖਾਵਾਂ ਬਣਦਾ ਹੈ ਜਾਂ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੀ ਹੈ ਤਾਂ ਉਹ ਐਗਰੋ ਇੰਡਸਟਰੀ ਪੰਜਾਬ ਵਿਚ ਵਿਕਸਤ ਕਰਨ ਲਈ ਆਪਣਾ ਕਾਰੋਬਾਰ ਵਧਾਉਣ ਨੂੰ ਤਰਜੀਹ ਦੇਣਗੇ। ਇਸ ਮੌਕੇ ਅਮਰੀਕਾ ਤੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਅੰਮ੍ਰਿਤਪਾਲ ਢਿੱਲੋਂ, ਮਨਜਿੰਦਰ ਸੰਧੂ, ਮੰਮੂ ਚਾਹਲ ਅਤੇ ਜਸਪਾਲ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ।




JESSIE TAX SERVICES

We Provide Comprehensive Tax Services



JASWANT S. JESSIE

Enrolled Agent (EA), NTPI Fellow

Specializing in:

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only

Phone (408) 736-2451 | Fax (408) 736-8626

Email: jessie@jessietax.com

www.jessietax.com


## ਸਿੱਖ ਧਰਮ ਬਾਰੇ ਜਾਗਰੂਕਤਾ ਲਈ ਲਈਆਂ ਜਾਣਗੀਆਂ 'ਐਫ.ਪੀ.1' ਦੀਆਂ ਸੇਵਾਵਾਂ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕਾ ਵਿੱਚ 9/11 ਅਤਿਵਾਦੀ ਹਮਲੇ ਬਾਅਦ ਨਫ਼ਰਤੀ ਅਪਰਾਧ ਅਤੇ ਹਿੰਸਾ ਦਾ ਸਾਹਮਣਾ ਕਰ ਰਹੇ ਸਿੱਖ ਭਾਈਚਾਰੇ ਨੇ ਇਸ ਨੂੰ ਘੱਟ ਕਰਨ ਲਈ ਇਕ ਮੰਨੀ ਪ੍ਰਮੰਨੀ ਮਾਰਕੀਟਿੰਗ ਕੰਪਨੀ ਨੂੰ ਸਿੱਖ ਧਰਮ ਬਾਰੇ ਦੇਸ਼ ਭਰ ਵਿੱਚ ਜਾਗਰੂਕਤਾ ਫੈਲਾਉਣ ਦੀ ਜ਼ਿੰਮੇਵਾਰੀ ਸੌਂਪੀ ਹੈ। ਨੈਸ਼ਨਲ ਸਿੱਖ ਕੰਪੇਨ (ਐਨਐਸਸੀ) ਨੇ ਵਾਸ਼ਿੰਗਟਨ ਆਧਾਰਤ ਮਾਰਕੀਟਿੰਗ ਕੰਪਨੀ 'ਐਫ.ਪੀ.1' ਦੀਆਂ ਸੇਵਾਵਾਂ ਲੈਣ ਦਾ ਐਲਾਨ ਕਰਦਿਆਂ ਕਿਹਾ ਕਿ ਮੌਜੂਦਾ ਰਾਜਸੀ ਤੇ ਸਮਾਜਿਕ ਮਾਹੌਲ ਵਿੱਚ ਇਹ ਕਾਫ਼ੀ ਮਹੱਤਵਪੂਰਨ ਹੋ ਗਿਆ ਹੈ। ਗ਼ੌਰਤਲਬ ਹੈ ਕਿ ਫੇਸਬੁੱਕ ਤੇ ਫੋਰਡ ਵਰਗੀਆਂ ਵੱਡੀਆਂ ਕੰਪਨੀਆਂ 'ਐਫਪੀ1' ਦੀਆਂ ਸੇਵਾਵਾਂ ਲੈਂਦੀਆਂ ਹਨ। ਮੀਡੀਆ ਨੂੰ ਜਾਰੀ ਕੀਤੇ ਬਿਆਨ ਮੁਤਾਬਕ ਸਾਲ 2015 ਦੇ ਸ਼ੁਰੂ ਵਿੱਚ ਕੀਤੇ ਗਏ ਇਕ ਅਧਿਐਨ ਵਿੱਚ ਪੁਸ਼ਟੀ ਹੋਈ ਸੀ ਕਿ ਜਦੋਂ ਅਮਰੀਕਾ ਵਾਸੀਆਂ ਨੂੰ ਸਿੱਖ ਧਰਮ ਦੇ ਪ੍ਰਮੁੱਖ ਸਿਧਾਂਤਾਂ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦਾ ਨਜ਼ਰੀਆ ਕਾਫ਼ੀ ਸਕਾਰਾਤਮਕ ਸੀ। ਐਨਐਸਸੀ ਦੇ ਸਹਿ-ਬਾਨੀ ਤੇ ਸੀਨੀਅਰ ਸਲਾਹਕਾਰ ਡਾ. ਰਾਜਵੰਤ ਸਿੰਘ ਨੇ ਦੱਸਿਆ, 'ਸਾਡੀ ਸਾਰੀ ਰਣਨੀਤੀ ਨੂੰ ਸਿਰੇ ਚਾੜ੍ਹਨ ਲਈ ਐਫ.ਪੀ.1 ਨਾਲ ਸਾਂਝ ਪਾਉਣਾ ਅਹਿਮ ਫ਼ੈਸਲਾ ਹੈ। ਕੰਪਨੀ ਦੇ ਮਾਹਰ ਰੂੜ੍ਹੀਵਾਦੀ ਅਮਰੀਕੀਆਂ ਤੱਕ ਪਹੁੰਚ ਕਰ ਰਹੇ ਹਨ ਜੋ ਸਾਡੀ ਵੱਲੋਂ ਮਿਥੇ ਟੀਚੇ ਤੋਂ ਅੱਗੇ ਲੱਖਾਂ ਲੋਕਾਂ ਤੱਕ ਸੰਦੇਸ਼ ਪਹੁੰਚਾਉਣ ਵਿੱਚ ਲਾਭਕਾਰੀ ਹੋਵੇਗਾ। ਸ਼ਾਇਦ ਇਹ ਪਹਿਲੀ ਵਾਰ ਹੈ ਕਿ ਕਿਸੇ ਅਮਰੀਕੀ ਸਿੱਖ ਭਾਈਚਾਰੇ ਨੇ ਕੌਮੀ ਪੱਧਰ 'ਤੇ ਅਮਰੀਕੀਆਂ ਤੱਕ ਪਹੁੰਚਣ ਲਈ ਅਹਿਮ ਕਦਮ ਚੁੱਕੇ ਹਨ।'

### ਗੁਰਦੁਆਰਿਆਂ 'ਚ ਚੌਕਸੀ ਵਧਾਉਣ ਦੀ ਅਪੀਲ :

ਅਮਰੀਕਾ ਵਿਚ ਸਿੱਖਾਂ ਦੀ ਵਕਾਲਤ ਕਰਨ ਵਾਲੇ ਸੰਗਠਨਾਂ ਨੇ ਅਮਰੀਕਾ ਵਿਚਲੇ ਗੁਰਦੁਆਰਿਆਂ ਨੂੰ ਅਪੀਲ ਕੀਤੀ ਹੈ ਕਿ ਉਹ ਦੇਸ਼ ਦੇ ਮੌਜੂਦਾ ਹਾਲਾਤ ਨੂੰ ਵੇਖਦਿਆਂ ਹੋਇਆ ਗੁਰੂਘਰਾਂ ਦੀ ਨਿਗਰਾਨੀ ਅਤੇ ਚੌਕਸੀ ਨੂੰ ਵਧਾ ਦੇਣ। ਯੂਨਾਈਟਿਡ ਸਿੱਖਜ਼ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਨੇ ਕਿਹਾ ਕਿ, 'ਅਮਰੀਕਾ ਦੀ ਮੌਜੂਦਾ ਸਥਿਤੀ ਅਤੇ ਦੁਨੀਆ ਦੇ ਹੋਰਨਾਂ ਦੇਸ਼ਾਂ ਦੇ ਹਾਲਾਤ ਅਤੇ ਖਾਸ ਕਰਕੇ ਕੈਨੇਡਾ ਦੇ ਕਿਊਬਿਕ ਵਿਚ ਐਤਵਾਰ ਨੂੰ ਮਸਜਿਦ 'ਤੇ ਹੋਏ ਹਮਲੇ ਨੂੰ ਵੇਖਦਿਆਂ ਅਸੀ ਗੁਰਦੁਆਰਿਆਂ ਨੂੰ ਆਪਣੀ ਸੁਰੱਖਿਆ ਵਧਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਗੁਰਦੁਆਰਿਆਂ ਵਿਚ ਆਉਣ ਵਾਲੇ ਸ਼ਰਧਾਲੂਆਂ ਨੂੰ ਵੀ ਚੌਕਸ ਰਹਿਣ ਲਈ ਆਖਿਆ ਹੈ।

# ਸਿੱਖਾਂ ਨੂੰ ਹਿੰਦੂ ਦਰਸਾਉਣ ਵਾਲੇ ਭਾਰਤੀ ਸੰਵਿਧਾਨ ਖ਼ਿਲਾਫ਼ ਅਮਰੀਕੀ ਸਿੱਖਾਂ ਵਲੋਂ ਯੂ.ਐਨ. ਵਿਖੇ ਰੈਲੀ

**ਨਿਊਯਾਰਕ/ਬਿਊਰੋ ਨਿਊਜ਼ :** ਭਾਰਤ ਜਿੱਥੇ ਆਪਣਾ 68ਵਾਂ ਗਣਤੰਤਰ ਦਿਵਸ ਮਨਾ ਰਿਹਾ ਸੀ, ਉਥੇ ਸੈਂਕੜਿਆਂ ਦੀ ਗਿਣਤੀ ਵਿਚ ਸਿੱਖਾਂ ਨੇ ਨਿਊਯਾਰਕ ਸਥਿਤ ਯੂ.ਐਨ. ਹੈਡਕੁਆਰਟਰ ਵਿਖੇ 'ਲਿਬਰੇਸ਼ਨ ਰੈਲੀ' ਕੀਤੀ ਤੇ ਭਾਰਤੀ ਸੰਵਿਧਾਨ ਦੀ ਨਿੰਦਾ ਕੀਤੀ ਜੋ ਕਿ ਸਿੱਖ ਭਾਈਚਾਰੇ ਨੂੰ ਧਾਰਮਿਕ ਆਜ਼ਾਦੀ ਤੋਂ ਇਨਕਾਰ ਕਰਦਾ ਹੈ। ਭਾਰਤੀ ਸੰਵਿਧਾਨ ਦੀ ਧਾਰਾ 25(ਬੀ) ਦੀ ਵਿਆਖਿਆ ਵਿਚ ਵਿਵਸਥਾ ਹੈ ਕਿ ਹਿੰਦੂ ਅਖਵਾਉਣ ਵਾਲੇ ਲੋਕਾਂ ਵਿਚ ਉਹ ਲੋਕ ਵੀ ਸ਼ਾਮਲ ਹੋਣਗੇ ਜੋ ਸਿੱਖ ਧਰਮ ਦੇ ਪੈਰੋਕਾਰ ਹਨ। ਯੂ.ਐਨ. ਹੈਡਕੁਆਰਟਰ 'ਤੇ ਪਹੁੰਚੇ ਸਿੱਖ ਕਾਰਕੁਨਾਂ ਨੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ ਤੇ ਉਹ 'ਭਾਰਤ ਵਿਚ ਧਾਰਮਿਕ ਘੱਟ-ਗਿਣਤੀ ਸਿੱਖਾਂ' ਦੀ ਰਾਖੀ ਲਈ ਯੂ.ਐਨ. ਤੋਂ ਦਖ਼ਲ ਦੀ ਮੰਗ ਕਰਦਿਆਂ ਪੰਜਾਬ ਦੀ ਆਜ਼ਾਦੀ ਦੇ ਨਾਅਰੇ ਲਗਾ ਰਹੇ ਸਨ। ਇਸ ਤੋਂ ਪਹਿਲਾਂ ਸਿੱਖ ਕਾਰਕੁਨਾਂ ਨੇ ਭਾਰਤੀ ਸੰਵਿਧਾਨ ਦੀਆਂ ਕਾਪੀਆਂ ਸਾੜੀਆਂ ਤੇ ਆਜ਼ਾਦ ਸਿੱਖ ਰਾਜ ਦੇ ਹੱਕ ਵਿਚ ਨਾਅਰੇ ਲਗਾਏ। ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਨੇ ਯੂ.ਐਨ. ਦੇ ਵਿਸ਼ੇਸ਼ ਰਿਪੋਰਟਰ ਅਹਿਮਦ ਸ਼ਾਹੀਦ ਨੂੰ ਧਰਮ ਦੀ ਆਜ਼ਾਦੀ ਬਾਰੇ ਇਕ ਪੱਤਰ ਭੇਜਿਆ ਜਿਸ ਵਿਚ ਮੰਗ ਕੀਤੀ ਗਈ ਕਿ ਭਾਰਤੀ ਸੰਵਿਧਾਨ ਦੀ ਧਾਰਾ 25 (ਬੀ) ਦੀ ਨਿੰਦਾ ਕੀਤੀ ਜਾਵੇ ਜੋ ਕਿ ਸਿੱਖਾਂ ਨੂੰ ਹਿੰਦੂ ਦਰਸਾ ਕੇ ਸਿੱਖਾਂ ਦੀ ਪਛਾਣ ਅਤੇ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਦੀ ਹੈ। ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਯੂ.ਐਨ. ਦੇ ਮੈਂਬਰ ਦੇਸ਼ਾਂ ਨੂੰ ਦੁਨੀਆ ਦੇ ਪੰਜਵੇਂ ਸਭ ਤੋਂ ਵੱਡੇ ਧਰਮ 'ਤੇ ਭਾਰਤੀ ਸੰਵਿਧਾਨ ਦੇ ਹਮਲੇ ਖ਼ਿਲਾਫ ਸਿੱਖਾਂ ਨਾਲ ਖੜ੍ਹਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਭਾਰਤ ਵਿਚ ਸਿੱਖਾਂ ਦੀ ਧਾਰਮਿਕ ਆਜ਼ਾਦੀ ਦੇ ਮੁੱਦੇ 'ਤੇ ਜਨਰਲ ਇਜਲਾਸ ਵਿਚ ਮਤੇ ਲਿਆਉਣ ਲਈ ਯੂ.ਐਨ. ਵਿਚ ਲਾਬੀ ਕਰਾਂਗੇ। ਉਨ੍ਹਾਂ ਨੇ ਅੱਗੇ ਕਿਹਾ ਕਿ ਅਸੀਂ 2020 ਵਿਚ ਇਕ ਰਿਫਰੈਂਡਮ ਕਰਵਾਉਣ ਲਈ ਮੁਹਿੰਮ ਚਲਾ ਰਹੇ ਹਾਂ ਜੋ ਕਿ ਯੂ.ਐਨ. ਚਾਰਟਰ ਦੀ ਧਾਰਾ 1 'ਤੇ ਆਧਾਰਤ ਹੋਵੇਗਾ ਜਿਸ ਵਿਚ ਇਹ ਲਾਜ਼ਮੀ ਕਰਾਰਿਆ ਹੋਇਆ ਹੈ ਕਿ ਹਰ ਵਿਅਕਤੀ ਨੂੰ ਵੱਖਰੇ ਧਰਮ ਅਤੇ ਭਾਸ਼ਾ ਦੇ ਆਧਾਰ 'ਤੇ ਖ਼ੁਦਮੁਖਤਿਆਰੀ ਦਾ ਅਧਿਕਾਰ ਹੈ। ਬੀਤੀ 25 ਜਨਵਰੀ ਨੂੰ ਦਿੱਤੇ ਗਏ ਸਿਖਸ ਫਾਰ ਜਸਟਿਸ ਦੇ ਪੱਤਰ ਵਿਚ ਕਿਹਾ ਗਿਆ ਹੈ ਕਿ ਖ਼ੁਦਮੁਖਤਿਆਰੀ ਦੇ ਅਧਿਕਾਰ ਅਤੇ ਆਪਣੀ ਵਖਰੀ ਧਾਰਮਿਕ ਪਛਾਣ ਦੀ ਬਹਾਲੀ ਦੀ ਮੰਗ ਕਰਨ ਲਈ ਭਾਰਤੀ ਕਬਜ਼ੇ ਵਾਲੇ ਪੰਜਾਬ ਦੇ ਸਿੱਖਾਂ ਨੂੰ ਨਸਲਕੁਸ਼ੀ ਹਿੰਸਾ ਦਾ ਸ਼ਿਕਾਰ ਹੋਣਾ ਪਿਆ ਹੈ। ਨਿਊਯਾਰਕ ਦੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਧਾਨ ਕੁਲਦੀਪ ਸਿੰਘ ਢਿਲੋਂ ਅਤੇ ਸਾਬਕਾ ਪ੍ਰਧਾਨ ਗੁਰਦੇਵ ਸਿੰਘ ਕੰਗ ਨੇ ਕਿਹਾ ਕਿ ਅਸੀਂ ਇਕ ਮੁਹਿੰਮ ਚਲਾ ਕੇ ਯੂ.ਐਨ. ਮੈਂਬਰ ਦੇਸ਼ਾਂ ਨੂੰ ਇਸ ਅਸਲੀਅਤ ਤੋਂ ਜਾਣੂ ਕਰਵਾਵਾਂਗੇ ਕਿ ਭਾਰਤ ਸੰਵਿਧਾਨਿਕ ਤੌਰ 'ਤੇ ਸਿੱਖ ਧਰਮ ਦੇ ਵੱਖਰੇ ਰੁਤਬੇ ਤੋਂ ਮੁਨਕਰ ਹੋ ਰਿਹਾ ਹੈ ਅਤੇ ਧਾਰਮਿਕ ਆਜ਼ਾਦੀ ਦੇ ਸਿਧਾਂਤ ਦੀ ਉਲੰਘਣਾ ਕਰ ਰਿਹਾ ਹੈ। 26 ਜਨਵਰੀ ਦੀ 'ਸਿੱਖ ਲਿਬਰੇਸ਼ਨ ਰੈਲੀ' ਰਿਚਮੰਡ ਹਿੱਲ ਦੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਕੀਤੀ ਗਈ ਸੀ ਜਿਸ ਵਿਚ ਟਰਾਈ ਸਟੇਟ ਏਰੀਆ ਵਿਚਲੇ ਗੁਰਦੁਆਰਿਆਂ ਦੀਆਂ ਕਮੇਟੀਆਂ ਦਾ ਸਮਰਥਨ ਹਾਸਲ ਸੀ।

# ਬਰਨਾਲਾ ਪਰਿਵਾਰ ਫੇਰ ਬਣਿਆ ਅਕਾਲੀ ਦਲ ਦਾ ਹਿੱਸਾ




**ਸੰਗਰੂਰ/ਬਿਊਰੋ ਨਿਊਜ਼ :** ਸੂਬੇ ਦੀ ਸਿਆਸਤ ਵਿੱਚ ਮਜ਼ਬੂਤ ਧੜੇ ਵਜੋਂ ਜਾਣੇ ਜਾਂਦੇ ਮਰਹੂਮ ਸੁਰਜੀਤ ਸਿੰਘ ਬਰਨਾਲਾ ਦੇ ਪਰਿਵਾਰ ਨੇ ਆਪਣੇ ਸਮਰਥਕਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸੀ ਕਰਦੇ ਹੋਏ ਅਕਾਲੀ-ਭਾਜਪਾ ਗਠਜੋੜ ਦੇ ਉਮੀਦਵਾਰਾਂ ਨੂੰ ਪੂਰਨ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਸਮਾਗਮ ਦੌਰਾਨ ਬੀਬੀ ਸੁਰਜੀਤ ਕੌਰ ਬਰਨਾਲਾ, ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਅਤੇ ਸਿਮਰਪ੍ਰਤਾਪ ਸਿੰਘ ਬਰਨਾਲਾ ਅਤੇ ਬਲਦੇਵ ਸਿੰਘ ਮਾਨ ਆਪਣੇ ਸੈਂਕੜੇ ਸਮਰਥਕਾਂ ਸਮੇਤ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੀ ਹਾਜ਼ਰੀ ਵਿੱਚ ਸਾਰੇ ਗਿਲੇ ਸ਼ਿਕਵੇ ਭੁਲਾ ਕੇ ਸੂਬੇ ਦੇ ਹਿੱਤ ਲਈ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬਰਨਾਲਾ ਪਰਿਵਾਰ ਦੀ ਘਰ ਵਾਪਸੀ ਦਾ ਸਵਾਗਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਹੁਤ ਵੱਡਾ ਪਰਿਵਾਰ ਹੈ ਅਤੇ ਪਰਿਵਾਰਾਂ ਵਿੱਚ ਅਕਸਰ ਗਿਲੇ ਸ਼ਿਕਵੇ ਹੋ ਜਾਂਦੇ ਹਨ, ਪਰ ਜਦੋਂ ਗੱਲ ਪੰਜਾਬ ਦੇ ਹਿੱਤਾਂ ਦੀ ਹੋਵੇ ਤਾਂ ਸਮੂਹ ਅਕਾਲੀ ਆਗੂ ਅਤੇ ਵਰਕਰ ਸ਼੍ਰੋਮਣੀ ਅਕਾਲੀ ਦਲ ਦੇ ਝੰਡੇ ਹੇਠ ਇੱਕਜੁਟ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੂਬੇ ਨੂੰ ਲੋਕ ਵਿਰੋਧੀ ਪਾਰਟੀਆਂ 'ਕਾਂਗਰਸ' ਅਤੇ 'ਆਪ' ਤੋਂ ਬਚਾਉਣਾ ਵੀ ਸਮੇਂ ਦੀ ਅਹਿਮ ਲੋੜ ਹੈ। 'ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇੱਕਜੁਟ ਹੋਏ ਅਕਾਲੀ-ਭਾਜਪਾ ਗੱਠਜੋੜ ਨੂੰ ਹਰਾਉਣਾ ਮੁਸ਼ਕਿਲ ਹੀ ਨਹੀਂ ਸਗੋਂ ਨਾਮੁਮਕਿਨ ਹੈ।' ਇਸ ਦੌਰਾਨ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦਾ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਨੂੰ ਪੰਜਾਬੀਆਂ ਉਪਰ ਕੋਈ ਭਰੋਸਾ ਹੈ। ਇਸੇ ਕਰ ਕੇ ਉਸ ਨੇ ਪੰਜਾਬ ਦੇ ਦੋ ਇੰਚਾਰਜ ਲਗਾਏ, ਜਿਨ੍ਹਾਂ ਵਿਚੋਂ ਇੱਕ ਯੂਪੀ ਤੋਂ ਹੈ ਅਤੇ ਦੂਜਾ ਬਿਹਾਰ ਤੋਂ। ਇਹ ਸਿਰਫ਼ ਕਾਂਗਰਸ ਪਾਰਟੀ ਦੇ ਨਕਸ਼ੇ ਕਦਮ 'ਤੇ ਚਲਦੇ ਹੋਏ ਸੂਬੇ ਦੀ ਖ਼ੁਸ਼ਹਾਲੀ ਭੰਗ ਕਰਨਾ ਚਾਹੁੰਦੇ ਹਨ। ਇਹ ਸਿਰਫ਼ ਗੁੰਮਰਾਹਕੁਨ ਪ੍ਰਚਾਰ ਕਰ ਕੇ ਵੋਟ ਬੈਂਕ ਲੁੱਟਣਾ ਚਾਹੁੰਦੇ ਹਨ। ਹਲਕਾ ਸੰਗਰੂਰ ਤੋਂ ਗਠਜੋੜ ਦੇ ਉਮੀਦਵਾਰ ਪ੍ਰਕਾਸ਼ ਚੰਦ ਗਰਗ ਨੇ ਕਿਹਾ ਕਿ ਬਰਨਾਲਾ ਪਰਿਵਾਰ ਦੀ ਘਰ ਵਾਪਸੀ ਨਾਲ ਹਲਕਾ ਸੰਗਰੂਰ ਹੀ ਨਹੀਂ, ਸਗੋਂ ਪੂਰੇ ਸੂਬੇ ਵਿੱਚ ਅਕਾਲੀ-ਭਾਜਪਾ ਗਠਜੋੜ ਹੋਰ ਵਧੇਰੇ ਮਜ਼ਬੂਤ ਹੋਇਆ ਹੈ। ਸਾਬਕਾ ਮੰਤਰੀ ਬਲਦੇਵ ਸਿੰਘ ਮਾਨ ਨੇ ਬਰਨਾਲਾ ਪਰਿਵਾਰ ਅਤੇ ਸਮਰਥਕਾਂ ਵੱਲੋਂ ਸੁਖਬੀਰ ਬਾਦਲ ਨੂੰ ਭਰੋਸਾ ਦਵਾਇਆ ਕਿ ਉਹ ਅਕਾਲੀ ਦਲ ਅਤੇ ਭਾਜਪਾ ਗਠਜੋੜ ਦੀ ਜਿੱਤ ਨੂੰ ਯਕੀਨੀ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ ਧੂਰੀ ਤੋਂ ਗੱਠਜੋੜ ਦੇ ਉਮੀਦਵਾਰ ਹਰੀ ਸਿੰਘ, ਪ੍ਰਸਿੱਧ ਗਾਇਕ ਕੇ ਐਸ ਮੱਖਣ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਜਥੇਦਾਰ ਤੇਜਾ ਸਿੰਘ ਕਮਾਲਪੁਰ, ਵਿਨਰਜੀਤ ਸਿੰਘ ਗੋਲਡੀ, ਕਰਨ ਘੁਮਾਣ ਕੈਨੇਡਾ, ਰਾਗੀ ਗ੍ਰੰਥੀ ਸਭਾ ਦੇ ਸੂਬਾ ਪ੍ਰਧਾਨ ਜਗਮੇਲ ਸਿੰਘ ਛਾਜਲਾ ਵੀ ਹਾਜ਼ਰ ਸਨ।

# ਸੰਤ ਸਮਾਜ ਅਕਾਲੀ ਦਲ ਦੇ ਨਾਲ : ਬਾਬਾ ਹਰਨਾਮ ਸਿੰਘ ਖ਼ਾਲਸਾ

**ਜਲਾਲਾਬਾਦ/ਬਿਊਰੋ ਨਿਊਜ਼ :** ਅਕਾਲੀ ਦਲ ਦੀ ਚੋਣ ਮੁਹਿੰਮ ਨੂੰ ਉਸ ਵੇਲੇ ਬਲ ਮਿਲਿਆ ਜਦੋਂ ਸੰਤ ਸਮਾਜ ਵੱਲੋਂ ਚੋਣਾਂ ਦੌਰਾਨ ਪਾਰਟੀ ਨੂੰ ਹਮਾਇਤ ਕਰਨ ਦਾ ਐਲਾਨ ਕਰ ਦਿੱਤਾ। ਅਕਾਲੀ ਦਲ ਨੂੰ ਸੰਤ ਸਮਾਜ ਦੀ ਪੂਰਨ ਹਿਮਾਇਤ ਦਾ ਐਲਾਨ ਕਰਦੇ ਹੋਏ ਸੰਤ ਸਮਾਜ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਅਕਾਲੀ ਦਲ ਵੱਲੋਂ ਕੀਤੇ ਗਏ ਸਮਾਜਿਕ ਅਤੇ ਧਾਰਮਿਕ ਕੰਮਾਂ ਕਰਕੇ ਸੰਤ ਸਮਾਜ ਇਨ੍ਹਾਂ ਦੇ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਨੇ ਸਿੱਖ ਜਗਤ ਨੂੰ ਸਿੱਖ ਯਾਦਗਾਰਾਂ, ਸ਼੍ਰੀ ਦਰਬਾਰ ਸਾਹਿਬ ਦੇ ਸੁੰਦਰੀਕਰਨ, ਹਰ ਧਰਮ ਨਾਲ ਸੰਬੰਧਿਤ ਇਤਿਹਾਸਕ ਸਥਾਨਾਂ ਦੀ ਬਿਹਤਰੀ, ਸੰਗਤਾਂ ਨੂੰ ਹਰ ਧਾਰਮਿਕ ਸਥਾਨ ਦੀ ਯਾਤਰਾ ਕਰਵਾਉਣੀ ਅਤੇ ਹੋਰ ਬਹੁਤ ਕਾਰਜ ਕੀਤੇ ਹਨ। ਇਨ੍ਹਾਂ ਦੀ ਅਗਵਾਈ ਵਿਚ ਪੰਜਾਬ ਦਾ ਵਿਕਾਸ ਵੱਡੇ ਪੱਧਰ 'ਤੇ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਪੁੱਛਣ ਤੇ ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਵੱਡਾ ਕੋਈ ਪਾਪ ਨਹੀਂ ਹੈ। ਇਸ ਸਭ ਦੇ ਪਿੱਛੇ ਜੋ ਵੀ ਹੈ, ਗੁਰੂ ਸਾਹਿਬ ਉਸ ਨੂੰ ਸਜ਼ਾਵਾਂ ਜ਼ਰੂਰ ਦੇਣਗੇ। ਉਨ੍ਹਾਂ ਕਿਹਾ ਕਿ ਜੋ ਲੋਕ ਇਸ ਮੁੱਦੇ ਨੂੰ ਗਲਤ ਰੰਗਤ ਦੇ ਕੇ ਲੋਕਾਂ ਦੀਆਂ ਭਾਵਨਾਵਾਂ ਭੜਕਾ ਰਹੇ ਹਨ, ਜੇਕਰ ਉਨ੍ਹਾਂ ਕੋਲ ਇਸ ਬਾਬਤ ਕੋਈ ਠੋਸ ਸਬੂਤ ਸੀ ਤਾਂ ਅੱਜ ਤੱਕ ਲੋਕਾਂ ਦੇ ਸਾਹਮਣੇ ਕਿਉਂ ਨਹੀਂ ਲੈ ਕੇ ਆਏ। ਬਹਿਬਲ ਕਲਾਂ ਵਿਚ ਗੋਲੀ ਕਾਂਡ ਵਿੱਚ ਸ਼ਹੀਦ ਹੋਏ ਸਿੰਘਾਂ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਦਾ ਡੀ.ਜੀ.ਪੀ. ਸੁਮੇਧ ਸੈਣੀ ਸੀ ਤਾਂ ਉਸ ਵੇਲੇ ਇਹ ਕਾਂਡ ਵਾਪਰਿਆ। ਸੁਮੇਧ ਸੈਣੀ ਦੀ ਮਾਨਸਿਕਤਾ ਸਿੱਖ ਵਿਰੋਧੀ ਹੈ। ਕਾਂਡ ਹੋਣ ਤੋ ਬਾਅਦ ਸੰਤ ਸਮਾਜ ਵੱਲੋਂ ਸੁਮੇਧ ਸੈਣੀ ਨੂੰ ਹਟਾਉਣ ਦੀ ਮੰਗ ਕੀਤੀ ਗਈ ਸੀ ਅਤੇ ਸਰਕਾਰ ਨੇ ਇਸ ਮੰਗ ਨੂੰ ਵੀ ਪ੍ਰਵਾਨ ਕੀਤਾ ਸੀ। ਸੰਤ ਸਮਾਜ ਦੀ ਮੰਗ 'ਤੇ ਹੀ ਇਸ ਘਟਨਾ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਆਮ ਆਦਮੀ ਪਾਰਟੀ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਇਹ ਪਾਰਟੀ ਦਾ ਮੁਖੀ ਅਰਵਿੰਦ ਕੇਜਰੀਵਾਲ ਸਿੱਖ ਵਿਰੋਧੀ ਭਾਵਨਾ ਰੱਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਨੂੰ ਸਿਆਸੀ ਮੁੱਦਾ ਬਣਾ ਕੇ ਅਤੇ ਭਾਵਨਾਵਾਂ ਭੜਕਾ ਦੇ ਇਹ ਵੋਟਾਂ ਲੈਣਾ ਚਾਹੁੰਦਾ ਹੈ। ਕੇਜਰੀਵਾਲ ਦੱਸੇ ਕਿ ਦਿੱਲੀ ਵਿੱਚ ਜਿਸ ਬਾਬਾ ਬੰਦਾ ਬਹਾਦਰ ਨੇ ਮੁਗਲੀਆ ਸਲਤਨਤ ਦੀ ਜ਼ਾਲਮ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ, ਉਸ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸ਼ਤਾਬਦੀ ਵਿਚ ਇਸ ਨੇ ਕੀ ਯੋਗਦਾਨ ਪਾਇਆ ਹੈ। ਸਗੋਂ ਇਸ ਨੇ ਸ਼ਤਾਬਦੀ ਮਨਾਉਣ ਲਈ ਅੜਿੱਕੇ ਹੀ ਲਾਏ ਹਨ। ਕੇਜਰੀਵਾਲ ਦੱਸੇ ਕਿ ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਤਾਬਦੀ ਮਨਾਉਣ ਲਈ ਕੀ ਯੋਗਦਾਨ ਦਿੱਤਾ। ਕਾਂਗਰਸ ਬਾਰੇ ਗੱਲ ਕਰਦੇ ਹੋਏ ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਬਲਿਊ ਸਟਾਰ ਤੋਂ '84 ਦੇ ਦਿੱਲੀ ਦੰਗਿਆਂ ਤੱਕ ਸਿੱਖ ਨਸਲਕੁਸ਼ੀ ਕਰਨ ਵਾਲੀ ਜਮਾਤ ਹੈ। ਉਨ੍ਹਾਂ ਕਿਹਾ ਕਿ 60 ਸਾਲਾਂ ਦੇ ਕਾਂਗਰਸ ਰਾਜ ਵਿਚ ਹਮੇਸ਼ਾਂ ਹੀ ਪੰਜਾਬ ਨੂੰ ਅਣਗੌਲਿਆਂ ਕੀਤਾ ਗਿਆ ਅਤੇ ਬਾਕੀ ਖ਼ਿੱਤਿਆਂ ਨੂੰ ਫ਼ਾਇਦਾ ਦੇਣ ਲਈ ਪੰਜਾਬ ਦਾ ਨੁਕਸਾਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਵਿਚ ਵੀ ਕਮੀਆਂ ਹਨ ਪਰ ਬਾਕੀ ਪਾਰਟੀਆਂ ਦੇ ਮੁਕਾਬਲੇ ਇਨ੍ਹਾਂ ਦੀ ਸਰਕਾਰ ਨੇ ਪੰਜਾਬ ਦੇ ਹਿਤਾਂ ਲਈ ਜਿਆਦਾ ਉੱਚੀ ਸੋਚ ਨਾਲ ਕੰਮ ਕੀਤੇ ਹਨ। ਉਨ੍ਹਾਂ ਸਮੂਹ ਪੰਜਾਬੀਆਂ ਅਤੇ ਸਿੱਖ ਜਗਤ ਨੂੰ ਬੇਨਤੀ ਕੀਤੀ ਕਿ ਪੰਜਾਬ ਦੀ ਬਿਹਤਰੀ ਲਈ ਅਸੀਂ ਅਕਾਲੀ ਦਲ ਦਾ ਸਾਥ ਜ਼ਰੂਰ ਦੇਈਏ।



# ਅਕਾਲੀ ਦਲ ਦੀ ਹਮਾਇਤ 'ਤੇ ਸੰਤ ਸਮਾਜ ਦੋਫਾੜ

**ਚੰਡੀਗੜ੍ਹ :** ਸੰਤ ਸਮਾਜ ਦੇ ਮੁਖੀ ਹਰਨਾਮ ਸਿੰਘ ਖਾਲਸਾ ਵੱਲੋਂ ਬੀਤੇ ਦਿਨ ਸ਼੍ਰੋਮਣੀ ਅਕਾਲੀ ਦਲ ਨੂੰ ਹਮਾਇਤ ਦੇਣ ਦੇ ਐਲਾਨ ਤੋਂ ਬਾਅਦ ਸੰਤ ਸਮਾਜ ਵਿੱਚ ਬਿਖੇੜਾ ਖੜ੍ਹਾ ਹੋ ਗਿਆ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਨੇ ਸੰਤ ਸਮਾਜ ਦੀਆਂ ਸਾਰੀਆਂ ਜਥੇਬੰਦੀਆਂ ਦੀ ਸਹਿਮਤੀ ਨਾਲ ਇਹ ਫੈਸਲਾ ਨਹੀਂ ਲਿਆ। ਇਸ ਫੈਸਲੇ ਖਿਲਾਫ ਸਭ ਤੋਂ ਵੱਡੀ ਬਗ਼ਾਵਤ ਨਾਨਕਸਰ ਕਲੇਰਾਂ ਵਾਲੀ ਸੰਪਰਦਾ ਨੇ ਕੀਤੀ ਹੈ। ਉਨ੍ਹਾਂ ਨੇ ਸੰਗਤ ਦੇ ਨਾਂ ਅਪੀਲ ਜਾਰੀ ਕਰਕੇ ਕਿਹਾ ਹੈ ਕਿ "ਸੰਤ ਸਮਾਜ ਦੇ ਮੁਖੀ ਵੱਲੋਂ ਸਮੂਹ ਸੰਤ ਸਮਾਜ ਵੱਲੋਂ ਅਕਾਲੀ ਦਲ ਨੂੰ ਹਮਾਇਤ ਦੇ ਫੈਸਲੇ ਨਾਲ ਅਸੀਂ ਸਹਿਮਤ ਨਹੀਂ ਹਾਂ। ਅਸੀਂ ਸਾਰੇ ਸੰਤ ਸਮਾਜ ਤੇ ਦਮਦਮੀ ਟਕਸਾਲ ਸੰਗਰਾਵਾਂ ਵੱਲੋਂ ਸਪਸ਼ਟ ਕਰ ਦੇਣਾ ਚਾਹੁੰਦੇ ਹਾਂ ਕਿ ਸੰਤ ਸਮਾਜ ਤੇ ਦਮਦਮੀ ਟਕਸਾਲ ਨਿਰੋਲ ਧਾਰਮਿਕ ਤੇ ਆਜ਼ਾਦ ਸੰਸਥਾਵਾਂ ਹਨ, ਸਾਡਾ ਕਿਸੇ ਵਿਸ਼ੇਸ਼ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ। ਅਸੀਂ ਧਰਮ ਦੀ ਆਨ-ਬਾਨ-ਸ਼ਾਨ ਤੇ ਸਿਧਾਂਤ ਨਾਲ ਡਟ ਕੇ ਖੜ੍ਹੇ ਹਾਂ ਤੇ ਖੜ੍ਹੇ ਰਹਾਂਗੇ।" ਉਨ੍ਹਾਂ ਕਿਹਾ, "ਵਿਧਾਨ ਸਭਾ ਚੋਣਾਂ ਸਬੰਧੀ ਅਸੀਂ ਸਭ ਨੂੰ ਹਮਾਇਤ ਕਰਦੇ ਹਾਂ ਕਿ ਉਹ ਆਪਣੀ ਮਰਜ਼ੀ ਤੇ ਆਜ਼ਾਦਾਨਾ ਸੋਚ ਨਾਲ, ਆਪਣੀ ਜ਼ਮੀਰ ਦੀ ਆਵਾਜ਼ ਸੁਣ ਕੇ ਤੇ ਸੋਚ-ਸਮਝ ਕੇ ਪੜ੍ਹੇ ਲਿਖੇ ਸੂਝਵਾਨ, ਪੰਜਾਬ ਦਾ ਭਵਿੱਖ ਸੰਵਾਰਨ ਵਾਲੇ ਉਮੀਦਵਾਰਾਂ ਨੂੰ ਵੋਟ ਪਾਉਣ।" ਫੈਸਲੇ ਨਾਲ ਅਸਹਿਮਤੀ ਪ੍ਰਗਟਾਉਣ ਵਾਲੀਆਂ ਜਥੇਬੰਦੀਆਂ ਵਿੱਚ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਵਾਲੇ, ਬਾਬਾ ਰਾਮ ਸਿੰਘ ਦਮਦਮੀ ਟਕਸਾਲ ਸੰਗਰਾਵਾਂ, ਬਾਬਾ ਗੁਰਮੇਲ ਸਿੰਘ ਨਾਨਕਸਰ, ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਬਾਬਾ ਲਖਬੀਰ ਸਿੰਘ ਰਤਵਾੜਾ ਸਾਹਿਬ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਬਾਬਾ ਪਿਆਰਾ ਸਿੰਘ ਜੀ ਨਿਰਮਲੇ ਡੇਰਾ ਬਾਬਾ ਗਾਂਧਾ ਸਿੰਘ ਜੀ ਸ਼ਾਮਲ ਹਨ।

# ਬੀਰ ਦਵਿੰਦਰ ਸਿੰਘ ਵੱਲੋਂ 'ਆਪ' ਦੀ ਹਮਾਇਤ ਦਾ ਐਲਾਨ

**ਪਟਿਆਲਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਨੂੰ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਬੀਰ ਦਵਿੰਦਰ ਸਿੰਘ ਨੇ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ ਹੈ ਤੇ ਇਸੇ ਦੌਰਾਨ ਅਕਾਲੀ ਦਲ ਦੇ ਕਈ ਅਹੁਦੇਦਾਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਬੀਰ ਦਵਿੰਦਰ ਸਿੰਘ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ 'ਤੇ ਗੰਢ-ਤੁਪ ਕਰ ਕੇ ਪੰਜਾਬ ਦਾ ਵੱਡਾ ਨੁਕਸਾਨ ਕਰਨ ਦੇ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਮੰਗ ਮੁਤਾਬਕ ਕਿਤੇ ਵੀ ਪ੍ਰਚਾਰ ਕਰਨ ਲਈ ਤਿਆਰ ਹਨ। 'ਆਪ' ਦੇ ਮੀਤ ਪ੍ਰਧਾਨ ਜੱਸੀ ਜਸਰਾਜ ਅਤੇ ਪਟਿਆਲਾ ਤੋਂ 'ਆਪ' ਉਮੀਦਵਾਰ ਡਾ. ਬਲਬੀਰ ਸਿੰਘ ਸਮੇਤ ਮੀਡੀਆ ਨਾਲ ਗੱਲ ਕਰਦਿਆਂ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਦੋ ਵੱਡੇ ਅਪਰਾਧਿਕ ਕੇਸਾਂ ਨੂੰ ਖ਼ੁਰਦ ਬੁਰਦ ਕਰਾਉਣ ਲਈ ਇੱਕ ਦੂਜੇ ਨਾਲ ਘਿਉ ਖਿਚੜੀ ਹਨ। ਜਿਵੇਂ ਬਾਦਲ ਪਰਿਵਾਰ ਉੱਤੇ ਚੱਲਦਾ ਕੇਸ ਰੱਦ ਹੋਇਆ, ਉਸੇ ਤਰ੍ਹਾਂ ਅਮਰਿੰਦਰ ਸਿੰਘ ਵਿਰੁੱਧ ਦਰਜ ਕੇਸ ਵੀ ਬਾਦਲਾਂ ਨੇ ਰੱਦ ਕਰ ਕੇ ਆਪਣੀ ਦੋਸਤੀ ਪੱਕੀ ਕੀਤੀ ਹੈ।



ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਤੋਂ ਉਨ੍ਹਾਂ ਦੀ ਇੱਕ ਹੀ ਮੰਗ ਹੈ ਕਿ 'ਆਪ' ਦੀ ਸਰਕਾਰ ਬਣਨ 'ਤੇ ਬਾਦਲਾਂ ਅਤੇ ਅਮਰਿੰਦਰ ਵਿਰੁੱਧ ਰੱਦ ਕੀਤੇ ਕੇਸ ਮੁੜ ਖੋਲ੍ਹੇ ਜਾਣ। ਇਨ੍ਹਾਂ ਦੀ ਜਾਂਚ ਵੀ ਸੀਬੀਆਈ ਤੋਂ ਕਰਵਾਈ ਜਾਵੇ। ਇਸ ਮੌਕੇ ਅਕਾਲੀ ਦਲ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ (ਯੂਥ) ਸਰਬਜੀਤ ਚੋਪੜਾ, ਟਕਸਾਲੀ ਅਕਾਲੀ ਆਗੂ ਦਵਿੰਦਰ ਬੀਰ ਨੰਦਾ, ਹਰਵਿੰਦਰ ਕੌਰ ਜੇਜੀਆਂ ਆਪਣੇ ਸਾਥੀਆਂ ਸਮੇਤ 'ਆਪ' ਵਿੱਚ ਸ਼ਾਮਲ ਹੋਏ। ਇਸੇ ਤਰ੍ਹਾਂ ਸਰਬ ਧਰਮ ਸੰਗਮ ਸੰਸਥਾ ਦੇ ਆਗੂ ਡਾ. ਹਰਪਾਲ ਸਿੰਘ ਪੰਨੂ ਨੇ ਵੀ ਆਪਣੇ 40 ਸਾਥੀਆਂ ਸਮੇਤ 'ਆਪ' ਵਿੱਚ ਸ਼ਮੂਲੀਅਤ ਕੀਤੀ।

# 'ਪਦਮਾਵਤੀ' ਫਿਲਮ ਦੀ ਸ਼ੂਟਿੰਗ ਮੌਕੇ ਭੰਸਾਲੀ 'ਤੇ ਹਮਲਾ

**ਜੈਪੁਰ/ਬਿਊਰੋ ਨਿਊਜ਼,** ਸੰਜੇ ਲੀਲਾ ਭੰਸਾਲੀ ਦੀ ਫਿਲਮ 'ਪਦਮਾਵਤੀ', ਦੀ ਇੱਥੇ ਚੱਲ ਰਹੀ ਸ਼ੂਟਿੰਗ ਖ਼ਿਲਾਫ਼ ਅੱਜ ਇੱਥੋਂ ਦੀ ਇੱਕ ਸੰਸਥਾ ਕਰਨੀ ਸੈਨਾ ਦੇ ਕਾਰਕੁਨਾਂ ਨੇ ਰੋਸ ਪ੍ਰਦਰਸ਼ਨ ਦੌਰਾਨ ਭੰਸਾਲੀ 'ਤੇ ਹਮਲਾ ਕਰ ਦਿੱਤਾ। ਇਸ ਤੋਂ ਮਗਰੋਂ ਕਿਲ੍ਹਾ ਜੈਗੜ੍ਹ ਵਿੱਚ ਚੱਲ ਰਹੀ ਫਿਲਮ ਦੀ ਸ਼ੂਟਿੰਗ ਰੁਕਵਾ ਦਿੱਤੀ ਗਈ। ਕਰਨੀ ਸੈਨਾ ਦੇ ਕਾਰਕੁਨ ਵਿਕਰਮ ਸਿੰਘ ਨੇ ਕਿਹਾ ਕਿ ਇਹ ਫਿਲਮ ਰਾਣੀ ਪਦਮਾਵਤੀ ਬਾਰੇ ਗਲਤ ਤੱਥ ਪੇਸ਼ ਕਰ ਰਹੀ ਹੈ। ਨੌਜਵਾਨਾਂ ਨੇ ਜੈਗੜ੍ਹ ਕਿਲੇ ਵਿੱਚ ਲੱਗੇ ਫਿਲਮ ਪਦਮਾਵਤੀ ਦੇ ਸੈੱਟ ਦੀ ਵੀ ਭੰਨਤੋੜ ਕੀਤੀ। ਪੁਲੀਸ ਨੇ ਇਸ ਹਮਲੇ ਦੇ ਦੋਸ਼ ਵਿੱਚ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕਰਨੀ ਸੈਨਾ ਦੇ ਜ਼ਿਲ੍ਹਾ ਪ੍ਰਧਾਨ ਨਰਾਇਣ ਸਿੰਘ ਨੇ ਦੱਸਿਆ ਕਿ ਭੀੜ ਵਿੱਚੋਂ ਕਿਸੇ ਨੇ ਭੰਸਾਲੀ ਦੇ ਕਥਿਤ ਤੌਰ 'ਤੇ ਥੱਪੜ ਮਾਰਿਆ ਅਤੇ ਉਸਦੇ ਗਲਮੇ ਨੂੰ ਹੱਥ ਪਾ ਲਿਆ। ਜੈਪੁਰ ਦੇ ਇੱਕ ਪੁਲੀਸ ਅਧਿਕਾਰੀ ਅਨੁਸਾਰ ਬਾਅਦ ਵਿੱਚ ਦੋਵਾਂ ਧਿਰਾਂ ਦੀ ਸਹਿਮਤੀ ਨਾਲ ਮਾਮਲਾ ਸੁਲਝ ਗਿਆ ਹੈ। ਇਸੇ ਦੌਰਾਨ ਫ਼ਿਲਮਸਾਜ਼ ਕਰਨ ਜੌਹਰ, ਅਨੁਰਾਗ ਕਸ਼ਯਪ, ਮੁਕੇਸ਼ ਭੱਟ, ਰਾਮ ਗੋਪਾਲ ਵਰਮਾ, ਸੋਨਮ ਕਪੂਰ, ਅਸ਼ੋਕ ਪੰਡਿਤ, ਵਿਸ਼ਾਲ ਡਡਲਾਨੀ ਅਤੇ ਹੋਰਾਂ ਨੇ ਇਸ ਹਮਲੇ ਦੀ ਨਿਖੇਧੀ ਕੀਤੀ ਹੈ।



**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ। (ਭਾਗ ਗਿਆਰਵਾਂ)**

# ਰੱਤ ਕਾ ਕੁੰਗੂ

**ਨਸੀਮਾਬਾਦ, ਬੰਬਾ ਰੋਡ, ਦਰਸ਼ਨ ਪੁਰਵਾ**

ਬੰਬਾ ਰੋਡ ਤੇ ਦਰਸ਼ਨ ਪੁਰਵਾ ਪੰਜ ਨੰਬਰ ਗੁਮਟੀ ਜੋ ਸਿੱਖਾਂ ਦੀ ਆਬਾਦੀ ਦਾ ਗੜ੍ਹ ਹੈ, ਉਸ ਦੇ ਨਾਲ ਲਗਦਾ ਇਲਾਕਾ ਹੈ, ਇਸ ਦੇ ਇਕ ਪਾਸੇ ਗੁਮਟੀ ਬਾਜ਼ਾਰ ਅਤੇ ਦੂਜੇ ਪਾਸੇ ਕਾਲਪੀ ਰੋਡ ਹੈ, ਜਿਸ 'ਤੇ ਗਣੇਸ਼ ਫ਼ਲੌਰ ਮਿਲ ਅਤੇ ਸਵਦੇਸ਼ੀ ਕਾਟਨ ਮਿਲ ਹਨ। ਕਾਲਪੀ ਰੋਡ ਤੋਂ ਅੰਦਰ ਵਲ ਆਉਂਦਿਆਂ ਬੈਂਡ ਤੇ ਬੱਤੀਆਂ ਦੀਆਂ ਕਈ ਦੁਕਾਨਾਂ ਨੇ।

ਬੰਬਾ ਰੋਡ ਦੇ ਇਸ ਸਿਰੇ 'ਤੇ ਮੋਚੀਆਂ ਦੀਆਂ ਕਈ ਦੁਕਾਨਾਂ ਨੇ। 31 ਅਕਤੂਬਰ 1984 ਡੇਢ ਵਜੇ ਹੀ ਉਥੇ ਹਮਲਾ ਹੋ ਗਿਆ। ਬਲਵਈ ਸਰਦਾਰਾਂ ਨੂੰ ਕੁੱਟਣ ਤੇ ਦੁਕਾਨਾਂ ਲੁੱਟਣ ਲਗ ਪਏ, ਘਰ 'ਤੇ ਪਥਰਾਅ ਕੀਤਾ ਗਿਆ।

ਪਹਿਲੀ ਨਵੰਬਰ ਸਵੇਰੇ ਛੇ ਵਜੇ ਫਿਰ ਪੱਥਰਬਾਜ਼ੀ ਸ਼ੁਰੂ ਹੋ ਗਈ। ਸਿੱਖਾਂ ਵੀ ਦੋ ਚਾਰ ਪੱਥਰ ਮਾਰੇ, ਪਰ ਹੇਠਾਂ ਪੁਲੀਸ ਖੜੀ ਸੀ। ਉਨਾਂ ਰੋਕਿਆ ਕਿ 'ਪੱਥਰ ਨਾ ਮਾਰੋ, ਤਹਾਨੂੰ ਕੁਝ ਨਹੀਂ ਕਹਿਣਗੇ।' ਸਿੱਖਾਂ ਪੱਥਰ ਮਾਰਨੇ ਬੰਦ ਕਰ ਦਿੱਤੇ ਤੇ ਪਿਛੇ ਹੱਟ ਗਏ। ਇਸ 'ਤੇ ਪੁਲੀਸ ਨੇ ਦੰਗਾਈਆਂ ਦੇ ਨਾਲ ਰਲ ਕੇ ਪਹਿਲਾਂ ਦੁਕਾਨਾਂ, ਆਟਾ ਚੱਕੀ ਦਾ ਸਾਰਾ ਸਾਮਾਨ ਲੁਟਿਆ ਤੇ ਟਾਇਰਾਂ 'ਤੇ ਤੇਲ ਪਾ ਕੇ ਅੱਗ ਲਾ ਦਿੱਤੀ, ਕੁਝ ਸੜਦੇ ਹੋਏ ਟਾਇਰ ਉਪਰ ਘਰ ਵਿਚ ਵੀ ਸੁੱਟੇ ਅਤੇ ਪੈਟਰੋਲ ਬੰਬ ਵੀ ਸੁੱਟੇ ਜਿਨਾਂ ਨਾਲ ਉਪਰ ਘਰ ਵਿਚ ਅੱਗ ਲਗ ਗਈ। ਪਰਵਿੰਦਰ ਸਿੰਘ ਤੇ ਉਨਾਂ ਦੇ ਗੁਆਂਢੀ ਸਿੱਖ ਪਰਿਵਾਰ ਚੌਥੀ ਮੰਜ਼ਲ 'ਤੇ ਚੜ ਗਏ। ਏਨੇ ਨੂੰ ਰਸੋਈ ਵਿਚ ਗੈਸ ਸਿਲੰਡਰ ਫਟਿਆ ਤੇ ਘਰ ਦਾ ਪੂਰਾ ਸਾਮਾਨ, ਛੱਤਾਂ, ਕੰਧਾਂ ਸਭ ਸੜ ਕੇ ਹੇਠਾਂ ਜਾ ਪਈਆਂ। ਇਹ ਸਭ ਲੋਕ ਪੰਦਰਾਂ ਬੱਚਿਆਂ ਨੂੰ ਲਈ ਪੰਜ ਦਿਨ ਚੌਥੀ ਛੱਤ 'ਤੇ ਬਿਨਾਂ ਬਿਸਤਰੇ ਅਤੇ ਖਾਣੇ ਦੇ ਪਏ ਰਹੇ। ਗੁਆਂਢੀਆਂ ਨੇ ਛੱਤਾਂ ਉਤੋਂ ਇਨਾਂ ਲਈ ਰੋਟੀਆਂ ਸੁੱਟੀਆਂ।

ਪਹਿਲੀ ਨਵੰਬਰ ਨੂੰ ਹੀ ਨਸੀਮਾਬਾਦ ਵਿਚ ਵੀ ਸਿੱਖਾਂ ਦੇ ਸਾਰੇ ਘਰ ਲੁੱਟੇ ਗਏ। ਮਰਦਾਂ ਨੂੰ ਬਹੁਤ ਬੁਰੀ ਤਰਾਂ ਕੁਟਿਆ ਗਿਆ। ਉਸੇ ਇਲਾਕੇ ਦੇ ਗੁੰਡੇ ਸਿੱਖਾਂ ਦੇ ਘਰਾਂ ਵਿਚ ਬੂਹੇ ਤੋੜ ਕੇ ਵੜ ਗਏ ਤੇ ਧੀਆਂ ਨੂੰਹਾਂ ਦੀਆਂ ਬੇਇਜ਼ਤੀਆਂ ਕੀਤੀਆਂ। ਕਿਸੇ ਇਕ ਵੀ ਘਰ ਨੂੰ ਬਖ਼ਸ਼ਿਆ ਨਹੀਂ ਗਿਆ। ਇਸੇ ਤਰਾਂ ਇਲਾਕਿਆਂ ਵਿਚ ਬਲਾਤਕਾਰ ਦੀਆਂ ਘਟਨਾਵਾਂ ਹੋਈਆਂ। ਜਿਨਾਂ ਲੋਕਾਂ ਦੇ ਘਰ ਲੁੱਟਣ ਤੋਂ ਬਚ ਗਏ, ਉਨਾਂ ਦੇ ਕੈਂਪਾਂ ਵਿਚ ਜਾਣ ਤੋਂ ਬਾਅਦ ਸਥਾਨਕ ਗੁੰਡਿਆਂ ਨੇ ਲੁੱਟੇ ਤੇ ਘਰਾਂ ਵਿਚ ਸੂਈ ਤੱਕ ਨਹੀਂ ਛੱਡੀ।

ਬੰਬਾ ਰੋਡ 'ਤੇ ਸਿੱਖਾਂ ਦੀਆਂ ਸਭ ਦੁਕਾਨਾਂ, ਹੋਟਲ ਲੁੱਟੇ ਗਏ। ਕੁਆਲਿਟੀ ਸਟੋਰ ਲੁੱਟ ਕੇ ਅੱਗ ਲਾ ਦਿੱਤੀ ਗਈ ਜਿਸ ਦੀ ਪੂਰੀ ਬਿਲਡਿੰਗ ਹਾਲੀ ਤੱਕ ਕਹਾਣੀ ਕਹਿ ਰਹੀ ਹੈ। ਤੀਜੀ ਮੰਜ਼ਿਲ ਤੱਕ ਅੱਗ ਪਹੁੰਚੀ। ਘਰ ਵਾਲਿਆਂ ਗਵਾਂਢੀਆਂ ਦੀ ਮਦਦ ਨਾਲ ਕੋਠੇ ਟੱਪ ਕੇ ਜਾਨ ਬਚਾਈ।

ਛਾਬੜਾ ਇਲੈਕਟਰੀਕਲ ਦਾ ਸ਼ਟਰ ਤੇ ਪ੍ਰੀਤ ਸਾੜੀ ਦਾ ਸ਼ਟਰ ਪੁਲੀਸ ਨੇ ਆਪ ਤੋੜਿਆ ਤੇ ਪੁਲੀਸ ਗੱਡੀ ਵਿਚ ਸਾਮਾਨ ਭਰ ਕੇ ਲਿਜਾਇਆ ਗਿਆ। ਜੁੱਤੀਆਂ ਦੀਆਂ ਦੁਕਾਨਾਂ ਲੁੱਟੀਆਂ ਗਈਆਂ। ਪੁਲੀਸ ਦੇ ਬੰਦੇ ਆਪਣੀ ਪਸੰਦ ਤੇ ਨਾਪ ਦੇ ਲੈ ਕੇ ਬਾਕੀ ਬਲਵਈਆਂ ਨੂੰ ਸੁੱਟਦੇ ਰਹੇ।

ਇਸ ਸਾਰੇ ਇਲਾਕੇ ਨੂੰ ਦਰਸ਼ਨ ਪੁਰਵਾ ਅਤੇ ਕੌਸ਼ਲਪੁਰੀ ਦੇ ਗੁੰਡਿਆਂ ਅਤੇ ਅਹਾਤਿਆਂ ਵਾਲਿਆਂ ਨੇ ਲੁੱਟਿਆ। ਸਭ ਉਥੇ ਦੇ ਰਹਿਣ ਵਾਲੇ ਮੋਚੀ, ਵਾਜਿਆਂ ਵਾਲੇ, ਲਾਟੀਟਾਂ ਵਾਲੇ, ਸਬਜ਼ੀ ਵੇਚਣ ਵਾਲੇ, ਜਮਾਂਦਾਰ ਤੇ ਘਰ ਦਾ ਰੋਜ਼ ਕੰਮ ਕਰਨ ਵਾਲੇ ਮਹਿਰੇ ਮਹਿਰੀਆਂ ਵੀ ਨਾਲ ਸ਼ਾਮਲ ਸਨ।

**ਅਸ਼ੋਕ ਨਗਰ**

ਪੰਜ ਨੰਬਰ ਗੁਮਟੀ ਦੇ ਪਾਰ ਵਿਸ਼ਾਲ ਕੀਰਤਨ ਗੜ ਗੁਰਦੁਆਰਾ ਅਲੀਬੇਗ ਵਾਲੇ ਸੰਤ ਮੋਹਣ ਸਿੰਘ ਜੀ ਦਾ ਡੇਰਾ ਹੈ। ਇਸ ਦੇ ਨਾਲ ਲਗਦਾ ਸਾਰਾ ਇਲਾਕਾ ਅਸ਼ੋਕ ਨਗਰ ਕਹਾਉਂਦਾ ਹੈ। ਸਾਹਮਣੇ ਜੀ.ਟੀ. ਰੋਡ, ਇਕ ਪਾਸੇ ਅੱਸੀ ਫੁੱਟ ਰੋਡ ਪਿਛਲੇ ਪਾਸੇ ਹਰਸ਼ ਨਗਰ ਤੇ ਪੂਰਬੀ ਬਾਹੀ ਵਲ ਕੋਕਾ ਕੋਲਾ ਬਿਲਡਿੰਗ ਤੋਂ ਮੋਤੀ ਝੀਲ ਹੈ। ਇਸ ਇਲਾਕੇ ਵਿਚ ਚੰਗੇ ਖਾਂਦੇ ਪੀਂਦੇ ਲੋਕ ਨੇ। ਮਿਡਲ ਕਲਾਸ ਤੇ ਅਪਰ ਮਿਡਲ ਕਲਾਸ ਲੋਕਾਂ ਨਾਲ ਇਹ ਕਾਲੋਨੀ ਸਾਫ਼ ਸੁਥਰੀ ਵੀ ਹੈ। ਏਥੇ ਆਮ ਤੌਰ 'ਤੇ ਹਿੰਦੂ-ਸਿੱਖਾਂ ਦੀ ਆਬਾਦੀ ਅੱਧੀ ਅੱਧੀ ਹੈ, ਵਿਚ ਵਿਕ ਕੋਈ ਘਰ ਕ੍ਰਿਸਚੀਅਨ ਵੀ ਰਹਿ ਰਹੇ ਨੇ। ਇਸ ਇਲਾਕੇ ਵਿਚ ਸੇਂਟ ਐਗਜ਼ੇਵੀਅਰਜ਼ ਸਕੂਲ ਮੁੰਡਿਆਂ ਲਈ ਅਤੇ ਫ਼ਾਤਮਾ ਕਾਨਵੈਂਟ ਕੁੜੀਆਂ ਲਈ ਬਹੁਤ ਉਤਮ ਮੰਨੇ ਜਾਂਦੇ ਨੇ।

ਪਹਿਲੀ ਨਵੰਬਰ 1984 ਸਵੇਰੇ ਮੌਬ ਪੂਰਬੀ ਬਾਹੀ, ਜਿੱਥੇ ਗੁਰਦੇਵ ਪੈਲੇਸ ਵਾਲਿਆਂ ਦਾ ਮਕਾਨ ਹੈ, ਅੰਦਰ ਦਾਖ਼ਲ ਹੋਣਾ ਚਾਹਿਆ ਤਾਂ ਉਪਰੋਂ ਮਕਾਨ ਤੋਂ ਸਰਦਾਰਾਂ ਨੇ ਫ਼ਾਇਰਿੰਗ ਕੀਤੀ। ਮੌਬ ਕੁਝ ਪਿਛੇ ਹੱਟਿਆ, ਪਰ ਗੁੱਸੇ ਵਿਚ ਆ ਕੇ ਉਨਾਂ ਪੱਥਰ ਮਾਰੇ ਤੇ ਘਰ ਨੂੰ ਅੱਗ ਲਾ ਦਿੱਤੀ। ਇਸ 'ਤੇ ਪੂਰੀ ਗਲੀ ਦੇ ਲੋਕ ਜੋ ਵੀ ਉਨਾਂ ਦੇ ਹੱਥ ਆਇਆ ਲੈ ਕੇ ਨਿਕਲੇ ਤੇ ਭੀੜ ਨੂੰ ਲਲਕਾਰਿਆ, ਤਾਂ ਸਭ ਦੰਗਾਈ ਨੱਸ ਗਏ।




ਸ਼ਾਮੀ ਤਿੰਨ ਵਜੇ ਦੇ ਕਰੀਬ ਅਸ਼ੋਕ ਨਗਰ ਦੇ ਪਤਵੰਤਿਆਂ ਨੇ ਫੈਸਲਾ ਕੀਤਾ ਕਿ ਸ਼ਾਂਤੀ ਮਾਰਚ ਕਰਨਾ ਚਾਹੀਦਾ ਹੈ ਤਾਂ ਕਿ ਪੂਰੀ ਕਾਲੋਨੀ ਵਿਚ ਏਕਾ ਬਣਿਆ ਰਹੇ ਤੇ ਬਾਹਰੋਂ ਆ ਕੇ ਕੋਈ ਤੋੜ ਭੰਨ ਨਾ ਕਰ ਸਕੇ। ਸੋ ਸ਼ਾਮੀ ਚਾਰ ਵਜੇ ਦੇ ਕਰੀਬ ਜਦੋਂ ਇਹ ਹਾਲੀ ਬੰਦੇ ਇਕੱਠੇ ਹੀ ਕਰ ਰਹੇ ਸਨ, ਰਾਮ ਸਿੰਘ ਚੱਢਾ ਦੇ ਦੋਵੇਂ ਪੁੱਤਰ ਅਮੋਲਕ ਸਿੰਘ ਤੇ ਗੁਰਚਰਨ ਸਿੰਘ ਹੋਰ ਹਿੰਦੂ ਸਾਥੀਆਂ ਨੂੰ ਘਰੋਂ ਆਵਾਜ਼ਾਂ ਮਾਰ ਮਾਰ ਕੇ ਬਾਹਰ ਸੜਕ 'ਤੇ ਬੁਲਾ ਰਹੇ ਸਨ ਕਿ ਸੇਂਟ ਐਗਜ਼ੇਵੀਅਰ ਦੇ ਕੋਲ ਡਾਕਖ਼ਾਨੇ ਵਾਲੇ ਪਾਸਿਓਂ ਭੀੜ ਪ੍ਰਗਟ ਹੋਈ। ਇਹ ਲੋਕ ਸੁੱਚਾ ਸਿੰਘ ਹਲਵਾਈ ਦੀ ਦੁਕਾਨ ਦੇ ਸਾਹਮਣੇ ਚੌਰਾਹੇ 'ਤੇ ਖੜੇ ਸਨ ਕਿ ਚੌਰਾਹੇ ਦੇ ਨੇੜੇ ਹੀ ਤਿਵਾਰੀ ਦੇ ਕੋਠੇ ਤੋਂ ਪੱਥਰ ਆਉਣੇ ਸ਼ੁਰੂ ਹੋ ਗਏ, ਅਮਲੋਕ ਸਿੰਘ ਨੂੰ ਪੱਥਰ ਲਗਾ ਤੇ ਉਹ ਡਿੱਗ ਪਿਆ, ਭੀੜ ਨੇ ਵੀ ਪੱਥਰ ਚਲਾਉਣੇ ਸ਼ੁਰੂ ਕਰ ਦਿੱਤੇ। ਸਭ ਲੋਕ ਜੋ ਸ਼ਾਂਤੀ ਮਾਰਚ ਲਈ ਇਕੱਠੇ ਹੋਏ ਸਨ, ਨਾਲ ਲਗਦੇ ਘਰਾਂ ਵਿਚ ਨਸ ਗਏ। ਗੁਰਚਰਨ ਸਿੰਘ ਜਦੋਂ ਆਪਣੇ ਘਰ ਵਲ ਨੱਸ ਰਿਹਾ ਸੀ ਤਾਂ ਕਿਸੇ ਦੱਸਿਆ ਕਿ ਇਕ ਸਰਦਾਰ ਚੌਰਾਹੇ ਵਿਚ ਜ਼ਖਮੀ ਹੋ ਕੇ ਡਿੱਗ ਪਿਆ ਹੈ। ਉਹ ਵਾਪਸ ਵੇਖਣ ਲਈ ਨੱਸਿਆ ਤਾਂ ਭਰਾ ਨੂੰ ਬੇਹੋਸ਼ ਡਿੱਗਾ ਵੇਖ ਕੇ ਉਸ ਨੂੰ ਘਰ ਲਿਜਾਉਣ ਲਈ ਚੁੱਕਣ ਲੱਗਾ ਤਾਂ ਭੀੜ ਨੇ ਘੇਰ ਕੇ ਪੱਥਰ ਵਰਾਉਣੇ ਸ਼ੁਰੂ ਕਰ ਦਿੱਤੇ। ਉਨਾਂ ਦੇ ਘਰ ਵਾਲਿਆਂ ਦੇ ਪਹੁੰਚਣ ਤੱਕ ਸੜਕ ਖ਼ੂਨ ਨਾਲ ਲਾਲ ਹੋਈ ਗਈ। ਰਾਮ ਸਿੰਘ ਤੇ ਅਮੋਲਕ ਸਿੰਘ ਦੀ ਪਤਨੀ ਨੇ ਬਚਾਉਣ ਦੀ ਕੋਸ਼ਿਸ਼ ਕੀਤੀ, ਪਰ ਪੱਥਰ ਮੀਂਹ ਵਾਂਗ ਵਜ ਰਹੇ ਸਨ ਜੋ ਉਨਾਂ ਨੂੰ ਵੀ ਲੱਗੇ। ਉਹ ਥੋੜੀ ਦੂਰ ਖਲੋਤੇ ਇਕ ਪੁਲਸੀਏ ਨੂੰ ਬੜੀ ਮੁਸ਼ਕਲ ਨਾਲ ਖਿੱਚ ਕੇ ਲਿਆਈ ਕਿ ਮੇਰੇ ਪਤੀ ਤੇ ਦਿਉਰ ਨੂੰ ਬਚਾ ਲੈ... ਪਰ ਉਸ ਦੇ ਆਉਣ ਤੱਕ ਗੁੰਡਿਆਂ ਨੇ ਕੋਲ ਪਏ ਟਾਇਰ ਤੇ ਰੇੜੀ ਉਨਾਂ ਦੋਹਾਂ ਭਰਾਵਾਂ 'ਤੇ ਸੁੱਟ ਕੇ ਮਿੱਟੀ ਦਾ ਤੇਲ ਪਾਇਆ ਤੇ ਅੱਗ ਲਾ ਦਿੱਤੀ। ਪੁਲੀਸ ਵਾਲੇ ਨੇ ਕੋਈ ਮਦਦ ਨਹੀਂ ਕੀਤੀ ਸਗੋਂ ਕਿਹਾ ਕਿ "ਹੁਣ ਬਚਾ ਕੇ ਕੀ ਕਰਨਾ ਹੈ, ਤੂੰ ਘਰ ਦੌੜ ਜਾ ਨਹੀਂ ਤਾਂ ਤੈਨੂੰ ਵੀ ਸਾੜ ਦੇਣਗੇ।" ਉਸ ਵੇਲੇ ਆਰਮੀ ਦੀਆਂ ਗੱਡੀਆਂ ਵੀ ਲੰਘ ਰਹੀਆਂ ਸਨ। ਇਕ ਗੱਡੀ ਆ ਕੇ ਦੋ ਮਿੰਟ ਲਈ ਰੁਕੀ ਵੀ, ਪਰ ਇਹ ਕਹਿ ਕੇ ਕਿ "ਹੁਣ ਅੱਗ ਵਿਚੋਂ ਕੱਢ ਕੇ ਕੀ ਕਰੋਗੇ".. ਅੱਗੇ ਚਲੀ ਗਈ।


**ਤਾਰਨ ਗੁਜਰਾਲ**
ਫ਼ੋਨ 98557-19660

ਗੁਰਚਰਨ ਸਿੰਘ ਦੀ ਮੰਗਣੀ ਹੋਈ ਹੋਈ ਸੀ ਤੇ ਨਵੰਬਰ ਵਿਚ ਉਹਦਾ ਵਿਆਹ ਸੀ। ਅਮੋਲਕ ਸਿੰਘ ਦਾ ਛੋਟਾ ਪੁੱਤਰ ਜੋ ਬਾਪ ਤੋਂ ਬਿਨਾਂ ਇਕ ਦਿਨ ਨਹੀਂ ਸੀ ਰਹਿੰਦਾ, ਉਸ ਨੂੰ ਹਾਲੀ ਤਕ ਪਿਤਾ ਦੇ ਮਰਨ ਦਾ ਪਤਾ ਨਹੀਂ ਸੀ। ਉਹ ਰੋਜ਼ ਉਸ ਨੂੰ ਉਡੀਕਦਾ ਹੈ... ਆਪਣੇ ਖਿਡੌਣੇ ਤੇ ਖਾਣ ਦੀਆਂ ਚੀਜ਼ਾਂ ਵਿਚੋਂ ਉਹਦਾ ਹਿੱਸਾ ਵਖਰਾ ਸਾਂਭ ਕੇ ਰਖਦਾ ਹੈ... ਉਸ ਨੂੰ ਦਸਿਆ ਗਿਆ ਹੈ ਕਿ ਡੈਡੀ ਹਸਪਤਾਲ ਬਿਮਾਰ ਨੇ।

"ਸਾਡੇ ਲਈ ਤਾਂ ਇਹ ਚੌਰਾਹਾ ਹੀ ਸ਼ਮਸ਼ਾਨਘਾਟ ਬਣ ਗਿਆ ਹੈ। ਉਨਾਂ ਦੇ ਸਸਕਾਰ ਦੀ ਥਾਂ ਤੇ ਲੋਕਾਂ ਨੂੰ ਪੈਰ ਰਖਕੇ ਲੰਘਦਿਆਂ ਵੇਖਦੀ ਹਾਂ ਤੇ ਮੇਰੇ ਅੰਦਰ ਵੀ ਇਕ ਸ਼ਮਸ਼ਾਨ ਮੱਚ ਉਠਦਾ ਹੈ।" ਅਮੋਲਕ ਸਿੰਘ ਦੀ ਪਤਨੀ ਕਹਿੰਦੀ ਹੈ।

**ਗਡਰੀਅਨ ਪੁਰਵਾ**

ਗਡਰੀਅਨ ਪੁਰਵਾ ਮੋਟਰ ਟਰੱਕ ਪਾਰਟਸ ਦੀ ਬਹੁਤ ਵੱਡੀ ਮਾਰਕੀਟ ਹੈ। ਇਸ ਵਿਚ ਬਹੁਤ ਸਾਰੇ ਕਾਰਖ਼ਾਨੇ ਵੀ ਨੇ ਜਿਹੜੇ ਮੋਟਰ ਲਾਈਨ ਨਾਲ ਤਾਅੱਲੁਕ ਰਖਦੇ ਨੇ। ਹੇਠਾਂ ਕਾਰਖਾਨੇ ਤੇ ਉਪਰ ਲੋਕਾਂ ਆਪਣੀ ਰਿਹਾਇਸ਼ ਰੱਖੀ ਹੋਈ ਹੈ। ਇਹ ਸ਼ਹਿਰ ਦਾ ਬਹੁਤ ਸੰਘਣੀ ਆਬਾਦੀ ਤੇ ਰੌਣਕ ਵਾਲਾ ਹਿੱਸਾ ਹੈ ਜਿੱਥੇ ਹਰ ਵੇਲੇ ਟਰੱਕਾਂ ਦੀ ਆਵਾਜਾਈ ਲੱਗੀ ਰਹਿੰਦੀ ਹੈ।

31 ਅਕਤੂਬਰ 1984 ਨੂੰ ਸ਼ਾਮ ਤੋਂ ਉਥੇ ਦੋ ਲੋਕਲ ਅਤੇ ਦਰਸ਼ਨ ਪੁਰਵਾ ਦੇ ਗੁੰਡਿਆਂ ਨੇ ਸਿੱਖਾਂ ਦੇ ਘਰਾਂ ਅਤੇ ਕਾਰਖ਼ਾਨਿਆਂ 'ਤੇ ਪਥਰਾਅ ਸ਼ੁਰੂ ਕਰ ਦਿੱਤਾ। ਰਾਤੀਂ ਕਈ ਦੁਕਾਨਾਂ ਸਾੜ ਦਿੱਤੀਆਂ। ਪਹਿਲੀ ਤਾਰੀਖ਼ ਸਾਰਾ ਦਿਨ ਭਿਆਨਕ ਲੁੱਟ ਤੇ ਤੋੜਫੋੜ ਹੁੰਦੀ ਰਹੀ ਤੇ ਸਾਰੀ ਗੁਰੂ ਨਾਨਕ ਮਾਰਕੀਟ ਵਿਚੋਂ ਸਿੱਖਾਂ ਦੀਆਂ ਦੁਕਾਨਾਂ ਚੁਣ ਚੁਣ ਕੇ ਅੱਗਾਂ ਲਾ ਦਿੱਤੀਆਂ।

ਛਤਰਪਾਲ ਸਿੰਘ ਨਾਗੀ ਆਪਣੇ ਪਰਿਵਾਰ ਨਾਲ ਏਸੇ ਇਲਾਕੇ ਵਿਚ ਰਹਿੰਦੇ ਸਨ। ਹੇਠਾਂ ਉਨਾਂ ਦਾ ਬਹੁਤ ਵੱਡਾ ਕਾਰਖ਼ਾਨਾ ਸੀ ਜਿਸ ਦੇ ਕਾਫ਼ੀ ਭਾਰੀ ਲੋਹੇ ਦੇ ਗੇਟ ਸਨ। 31 ਅਕਤੂਬਰ ਨੂੰ ਫੈਕਟਰੀ ਬੰਦ ਹੋਣ ਪਿੱਛੋਂ ਭੀੜ ਆਈ ਤੇ ਪਥਰਾਅ ਕਰਕੇ ਚਲੀ ਗਈ। ਇਕ ਨਵੰਬਰ ਸਵੇਰੇ ਫਿਰ ਬਹੁਤ ਵੱਡਾ ਹਜ਼ੂਮ ਲੁੱਟਮਾਰ ਕਰਦਾ ਆਇਆ। ਪਹਿਲਾਂ ਉਨਾਂ ਹੇਠਲੀਆਂ ਦੋਵੇਂ ਦੁਕਾਨਾਂ ਲੁੱਟੀਆਂ ਤੇ ਸਕੂਟਰ ਸਾੜੇ। ਹੇਠਲਾ ਗੇਟ ਤੋੜ ਦਿੱਤਾ। ਉਨਾਂ ਕਾਰਖ਼ਾਨੇ ਵਿਚ ਅੱਗ ਲਾਈ, ਪਰ ਬਹੁਤਾ ਸਾਮਾਨ ਲੋਹਾ ਹੀ ਸੀ। ਉਪਰ ਆਉਣਾ ਚਾਹ ਰਹੇ ਸਨ ਪਰ ਉਪਰਲਾ ਗੇਟ ਤੇ ਚੈਨਲ ਨਹੀਂ ਤੋੜ ਸਕੇ। ਪਹਿਲਾਂ ਉਹ ਬਾਹਰੋਂ ਗਾਲਾਂ ਕੱਢਦੇ ਤੇ ਨਾਅਰੇ ਮਾਰਦੇ ਰਹੇ ਫਿਰ ਨਾਲ ਦੇ ਕੋਠੇ 'ਤੇ ਚੜ ਕੇ ਛਤਰਪਾਲ ਸਿੰਘ ਹੁਰਾਂ ਦੀਆਂ ਪੌੜੀਆਂ ਦੀ ਕੰਧ ਤੋੜ ਦਿੱਤੀ ਤੇ ਦੂਸਰੀ ਤੇ ਪਹਿਲੀ ਮੰਜ਼ਲ ਨੂੰ ਚੰਗੀ ਤਰਾਂ ਲੁੱਟਿਆ, ਫਰਨੀਚਰ ਤੇ ਸ਼ੀਸ਼ੇ ਤੋੜ ਦਿੱਤੇ ਤੇ ਟਾਇਰ ਬਾਲ ਬਾਲ ਕੇ ਕਮਰਿਆਂ ਵਿਚ ਅੱਗ ਲਾ ਦਿੱਤੀ। ਘਰ ਵਿਚ ਛਤਰਪਾਲ ਸਿੰਘ, ਉਨਾਂ ਦੀ ਪਤਨੀ ਅਵਤਾਰ ਕੌਰ, ਪੁੱਤਰ ਕੁਲਜੀਤ ਸਿੰਘ ਤੇ ਅਜੀਤ ਸਿੰਘ, ਜੁਆਈ ਹਰਸੇਵਾ ਸਿੰਘ ਗਾਂਧੀ, ਅਵਤਾਰ ਕੌਰ ਦੀ ਭਾਬੀ ਅਮਰਜੀਤ ਕੌਰ ਮਾਨਕ ਜੋ ਕੈਨੇਡਾ ਤੋਂ ਆਪਣੇ ਤਿੰਨ ਸਾਲ ਦੇ ਬੱਚੇ ਨੂੰ ਲੈ ਕੇ ਹਿੰਦੂਸਤਾਨ ਰਿਸ਼ਤੇਦਾਰਾਂ ਨੂੰ ਮਿਲਣ ਆਈ ਹੋਈ ਸੀ ਅਤੇ ਛਤਰਪਾਲ ਸਿੰਘ ਦੀ 13-14 ਸਾਲਾਂ ਦੀ ਨੌਵੀਂ ਜਮਾਤ ਵਿਚ ਪੜਦੀ ਬੇਟੀ ਅੰਮ੍ਰਿਤ ਕੌਰ, ਸਨ।

ਬਲਵਈਆਂ ਨੇ ਸਾਰੇ ਟੱਬਰ ਨੂੰ ਲਾਈਨ ਵਿਚ ਖੜਾ ਕੀਤਾ। ਕਹਿਣ ਲੱਗੇ ਕਿ ਸਿਰਫ਼ ਲੁੱਟਾਂਗੇ, ਤੁਹਾਡੀ ਜਾਨ ਨੂੰ ਕੁਝ ਨਹੀਂ ਕਹਾਂਗੇ। ਸਾਰੇ ਚੁੱਪ-ਚਾਪ ਖੜੇ ਰਹੇ। ਉਨਾਂ ਦੇ ਮੋਹਰੀ ਬੰਦਿਆਂ ਨੇ ਸਭ ਦੇ ਜੇਬ ਫਰੋਲ ਕੇ ਜੋ ਪੈਸਾ ਧੇਲਾ ਸੀ ਸਭ ਕੱਢ ਕੇ ਘੜੀਆਂ ਅੰਗੂਠੀਆਂ ਉਤਰਵਾ ਲਈਆਂ। ਜੇਬਾਂ ਖਿੱਚ ਲਈਆਂ ਤੇ ਇੱਟਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਛਤਰਪਾਲ ਸਿੰਘ ਜ਼ਖ਼ਮੀ ਹੋ ਗਏ ਤਾਂ ਕੁਲਜੀਤ ਸਿੰਘ ਤੇ ਹਰਸੇਵਕ ਸਿੰਘ ਨੇ ਕਿਰਪਾਨਾਂ ਕੱਢ ਲਈਆਂ ਤੇ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਿਰਪਾਨਾਂ ਜੰਗ ਖਾਧੀਆਂ ਸਨ, ਫਿਰ ਵੀ ਉਨਾਂ ਬਲਵਈਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਛਤਰਪਾਲ ਸਿੰਘ ਤੇ ਉਨਾਂ ਦੀ ਪਤਨੀ ਨੇ ਗੁਸਲਖਾਨੇ ਵਿਚ ਜਾ ਕੇ ਅੰਦਰੋਂ ਕੁੰਡੀ ਮਾਰ ਲਈ। ਅਮਰਜੀਤ ਮਾਨਕ ਤੇ ਅੰਮ੍ਰਿਤ ਦੂਜੇ ਗੁਸਲਖ਼ਾਨੇ ਵਿਚ ਸਨ, ਜਿਸ ਦੀ ਕੁੰਡੀ ਵੀ ਹਾਲੀ ਨਹੀਂ ਸੀ ਲਗੀ ਹੋਈ। ਬਲਵਈਆਂ ਨੇ ਬਾਥਰੂਮ ਦੇ ਸ਼ੀਸ਼ੇ ਤੋੜ ਕੇ ਅੰਦਰ ਬਲਦੇ ਟਾਇਰ ਸੁੱਟੇ। ਜਿਸ ਨਾਲ ਛਤਰਪਾਲ ਸਿੰਘ ਤੇ ਉਨਾਂ ਦੀ ਪਤਨੀ ਅੱਗ ਦੀ ਭੇਟ ਹੋ ਗਏ। ਪਤਨੀ ਦੀ ਚੀਕ ਸੁਣ ਕੇ ਤੇ ਸੜਦੇ ਕਮਰਿਆਂ ਦੇ ਧੂੰਏਂ ਤੋਂ ਘਬਰਾ ਕੇ ਦੋਵੇਂ ਕੁੜੀਆਂ ਬਾਹਰ ਨਿਕਲੀਆਂ ਤਾਂ ਵੇਖਿਆ ਕਿ ਛਤਰਪਾਲ ਸਿੰਘ ਤੇ ਅਵਤਾਰ ਕੌਰ ਸੜ ਰਹੇ ਸਨ।

ਕੁਲਜੀਤ ਸਿੰਘ ਤੇ ਹਰਸੇਵਾ ਸਿੰਘ ਤੀਸਰੀ ਮੰਜ਼ਿਲ 'ਤੇ ਲੜ ਰਹੇ ਸਨ, ਪਰ ਦੂਜੇ ਪਾਸੇ ਬਹੁਤੇ ਬੰਦੇ ਹੋਣ ਕਰਕੇ ਉਨਾਂ ਗ਼ਲਬਾ ਪਾ ਲਿਆ ਤੇ ਅੱਧਾ ਘੰਟਾ ਉਹ ਲਾਠੀਆਂ ਨਾਲ ਉਨਾਂ ਦੋਹਾਂ ਨੂੰ ਕੁੱਟਦੇ ਰਹੇ। ਫਿਰ ਉਨਾਂ ਦੀਆਂ ਲਾਸ਼ਾਂ ਤੀਜੀ ਮੰਜ਼ਲ ਤੋਂ ਥੱਲੇ ਸੜਕ 'ਤੇ ਸੁੱਟ ਦਿੱਤੀਆਂ। ਛੋਟਾ ਲੜਕਾ ਅਜੀਤ ਜੋ 14 ਸਾਲ ਦਾ ਸੀ ਬਹੁਤ ਖ਼ੂਬਸੂਰਤ, ਆਲਾ ਦਰਜੇ ਦਾ ਮੁਸੱਵਰ ਅਤੇ ਬਹੁਤ ਸੋਹਣਾ ਗਾਉਂਦਾ ਵੀ ਸੀ, ਨੂੰ ਵੀ ਉਨਾਂ ਜ਼ਾਲਮਾਂ ਕੁੱਟ ਕੁੱਟ ਕੇ ਮਾਰ ਦਿੱਤਾ ਤੇ ਹੇਠਾਂ ਸੜਕ 'ਤੇ ਸੁੱਟ ਦਿੱਤਾ।

ਅਮਰਜੀਤ ਮਾਨਕ ਦੀ ਦੁਰਦਸ਼ਾ ਕਰਕੇ ਉਸ ਨੂੰ ਵੀ ਤੀਜੀ ਮੰਜ਼ਲ ਤੋਂ ਸੜਕ 'ਤੇ ਸੁੱਟ ਦਿੱਤਾ। ਇਸ ਭਿਆਨਕ ਕਾਂਡ ਨੂੰ ਸਹਿ ਨਾ ਸਕਦਿਆਂ ਅੰਮ੍ਰਿਤ ਨੇ ਆਪ ਹੀ ਤੀਜੀ ਮੰਜ਼ਲ ਤੋਂ ਹੇਠਾਂ ਛਾਲ ਮਾਰ ਦਿੱਤੀ। ਕੁਝ ਦੂਰੀ 'ਤੇ ਅੱਗ ਬਲ ਰਹੀ ਸੀ ਤੇ ਭਈਏ ਕੋਲ ਬੈਠੇ ਸਨ। ਉਹ ਉਸ ਨੂੰ ਚੁੱਕ ਕੇ ਵਿਚ ਸੁੱਟਣ ਹੀ ਲੱਗੇ ਸਨ ਕਿ ਆਰਮੀ ਆ ਗਈ। ਅੰਮ੍ਰਿਤ ਦੀ ਲੱਤ ਟੁੱਟ ਚੁੱਕੀ ਸੀ। ਉਸ ਨੂੰ ਹੈਲੇਟ ਹਸਪਤਾਲ ਭਰਤੀ ਕਰਾਇਆ ਗਿਆ। ਤਿੰਨ ਸਾਲ ਦਾ ਛੋਟਾ ਬੱਚਾ ਸਹਿਮ ਕੇ ਰੇਲਿੰਗ ਨਾਲ ਲਗਾ ਪਿਆ ਰਿਹਾ। ਬਾਅਦ ਵਿਚ ਆਰਮੀ ਨੇ ਉਸ ਨੂੰ ਉਪਰ ਰੋਂਦਿਆਂ ਵੇਖਿਆ ਤਾਂ ਗੁਰਦੁਆਰੇ ਪਹੁੰਚਾਇਆ। ਬੱਚੇ ਨੂੰ ਉਸ ਦਾ ਬਾਪ ਕੈਨੇਡਾ ਲੈ ਗਿਆ ਹੈ। ਅੰਮ੍ਰਿਤ ਇਸ ਦੁਨੀਆ ਵਿਚ ਇਕੱਲੀ ਤੇ ਅਨਾਥ ਹੈ। ਉਹ ਆਪਣੀ ਇਕ ਸਾਲ ਵਿਆਹੀ ਵਿਧਵਾ ਭੈਣ ਦੇ ਸਹੁਰੇ ਘਰ ਰਹਿ ਰਹੀ ਹੈ।

ਗਡਰੀਅਨ ਪੁਰਵਾ ਵਿਚ ਸੱਤ ਕਤਲ ਹੋਏ। ਸਭ ਬੰਦੇ ਸਾੜ ਦਿੱਤੇ ਗਏ ਤੇ ਨਿਸ਼ਾਨ ਤਕ ਬਾਕੀ ਨਹੀਂ ਛੱਡਿਆ ਗਿਆ। ਬਹੁਤ ਸਾਰੇ ਲੋਕਾਂ ਨੇ ਘਰੋਂ ਦੌੜ ਕੇ ਦੂਜੀਆਂ ਫੈਕਟਰੀਆਂ ਜਾਂ ਹਿੰਦੂਆਂ ਦੇ ਘਰਾਂ ਵਿਚ ਲੁਕ ਕੇ ਜਾਨਾਂ ਬਚਾਈਆਂ। ਕਰੋੜਾਂ ਰੁਪਿਆਂ ਦਾ ਨੁਕਸਾਨ ਸਿਰਫ਼ ਇਸ ਇਕੋ ਮਾਰਕੀਟ ਵਿਚ ਹੋਇਆ।

**ਨਵੀਨ ਮਾਰਕੀਟ**

ਨਵੀਨ ਮਾਰਕੀਟ ਕਾਨਪੁਰ ਦਾ ਸਭ ਤੋਂ ਖ਼ੂਬਸੂਰਤ ਸ਼ਾਪਿੰਗ ਸੈਂਟਰ ਹੈ, ਜਿਥੇ ਲਗਭਗ ਹਰ ਤਰਾਂ ਦਾ ਸਾਮਾਨ ਮਿਲਦਾ ਹੈ। ਇਸ ਦੇ ਹੇਠਾਂ ਦੁਕਾਨਾਂ ਤੇ ਉਤੇ ਰਿਹਾਇਸ਼ੀ ਫ਼ਲੈਟ ਨੇ। ਕੁਝ ਫ਼ਲੈਟਾਂ ਵਿਚ ਦਫ਼ਤਰ ਵੀ ਨੇ, ਇਸ ਲਈ ਆਬਾਦੀ ਬਹੁਤੀ ਨਹੀਂ ਹੈ।

31 ਅਕਤੂਬਰ ਸ਼ਾਮ ਤੱਕ ਵਾਤਾਵਰਣ ਖ਼ਾਮੋਸ਼ ਸੀ ਕਿਉਂਕਿ ਲੋਕੀ ਛੇਤੀ ਦੁਕਾਨਾਂ ਬੰਦ ਕਰਕੇ ਘਰਾਂ ਨੂੰ ਚਲੇ ਗਏ ਸਨ। ਇਕ ਨਵੰਬਰ ਛੁੱਟੀ ਐਲਾਨੀ ਗਈ ਸੀ। ਸਵੇਰੇ ਬਾਰਾਂ ਵਜੇ ਨਵੀਨ ਮਾਰਕੀਟ ਨਿਵਾਸੀਆਂ ਨੇ ਰੌਲੇ ਦੀ ਆਵਾਜ਼ ਸੁਣੀ। ਲਗਭਗ 150 ਲੋਕਾਂ ਦੀ ਭੀੜ, ਜਿਸ ਵਿਚ 12 ਤੋਂ 24 ਸਾਲ ਦੀ ਉਮਰ ਦੇ ਨੌਜਵਾਨ ਸਨ, ਮਿਉਰ ਮਿਲ ਵਾਲੀ ਸੜਕ ਤੋਂ ਨਵੀਨ ਮਾਰਕੀਟ ਵਿਚ ਦਾਖ਼ਲ ਹੋਈ। ਇਸ ਤੋਂ ਪਹਿਲਾਂ ਇਸ ਭੀੜ ਨੇ ਜੀ.ਐਨ.ਕੇ. ਕਾਲਜ ਦੇ ਚੌਰਾਹੇ 'ਤੇ ਵਾਕਿਆ ਮਹਿੰਦਰ ਸਿੰਘ ਆਨੰਦ ਦੇ ਮਕਾਨ ਤੋਂ ਚੇਤਨਾ ਰੈਸਟੋਰੈਂਟ ਵਿਚ ਲੁੱਟਮਾਰ ਕੀਤੀ ਤੇ ਅੱਗ ਲਾ ਦਿੱਤੀ। ਚੌਕੀ ਇੰਚਾਰਜ ਰਾਜਪਾਲ ਨੇ ਆਪਣੀ ਥੋੜੀ ਜਿਹੀ ਪੁਲੀਸ ਫੋਰਸ ਨਾਲ ਪਹਿਲੇ ਹੱਲੇ ਆਈ ਭੀੜ ਨੂੰ ਤਿਤਰ ਬਿਤਰ ਕਰ ਦਿੱਤਾ।

ਥੋੜੀ ਦੇਰ ਬਾਅਦ ਹੋਰ ਬਹੁਤੇ ਬਲਵਈ ਇਕੱਠੇ ਹੋ ਕੇ ਆਏ ਤੇ ਇਸ ਵਾਰ ਪਰੇਡ ਵੱਲੋਂ ਦੋ ਦਲਾਂ ਵਿਚ ਵੰਡ ਕੇ ਨਵੀਨ

ਬਾਕੀ ਸਫ਼ਾ 32 'ਤੇ

# ਸ਼ਰਨਾਰਥੀਆਂ ਤੇ ਮੁਸਲਮਾਨਾਂ ’ਤੇ ਪਾਬੰਦੀ ਦੇ ਫੈਸਲੇ ਦੀ ਚੌਤਰਫ਼ਾ ਨਿੰਦਾ ਪਰ ਟਰੰਪ ਅੜੇ

**• ਨਿੰਦਾ ਕਰਨ ਵਾਲੀ ਅਟਾਰਨੀ ਜਨਰਲ ਸੈਲੀ ਯੇਟਸ ਨੂੰ ਕੀਤਾ ਬਰਖ਼ਾਸਤ • ਟਰੰਪ ਦੇ ਫ਼ੈਸਲੇ ਖ਼ਿਲਾਫ਼ ਦੁਨੀਆ ਭਰ ਦੇ ਲੋਕ ਸੜਕਾਂ ’ਤੇ ਆਏ**

## ਓਬਾਮਾ ਬੋਲੇ-ਅਮਰੀਕੀ ਕਦਰਾਂ-ਕੀਮਤਾਂ ਦਾਅ ’ਤੇ ਲਗਦੀਆਂ ਹਨ, ਤਾਂ ਵਧਦੀ ਹੈ ਬੇਚੈਨੀ

**ਨਿਊ ਯਾਰਕ/ਬਿਊਰੋ ਨਿਊਜ਼ :** ਸ਼ਰਨਾਰਥੀਆਂ ਅਤੇ ਸਤ ਮੁੱਖ ਮੁਸਲਿਮ ਦੇਸ਼ਾਂ ਦੇ ਲੋਕਾਂ ਨੂੰ ਅਮਰੀਕਾ ਆਉਣ ਤੋਂ ਰੋਕਣ ਦੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਫੈਸਲੇ ਦੀ ਕੌਮਾਂਤਰੀ ਪੱਧਰ ’ਤੇ ਨਿੰਦਾ ਹੋ ਰਹੀ ਹੈ। ਅਮਰੀਕਾ ਅੰਦਰ ਵੀ ਉਨ੍ਹਾਂ ਦੇ ਇਸ ਫ਼ੈਸਲੇ ਨੂੰ ਲੈ ਕੇ ਕਈ ਹਲਕਿਆਂ ਵਿਚ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। ਪਰ ਟਰੰਪ ਪ੍ਰਸ਼ਾਸਨ ਆਪਣੇ ਫੈਸਲੇ ’ਤੇ ਅੜਿਆ ਹੋਇਆ ਹੈ। ਇਸ ਫ਼ੈਸਲੇ ਤੋਂ ਬਾਅਦ ਵਿਰੋਧ ਵੀ ਵਧੇ ਹਨ ਤੇ ਨਿੰਦਾ ਕਰਨ ਵਾਲਿਆਂ ਦੀ ਸੰਖਿਆ ਵੀ ਵਧੀ ਹੈ। ਇਸੇ ਦੌਰਾਨ ਟਰੰਪ ਨੇ ਉਨ੍ਹਾਂ ਦੇ ਕਾਰਜਕਾਰੀ ਆਦੇਸ਼ਾਂ ਦੀ ਨਿੰਦਾ ਕਰਨ ਵਾਲੀ ਕਾਰਜਕਾਰੀ ਅਟਾਰਨੀ ਜਨਰਲ ਸੈਲੀ ਯੇਟਸ ਨੂੰ ਵੀ ਬਰਖ਼ਾਸਤ ਕਰ ਦਿੱਤਾ ਹੈ। ਕਾਰਜਕਾਰੀ ਅਟਾਰਨੀ ਜਨਰਲ ਸੈਲੀ ਨੇ ਨਿਆਂ ਵਿਭਾਗ ਨੂੰ ਕਿਹਾ ਸੀ ਕਿ ਉਹ ਪਰਵਾਸੀਆਂ ’ਤੇ ਰਾਸ਼ਟਰਪਤੀ ਟਰੰਪ ਦੇ ਹੁਕਮਾਂ ਦਾ ਬਚਾਅ ਨਾ ਕਰਨ। ਵ੍ਹਾਈਟ ਹਾਊਸ ਦੇ ਇਕ ਬਿਆਨ ਵਿਚ ਸੈਲੀ ਯੇਟਸ ’ਤੇ ਧੋਖਾ ਦੇਣ ਦਾ ਦੋਸ਼ ਲਾਇਆ ਗਿਆ ਹੈ।

ਜ਼ਿਕਰਯੋਗ ਹੈ ਕਿ ਸੈਲੀ ਯੇਟਸ ਦੀ ਨਿਯੁਕਤੀ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੀਤੀ ਸੀ। ਸੈਲੀ ਨੂੰ ਹਟਾਉਣ ਮਗਰੋਂ ਈਸਟਰਨ ਡਿਸਟ੍ਰਿਕਟ ਆਫ਼ ਵਰਜੀਨੀਆ ਦੇ ਅਟਾਰਨੀ ਡੇਨਾ ਬੋਏਨਤੇ ਨੂੰ ਟਰੰਪ ਨੇ ਕਾਰਜਾਕਰੀ ਅਟਾਰਨੀ ਬਣਾਇਆ ਹੈ। ਯੇਟਸ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਪਰਵਾਸੀਆਂ ’ਤੇ ਡੋਨਲਡ ਦੇ ਕਾਰਜਕਾਰੀ ਆਦੇਸ਼ ਦੇਖ ਕੇ ਇਹ ਨਹੀਂ ਲਗਦਾ ਕਿ ਇਹ ਨਿਯਮਾਂ ਤਹਿਤ ਹੈ।

### ਸਟਾਰਬਕਸ ਟਰੰਪ ਦੇ ਫ਼ੈਸਲੇ ਖ਼ਿਲਾਫ਼ ਡਟੀ

ਟਰੰਪ ਵੱਲੋਂ ਸੱਤ ਮੁਸਲਿਮ ਦੇਸ਼ਾਂ ਦੇ ਨਾਗਰਿਕਾਂ ਦੀ ਅਮਰੀਕਾ ਐਂਟਰੀ ’ਤੇ ਲਾਏ ਗਏ ਬੈਨ ਤੋਂ ਬਾਅਦ ਇਕ ਕੰਪਨੀ ਇਸ ਹੁਕਮ ਦੇ ਖਿਲਾਫ ਨਿੱਤਰੀ ਹੈ। ਦੁਨੀਆ ਦੀ ਮਸ਼ੂਹਰ ਕੌਫੀ ਕੰਪਨੀ ‘ਸਟਾਰਬਕਸ’ ਨੇ ਕਿਹਾ ਹੈ ਕਿ ਉਹ ਅਗਲੇ ਪੰਜ ਸਾਲਾਂ ਵਿਚ 10 ਹਜ਼ਾਰ ਸ਼ਨਾਰਥੀਆਂ ਅਤੇ ਪਰਵਾਸੀਆਂ ਨੂੰ ਨੌਕਰੀਆਂ ਦੇਵੇਗੀ। ਇਨ੍ਹਾਂ ਵਿਚ ਖਾਸ ਤੌਰ ’ਤੇ ਟਰੰਪ ਵੱਲੋਂ ਬੈਨ ਕੀਤੇ ਗਏ ਸੀਰੀਆ, ਇਰਾਕ, ਇਰਾਨ, ਸੂਡਾਨ, ਸੋਮਾਲੀਆ, ਯਮਨ ਦੇਸ਼ਾਂ ਦੇ ਨਾਗਰਿਕ ਸ਼ਾਮਲ ਹੋਣਗੇ।

ਸਟਾਰਬਕਸ ਦੇ ਚੇਅਰਮੈਨ ਅਤੇ ਸੀ.ਈ.ਓ. ਨੇ ਹੋਵਾਰਡ ਸਕਲਟਜ ਨੇ ਆਪਣੇ ਕਰਮਚਾਰੀਆਂ ਨੂੰ ਇਕ ਚਿੱਠੀ ਲਿਖ ਕੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਦੁਨੀਆ ਭਰ ਵਿਚ ਮੌਜੂਦ ਸਟੋਰਾਂ ਵਿਚ 10 ਹਜ਼ਾਰ ਨਵੇਂ ਸ਼ਰਨਾਰਥੀਆਂ ਨੂੰ ਕੰਮ ਦੇਵੇਗੀ ਅਤੇ ਖਾਸ ਤੌਰ ’ਤੇ ਅਮਰੀਕਾ ਵਿਚ ਸਥਿਤ ਸਟੋਰਾਂ ਵਿਚ ਸ਼ਰਨਾਰਥੀਆਂ ਅਤੇ ਪਰਵਾਸੀਆਂ ਨੂੰ ਪਹਿਲ ਦੇ ਆਧਾਰ ’ਤੇ ਕੰਮ ਦਿੱਤਾ ਜਾਵੇਗਾ। ਹੋਵਾਰਡ ਡੈਮੋਕ੍ਰੇਟਿਕ ਨੇਤਾ ਹਿਲੇਰੀ ਕਲਿੰਟਨ ਦਾ ਸਮਰਥਕ ਰਿਹਾ ਹੈ। ਹਮੇਸ਼ਾ ਤੋਂ ਟਰੰਪ ਦੀਆਂ ਇੰਮੀਗ੍ਰੇਸ਼ਨ ਨੀਤੀਆਂ ਦੇ ਖਿਲਾਫ ਰਿਹਾ ਹੋਵਾਰਡ ਸਾਬਕਾ ਰਾਸ਼ਟਰਪਤੀ ਬਾਰਾਕ ਓਬਾਮਾ ਦੇ ਹੈਲਥ ਕੇਅਰ ਪ੍ਰੋਗਰਾਮ ਦਾ ਵੀ ਸਮਰਥਕ ਹੈ ਅਤੇ ਟਰੰਪ ਦੀਆਂ ਮੈਕਸੀਕੋ ਵਿਰੋਧੀ ਨੀਤੀਆਂ ਦੇ ਖਿਲਾਫ ਹੈ।



### ਟਰੰਪ ਦੇ ਫੈਸਲੇ ’ਤੇ ਜੱਜ ਨੇ ਲਾਈ ਰੋਕ :

ਮੁਸਲਿਮ ਬਹੁਗਿਣਤੀ ਵਾਲੇ ਸੱਤ ਮੁਲਕਾਂ ਦੇ ਪਰਵਾਸੀਆਂ ਦੇ ਦਾਖ਼ਲੇ ਉਤੇ ਪਾਬੰਦੀ ਲਾਉਣ ਵਾਲੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਹੁਕਮਾਂ ’ਤੇ ਰੋਕ ਲਾਉਂਦਿਆਂ ਇਕ ਜ਼ਿਲ੍ਹਾ ਜੱਜ ਨੇ ਐਮਰਜੈਂਸੀ ਆਦੇਸ਼ ਜਾਰੀ ਕਰ ਕੇ ਸ਼ਰਨਾਰਥੀਆਂ ਤੇ ਹਿਰਾਸਤ ਵਿੱਚ ਲਏ ਹੋਰ ਵੀਜ਼ਾਧਾਰਕਾਂ ਨੂੰ ਉਨ੍ਹਾਂ ਦੇ ਮੁਲਕ ਵਾਪਸ ਭੇਜਣ ਤੋਂ ਅਧਿਕਾਰੀਆਂ ਨੂੰ ਆਰਜ਼ੀ ਤੌਰ ਉਤੇ ਰੋਕ ਦਿੱਤਾ।

‘ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ’ (ਏਸੀਐਲਯੂ) ਵੱਲੋਂ ਹਿਰਾਸਤ ਵਿੱਚ ਲਏ ਦੋ ਇਰਾਕੀ ਵਿਅਕਤੀਆਂ ਤਰਫ਼ੋਂ ਪਟੀਸ਼ਨ ਦਾਇਰ ਕਰਨ ਮਗਰੋਂ ਨਿਊ ਯਾਰਕ ਦੇ ਜ਼ਿਲ੍ਹਾ ਜੱਜ ਐਨ ਡੋਨੈੱਲੀ ਨੇ ਐਮਰਜੈਂਸੀ ਆਦੇਸ਼ ਜਾਰੀ ਕੀਤੇ। ਪਰਵਾਸੀਆਂ ਦੇ ਦਾਖ਼ਲੇ ’ਤੇ ਪਾਬੰਦੀ ਦਾ ਹੁਕਮ ਲਾਗੂ ਹੋਣ ਮਗਰੋਂ ਇਨ੍ਹਾਂ ਦੋਵਾਂ ਨੂੰ ਜੌਹਨ ਐਫ ਕੈਨੇਡੀ ਕੌਮਾਂਤਰੀ ਹਵਾਈ ਅੱਡੇ ਉਤੇ ਹਿਰਾਸਤ ਵਿੱਚ ਲਿਆ ਗਿਆ ਸੀ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਨਿਯੁਕਤ ਜੱਜ ਡੋਨੈੱਲੀ ਨੇ ਆਦੇਸ਼ ਦਿੱਤਾ ਕਿ ਅਮਰੀਕਾ ਦੇ ਨਾਗਰਿਕ ਤੇ ਪਰਵਾਸ ਸੇਵਾਵਾਂ ਵਿਭਾਗ ਵੱਲੋਂ ‘ਸ਼ਰਨਾਰਥੀ ਦਾਖ਼ਲਾ ਪ੍ਰੋਗਰਾਮ’ ਤਹਿਤ ਮਨਜ਼ੂਰ ਸ਼ਰਨਾਰਥੀਆਂ, ਜਾਇਜ਼ ਵੀਜ਼ਾਧਾਰਕਾਂ ਅਤੇ ਇਰਾਕ, ਸੀਰੀਆ, ਇਰਾਨ, ਸੁਡਾਨ, ਲਿਬੀਆ, ਸੋਮਾਲੀਆ ਤੇ ਯਮਨ ਦੇ ਕਾਨੂੰਨੀ ਤੌਰ ’ਤੇ

**ਬਾਕੀ ਸਫ਼ਾ 32 ’ਤੇ**

### ਟਰੰਪ ਨੂੰ ਬਰਤਾਨੀਆ ਆਉਣ ਤੋਂ ਰੋਕਣ ਲਈ ਹਸਤਾਖ਼ਰ ਮੁਹਿੰਮ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਭਵਿੱਖ ਵਿਚ ਬਰਤਾਨੀਆ ਯਾਤਰਾ ਦੇ ਵਿਰੋਧ ਵਿਚ ਘੱਟੋ-ਘੱਟ 13 ਲੱਖ ਲੋਕਾਂ ਨੇ ਆਨਲਾਈਨ ਪਟੀਸ਼ਨ ਦਾਇਰ ਕੀਤੀ ਹੈ। ਟਰੰਪ ਦੇ ਫ਼ੈਸਲੇ ਖ਼ਿਲਾਫ਼ ਜਾਰੀ ਵਿਰੋਧ ਨੇ ਹੁਣ ਬਰਤਾਨੀਆ ਵਿਚ ਭਖਣਾ ਸ਼ੁਰੂ ਕਰ ਦਿੱਤਾ ਹੈ। ਹਾਲਾਂਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਦਫ਼ਤਰ ਮੁਤਾਬਕ ਟੇਰੀਜ਼ਾ ਇਸ ਯਾਤਰਾ ਦਾ ਇੰਤਰਜ਼ਾਰ ਕਰ ਰਹੀ ਹੈ। ਬਰਤਾਨੀਆ ਵਿਚ ਇਸ ਗੱਲ ਨੂੰ ਲੈ ਕੇ ਖ਼ਾਸੀ ਦੁਬਿਧਾ ਹੈ ਕਿ ਅਮਰੀਕਾ ਦੀ ਨਵੀਂ ਨੀਤੀ ਨਾਲ ਦੇਸ਼ ਦੇ ਉਨ੍ਹਾਂ ਨਾਗਰਿਕਾਂ ’ਤੇ ਕੀ ਅਸਰ ਪਏਗਾ ਜਿਨ੍ਹਾਂ ਕੋਲ ਉਨ੍ਹਾਂ ਸੱਤ ਮੁਲਕਾਂ ਦੀ ਵੀ ਦੋਹਰੀ ਨਾਗਰਿਕਤਾ ਹੈ। ਸਮਝਿਆ ਜਾ ਰਿਹਾ ਹੈ ਕਿ ਲੰਡਨ ਸਮੇਤ ਬਰਤਾਨੀਆ ਦੇ ਘੱਟੋ-ਘੱਟ 10 ਸ਼ਹਿਰਾਂ ਵਿਚ ਡੋਨਲਡ ਟਰੰਪ ਦੀ ਨੀਤੀ ਦੇ ਵਿਰੋਧ ਵਿਚ ਪ੍ਰਦਰਸ਼ਨ ਹੋ ਸਕਦੇ ਹਨ।

## ਟਰੰਪ ਬੋਲੇ-ਸਿਰ.ਫ ਮੁਸਲਮਾਨਾਂ ’ਤੇ ਪਾਬੰਦੀ ਨਹੀਂ

**ਵਾਸ਼ਿੰਗਟਨ :** ਵਧਦੀ ਆਲੋਚਨਾ ਤੋਂ ਬੇਫਿਕਰ ਰਾਸ਼ਟਰਪਤੀ ਡੋਨਲਡ ਟਰੰਪ ਨੇ ਮੁਸਲਿਮ ਬਹੁਗਿਣਤੀ ਵਾਲੇ ਮੁਲਕਾਂ ਤੋਂ ਯਾਤਰੀਆਂ ਦੇ ਦਾਖ਼ਲੇ ਉਤੇ ਪਾਬੰਦੀ ਵਾਲੇ ਆਪਣੇ ਹੁਕਮ ਦਾ ਬਚਾਅ ਕਰਦਿਆਂ ਕਿਹਾ ਕਿ ਇਹ ਹੁਕਮ ਵਧੀਆ ਢੰਗ ਨਾਲ ਕੰਮ ਕਰ ਰਿਹਾ ਹੈ। ਦੇਸ਼ ਭਰ ਦੇ ਹਵਾਈ ਅੱਡਿਆਂ ਉਤੇ ਅਫਰਾ-ਤਫਰੀ ਦੇ ਬਾਵਜੂਦ ਟਰੰਪ ਨੇ ਕਿਹਾ ਕਿ ਇਹ ਮੁਸਲਮਾਨਾਂ ’ਤੇ ਪਾਬੰਦੀ ਨਹੀਂ ਹੈ। ਉਨ੍ਹਾਂ ਕਿਹਾ ਕਿ “ਅਸੀਂ ਇਸ ਲਈ ਪੂਰੀ ਤਰ੍ਹਾਂ ਤਿਆਰ ਹਾਂ।”

ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੁਝ ਖ਼ਾਸ ਮੁਸਲਿਮ ਬਹੁਲ ਵਾਲੇ ਮੁਲਕਾਂ ਦੇ ਲੋਕਾਂ ਦੇ ਅਮਰੀਕਾ ਵਿਚ ਦਾਖ਼ਲੇ ’ਤੇ ਤਿੱਖੀ ਨਿਗਾਹ ਰੱਖਣ ਦੇ ਹੁਕਮ ਦਿੱਤੇ ਸਨ ਅਤੇ ਸੀਰਿਆਈ ਸ਼ਰਨਾਰਥੀਆਂ ਦੇ ਮੁਲਕ ਵਿਚ ਦਾਖ਼ਲ ਹੋਣ ’ਤੇ ਅਗਲੇ ਹੁਕਮਾਂ ਤੱਕ ਪਾਬੰਦੀ ਲਾ ਦਿੱਤੀ ਸੀ। ਵ੍ਹਾਈਟ ਹਾਊਸ ਦੇ ਤਰਜਮਾਨ ਮੁਤਾਬਕ ਇਸ ਹੁਕਮ ਨਾਲ ਇਰਾਨ, ਇਰਾਕ, ਸੀਰੀਆ, ਸੂਡਾਨ, ਲਿਬੀਆ, ਯਮਨ ਅਤੇ ਸੋਮਾਲੀਆ ’ਤੇ ਜ਼ਿਆਦਾ ਅਸਰ ਪਏਗਾ। ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਸਾਊਦੀ ਅਰਬ ਵਰਗੇ ਮੁਲਕਾਂ ਦੇ ਲੋਕਾਂ ’ਤੇ ਵਿਸ਼ੇਸ਼ ਨਜ਼ਰ ਰਹੇਗੀ। ਕਾਰਜਕਾਰੀ ਹੁਕਮਾਂ ਮੁਤਾਬਕ ਅਮਰੀਕਾ ਦਾ ਵੀਜ਼ਾ ਲੈਣ ਮੌਕੇ ਜੇਕਰ ਇਸਲਾਮਿਕ ਮੁਲਕ ਆਪਣੇ ਨਾਗਰਿਕਾਂ ਸਬੰਧੀ ਸਹੀ ਜਾਣਕਾਰੀ ਦੇਣ ਵਿਚ ਨਾਕਾਮ ਰਹੇ ਤਾਂ ਸੂਚੀ ਦਾ ਵਿਸਥਾਰ ਹੋ ਸਕਦਾ ਹੈ। ਹੁਕਮਾਂ ਤਹਿਤ ਅਮਰੀਕੀ ਸ਼ਰਨ ਦਾਖ਼ਲਾ ਪ੍ਰੋਗਰਾਮ ਨੂੰ 120 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਇਕ ਇੰਟਰਵਿਊ ਦੌਰਾਨ ਟਰੰਪ ਨੇ ਕਿਹਾ ਕਿ ਉਹ ਕ੍ਰਿਸ਼ਚੀਅਨ ਸ਼ਰਨਾਰਥੀਆਂ ਨੂੰ ਤਰਜੀਹ ਦੇਣਗੇ। ਪੈਂਟਾਗਨ ਵਿਚ ਹੁਕਮਾਂ ’ਤੇ ਦਸਤਖ਼ਤ ਕਰਨ ਤੋਂ ਬਾਅਦ ਟਰੰਪ ਨੇ ਕਿਹਾ, “ਕੱਟੜ ਇਸਲਾਮਿਕ ਅਤਿਵਾਦੀਆਂ ਨੂੰ ਅਮਰੀਕਾ ਤੋਂ ਬਾਹਰ ਰੱਖਣ ਦੇ ਨਵੇਂ ਕਦਮਾਂ ਤਹਿਤ ਉਨ੍ਹਾਂ ’ਤੇ ਤਿੱਖੀ ਨਜ਼ਰ ਰੱਖੀ ਜਾਏਗੀ। ਉਨ੍ਹਾਂ ਨੂੰ ਇਥੇ ਆਉਣ ਦੀ ਲੋੜ ਨਹੀਂ ਹੈ।” ‘ਵਿਦੇਸ਼ੀ ਅਤਿਵਾਦੀਆਂ ਦੇ ਅਮਰੀਕਾ ਵਿਚ ਦਾਖ਼ਲੇ ਤੋਂ ਮੁਲਕ ਦੀ ਰਾਖੀ’ ਸਬੰਧੀ ਹੁਕਮਾਂ ‘ਚ ਕਿਹਾ ਗਿਆ ਹੈ ਕਿ 9/11 ਦੇ ਹਮਲੇ ਤੋਂ ਬਾਅਦ ਅਮਰੀਕਾ ਵੱਲੋਂ ਚੁੱਕੇ ਗਏ ਕਦਮਾਂ ਨਾਲ ਅਤਿਵਾਦੀਆਂ ਨੂੰ ਮੁਲਕ ਵਿਚ ਦਾਖ਼ਲ ਹੋਣ ਤੋਂ ਰੋਕਿਆ ਨਹੀਂ ਜਾ ਸਕਿਆ। ਟਰੰਪ ਨੇ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ ਦੇ ਇਕ ਹਫ਼ਤੇ ਬਾਅਦ ਵਿਵਾਦਤ ਕਦਮ ’ਤੇ ਮੋਹਰ ਲਾ ਦਿੱਤੀ ਹੈ ਜਿਸ ਬਾਰੇ ਉਨ੍ਹਾਂ ਚੋਣ ਪ੍ਰਚਾਰ ਦੌਰਾਨ ਵਾਅਦਾ ਕੀਤਾ ਸੀ ਕਿ ਉਹ ਅਮਰੀਕਾ ਵਿਚ ਮੁਸਲਮਾਨਾਂ ਦੀ ਆਮਦ ’ਤੇ ਨੱਥ ਪਾਉਣਗੇ।

### ਟਰੰਪ ਦੇ ਫੈਸਲੇ ਨਾਲ ਕਿਸ ਦੀ ਉਡੀ ਨੀਂਦ ?

- ਅਮਰੀਕਾ ਵਿਚ ਸ਼ਰਨਾਰਥੀਆਂ ਨੂੰ ਸ਼ਰਨ ਦੇਣ ’ਤੇ 120 ਦਿਨਾਂ ਦੀ ਰੋਕ
- ਸੀਰਿਆਈ ਸ਼ਰਨਾਰਥੀਆਂ ’ਤੇ ਅਣਮਿੱਥੇ ਸਮੇਂ ਲਈ ਪਾਬੰਦੀ
- ਸੱਤ ਮੁਸਲਮਾਨ ਬਹੁਤਾਤ ਵਾਲੇ ਮੁਲਕਾਂ-ਇਰਾਕ, ਸੀਰੀਆ, ਇਰਾਨ, ਲੀਬੀਆ, ਸੋਮਾਲਿਆ, ਸੂਡਾਨ ਤੇ ਯਮਨ ਤੋਂ ਆਉਣ ਵਾਲੇ ਲੋਕਾਂ ’ਤੇ 90 ਦਿਨਾਂ ਲਈ ਰੋਕ। ਇਸ ਰੋਕ ਵਿਚ ਯੂ.ਐਨ. ਵੀਜ਼ਾ ਤੇ ਸਿਆਸੀ ਵੀਜ਼ਾ ਸ਼ਾਮਲ ਨਹੀਂ।
- 2017 ਵਿਚ ਵਧ ਤੋਂ ਵਧ 50 ਹਜ਼ਾਰ ਪਰਵਾਸੀ ਸਵੀਕਾਰ ਕੀਤੇ ਜਾਣਗੇ।
- ਆਪਣੇ ਮੁਲਕਾਂ ਵਿਚ ਦਮਨ ਦਾ ਸਾਹਮਣਾ ਕਰ ਰਹੇ ਧਾਰਮਿਕ ਘੱਟ-ਗਿਣਤੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਟਰੰਪ ਨੇ ਖ਼ਾਸ ਤੌਰ ’ਤੇ ਸੀਰਿਆਈ ਇਸਾਈਆਂ ਦਾ ਜ਼ਿਕਰ ਕੀਤਾ ਹੈ।
- ਕੁਝ ਵਿਸ਼ੇਸ਼ ਮਾਮਲਿਆਂ ਵਿਚ ਛੋਟ ਦਿੱਤੀ ਜਾ ਸਕਦੀ ਹੈ।

### ਕੌਣ ਕੌਣ ਹੋਵੇਗਾ ਪ੍ਰਭਾਵਤ :

- ਉਹ ਸਾਰੇ ਸੈਲਾਨੀ ਜਿਨ੍ਹਾਂ ਕੋਲ ਇਰਾਨ, ਇਰਾਕ, ਲੀਬੀਆ, ਸੋਮਾਲਿਆ, ਸੂਡਾਨ ਤੇ ਸੀਰੀਆ ਤੇ ਯਮਨ ਦੀ ਸੰਪੂਰਨ ਜਾਂ ਦੋਹਰੀ ਨਾਗਰਿਕਤਾ ਹੈ।
- ਇਸ ਵਿਚ ਉਹ ਸਾਰੇ ਸ਼ਾਮਲ ਹਨ, ਜਿਨ੍ਹਾਂ ਕੋਲ ਬਰਤਾਨੀਆ ਜਾ ਕੈਨੇਡਾ ਵਰਗੇ ਮੁਲਕਾਂ ਦੀ ਦੋਹਰੀ ਨਾਗਰਿਕਤਾ ਹੈ।
- ਹਾਲਾਂਕਿ ਬਰਤਾਨੀਆ ਦੇ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਸਿਰਫ਼ ਉਨ੍ਹਾਂ ਹੀ ਦੋਹਰੇ ਨਾਗਰਿਕਾਂ ਦੀ ਥੋੜ੍ਹੀ ਜ਼ਿਆਦਾ ਸੁਰੱਖਿਆ ਜਾਂਚੀ ਜਾਵੇਗੀ ਜੋ ਇਨ੍ਹਾਂ ਸੱਤ ਬਲੈਕਲਿਸਟਡ ਦੇਸ਼ਾਂ ਤੋਂ ਯਾਤਰਾ ਕਰਨਗੇ। ਬਿਆਨ ਅਨੁਸਾਰ ਕਿਸੇ ਵੀ ਦੂਸਰੇ ਦੇਸ਼ ਤੋਂ ਅਮਰੀਕਾ ਦੀ ਯਾਤਰਾ ਕਰਨ ਵਾਲਿਆਂ ’ਤੇ ਕੋਈ ਅਸਰ ਨਹੀਂ ਪਏਗਾ ਤੇ ਉਨ੍ਹਾਂ ਨਾਲ ‘ਰਾਸ਼ਟਰੀਅਤਾ ਜਾਂ ਜਨਮ ਸਥਾਨ ਦੇ ਆਧਾਰ ’ਤੇ ਕੋਈ ਭੇਦਭਾਵ ਨਹੀਂ ਹੋਵੇਗਾ।
- ਹਾਲਾਂਕਿ ਸਕਾਟਲੈਂਡ ਵਿਚ ਪੜ੍ਹਾਈ ਕਰਨ ਵਾਲੇ ਇਰਾਨ ਦੇ ਪਾਸਪੋਰਟ ’ਤੇ ਯਾਤਰਾ ਕਰਨ ਵਾਲੇ ਇਕ ਵਿਦਿਆਰਥੀ ਦਾ ਕੋਸਟਾ ਰਿਕਾ ਵਿਚ ਛੁੱਟੀ ਪੂਰੀ ਹੋਣ ਮਗਰੋਂ ਅਮਰੀਕੀ ਟਰਾਂਜ਼ਿਟ ਵੀਜ਼ਾ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਉਹ ਹੁਣ ਮਾਨਤਾ ਯੋਗ ਨਹੀਂ।

### ਜ਼ੁਕਰਬਰਗ ਵਲੋਂ ਫੈਸਲੇ ਦਾ ਵਿਰੋਧ

ਫੇਸਬੁੱਕ ਦੇ ਸੰਸਥਾਪਕ ਜ਼ੁਕਰਬਰਗ ਅਤੇ ਗੂਗਲ ਦੇ ਸੀ ਈ ਓ ਸੁੰਦਰ ਪਿਚਾਈ ਨੇ ਸ਼ਰਣਾਰਥੀਆਂ ’ਤੇ ਰੋਕ ਲਗਾਉਣ ਵਾਲੇ ਟਰੰਪ ਦੇ ਫੈਸਲੇ ਦਾ ਵਿਰੋਧ ਕੀਤਾ। ਅਮਰੀਕੀ ਅਖਬਾਰ ਵਿਚ ਗੂਗਲ ਦੇ ਸੁੰਦਰ ਪਿਚਾਈ ਨੇ ਕਿਹਾ ਕਿ ਇਸ ਹੁਕਮ ਦਾ ਪ੍ਰਭਾਵ ਗੂਗਲ ’ਤੇ ਵੀ ਪਵੇਗਾ। ਭਾਰਤੀ ਮੂਲ ਦੇ ਪਿਚਾਈ ਤਾਮਿਲਨਾਡੂ ਦੇ ਰਹਿਣ ਵਾਲੇ ਹਨ। ਉਨ੍ਹਾਂ ਦੱਸਿਆ ਕਿ ਟਰੰਪ ਦੇ ਹੁਕਮ ਨਾਲ 187 ਗੂਗਲ ਕਰਮਚਾਰੀਆਂ ’ਤੇ ਇਸ ਦਾ ਪ੍ਰਭਾਵ ਪਵੇਗਾ। ਗੂਗਲ ਨੇ ਦੁਨੀਆ ਭਰ ਵਿਚ ਯਾਤਰਾ ਕਰ ਰਹੇ ਆਪਣੇ ਕਰਮਚਾਰੀਆਂ ਨੂੰ ਵਾਪਸ ਬੁਲਾ ਲਿਆ ਹੈ। ਪਿਚਾਈ ਨੇ ਕਿਹਾ ਕਿ ਟਰੰਪ ਸਰਕਾਰ ਦੇ ਇਸ ਹੁਕਮ ਨਾਲ ਉਹ ਚਿੰਤਾ ਵਿਚ ਹਨ। ਇਸ ਨਾਲ ਦੁਨੀਆਭਰ ਦੇ ਯੋਗ ਲੋਕਾਂ ਦੇ ਅਮਰੀਕਾ ਜਾਣ ਵਿਚ ਮੁਸ਼ਕਲ ਆਵੇਗੀ।

ਟਰੰਪ ਦੇ ਇਸ ਹੁਕਮ ਤਹਿਤ ਈਰਾਨ, ਇਰਾਕ, ਸੂਡਾਨ, ਲੀਬੀਆ, ਯਮਨ, ਸੀਰੀਆ ਅਤੇ ਸੋਮਾਲੀਆ ਦੇ ਲੋਕਾਂ ਦੀ ਪੂਰੀ ਜਾਂਚ ਕਰਨ ਮਗਰੋਂ ਹੀ ਉਨ੍ਹਾਂ ਨੂੰ ਅਮਰੀਕਾ ਵਿਚ ਦਾਖਲਾ ਮਿਲ ਸਕੇਗਾ।

ਮਾਈਕ੍ਰੋਬਲਾਗਿੰਗ ਵੈੱਬਸਾਈਟ ਟਵਿੱਟਰ ਨੇ ਵੀ ਅਪ੍ਰਵਾਸੀ ਅਮਰੀਕੀਆਂ ਦੇ ਪੱਖ ਵਿਚ ਟਵੀਟ ਕੀਤਾ ਹੈ। ਟਵਿੱਟਰ ਨੇ ਲਿਖਿਆ, “ਟਵਿੱਟਰ ਨੂੰ ਬਣਾਉਣ ਵਿਚ ਹਰ ਧਰਮ ਦੇ ਅਪ੍ਰਵਾਸੀਆਂ ਨੇ ਖਾਸ ਭੂਮਿਕਾ ਨਿਭਾਈ ਹੈ ਅਤੇ ਅਸੀਂ ਉਨ੍ਹਾਂ ਦੇ ਨਾਲ ਹਾਂ।”

ਜ਼ੁਕਰਬਰਗਗ ਨੇ ਕਿਹਾ, “ਸਾਡੇ ਵੱਡੇ-ਵਡੇਰੇ ਜਰਮਨੀ, ਆਸਟਰੀਆ, ਪੋਲੈਂਡ ਤੋਂ ਅਮਰੀਕਾ ਆਏ ਸਨ, ਜਦ ਕਿ ਉਨ੍ਹਾਂ ਦੀ ਪਤਨੀ ਪ੍ਰਿਸੀਲੀਆ ਦੇ ਮਾਂ-ਬਾਪ ਚੀਨ ਅਤੇ ਵੀਅਤਨਾਮ ਤੋਂ ਹਨ। ਅਮਰੀਕਾ ਅਪ੍ਰਵਾਸੀਆਂ ਦਾ ਦੇਸ਼ ਹੈ ਅਤੇ ਸਭ ਨੂੰ ਇਸ ’ਤੇ ਮਾਣ ਹੋਣਾ ਚਾਹੀਦਾ ਹੈ।

### ਟਰੰਪ ਦੇ ਫ਼ੈਸਲੇ ਦੀ ਆਲੋਚਨਾ :

ਵਾਸ਼ਿੰਗਟਨ : ਇਸਲਾਮਿਕ ਮੁਲਕਾਂ ਦੇ ਨਾਗਰਿਕਾਂ ਦੇ ਅਮਰੀਕਾ ਵਿਚ ਆਉਣ ਦੇ ਰਾਹ ਡੱਕੇ ਜਾਣ ਦੇ ਫ਼ੈਸਲੇ ਦੀ ਡੈਮੋਕਰੈਟਾਂ, ਕਈ ਜਥੇਬੰਦੀਆਂ ਅਤੇ ਨਾਮਵਰ ਹਸਤੀਆਂ ਨੇ ਤਿੱਖੀ ਆਲੋਚਨਾ ਕੀਤੀ ਹੈ। ਡੈਮੋਕ੍ਰੈਟਿਕ ਪਾਰਟੀ ਦੀ ਸੈਨੇਟਰ ਕਮਲਾ ਹੈਰਿਸ ਨੇ ਕਿਹਾ ਹੈ ਕਿ ਸੋਸ਼ਲ ਸਾਈਟ ’ਤੇ ਲਿਖਿਆ ਹੈ, “ਕੋਈ ਖ਼ਤਾ ਨਹੀਂ ਕੀਤੀ-ਇਹ ਮੁਸਲਮਾਨਾਂ ਖ਼ਿਲਾਫ਼ ਪਾਬੰਦੀ ਹੈ। ਹੋਲੋਕਾਸਟ ਦੌਰਾਨ ਅਸੀਂ ਐਨ ਫਰੈਂਕ ਵਰਗੀ ਸ਼ਰਨਾਰਥੀ ਨੂੰ ਮੁਲਕ ਵਿਚ ਨਹੀਂ ਦਾਖ਼ਲ ਹੋਣ ਦਿੱਤਾ ਸੀ। ਸਾਨੂੰ ਇਤਿਹਾਸ ਨਹੀਂ ਦੁਹਰਾਉਣਾ ਚਾਹੀਦਾ।”

### ਕੈਨੇਡਾ ਨੇ ਸ਼ਰਨਾਰਥੀਆਂ ਲਈ ਦਰ ਖੋਲ੍ਹੇ :

ਕੈਨੇਡਾ ਦੇ ਪ੍ਰਧਾਨਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਅਜਿਹੇ ਸ਼ਰਨਾਰਥੀਆਂ ਦਾ ਸਵਾਗਤ ਕਰਨ ਲਈ ਤਿਆਰ ਹੈ ਜੋ ਅੱਤਵਾਦ, ਯੁੱਧ ਜਾਂ ਕਿਸੇ ਬਦਸਲੂਕੀ ਦਾ ਸ਼ਿਕਾਰ ਹਨ। ਟਰੂਡੋ ਨੇ ਟਵੀਟ ਕਰਕੇ ਕਿਹਾ, “ਜੇਕਰ ਤੁਸੀਂ ਕਿਸੇ ਬਦਸਲੂਕੀ ਦਾ ਸ਼ਿਕਾਰ ਹੋ ਤਾਂ ਅੱਤਵਾਦ ਅਤੇ ਯੁੱਧ ਕਾਰਨ ਆਪਣਾ ਦੇਸ਼ ਛੱਡਣ ਲਈ ਮਜਬੂਰ ਹੋ ਤਾਂ ਕੈਨੇਡਾ ਤੁਹਾਡੇ ਧਰਮ ਦੀ ਪਰਵਾਹ ਕੀਤੇ ਬਿਨਾਂ ਤੁਹਾਡਾ ਸਵਾਗਤ ਕਰੇਗਾ। ਵੱਖ-ਵੱਖ ਧਰਮਾਂ ਦਾ ਹੋਣਾ ਹੀ ਕੈਨੇਡਾ ਦੀ ਤਾਕਤ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੁੱਝ ਮੁਸਲਮਾਨ ਦੇਸ਼ਾਂ ਤੋਂ ਇੱਥੇ ਆ ਰਹੇ ਸ਼ਰਨਾਰਥੀਆਂ ਦੀ ਗਿਣਤੀ ਸੀਮਤ ਕਰਨ ਲਈ ਫੈਸਲਾ ਕੀਤਾ ਹੈ। ਇਸ ਤੋਂ ਬਾਅਦ 7 ਮੁਸਲਮਾਨ ਦੇਸ਼ਾਂ ਦੇ ਸ਼ਰਨਾਰਥੀਆਂ ਨੂੰ ਅਮਰੀਕਾ ਜਾਣ ਵਿਚ ਪਰੇਸ਼ਾਨੀ ਆਵੇਗੀ ਅਤੇ ਇਹ ਲਗਭਗ 4 ਮਹੀਨਿਆਂ ਤਕ ਚੱਲੇਗਾ। ਇਸ ਹੁਕਮ ਤਹਿਤ ਗੈਰ-ਕਾਨੂੰਨੀ ਰੂਪ ਤੋਂ ਅਮਰੀਕਾ ਜਾਣ ਵਾਲੇ ਲੋਕਾਂ ਦੀ ਗਿਣਤੀ ਘੱਟ ਕੀਤੀ ਜਾਵੇਗੀ ਅਤੇ ਉਨ੍ਹਾਂ ਦੀ ਸਖਤਾਈ ਨਾਲ ਜਾਂਚ ਕੀਤੀ ਜਾਵੇਗੀ।

### ਕੈਲੀਫੋਰਨੀਆ ਕਰ ਰਿਹੈ ਅਮਰੀਕਾ ਤੋਂ ਵੱਖ ਹੋਣ ’ਤੇ ਵਿਚਾਰ :

ਵਾਸ਼ਿੰਗਟਨ : ਬ੍ਰੈਗਜ਼ਿਟ ਤੋਂ ਬਾਅਦ ਹੁਣ ਕੈਲਐਗਜ਼ਿਟ ਹੋਣ ਦੀ ਤਿਆਰੀ ਸ਼ੁਰੂ ਹੋ ਗਈ ਹੈ। ਸੂਤਰਾਂ ਦਾ ਕਹਿਣਾ ਹੈ ਕਿ ਬ੍ਰਿਟੇਨ ਦੇ ਯੂਰਪੀ ਸੰਘ ਤੋਂ ਬਾਹਰ ਹੋਣ ਤੋਂ ਬਾਅਦ ਕੈਲੀਫੋਰਨੀਆ, ਅਮਰੀਕਾ ਤੋਂ ਵੱਖ ਹੋਣ ’ਤੇ ਵਿਚਾਰ ਕਰ ਰਿਹਾ ਹੈ। ਕੈਲੀਫੋਰਨੀਆ ਦੇ ਵਾਸੀ ਡੋਨਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਇਸ ਕਦਮ ਬਾਰੇ ਸੋਚ ਰਹੇ ਹਨ। ਜ਼ਿਕਰਯੋਗ ਹੈ ਕਿ ਕੈਲੀਫੋਰਨੀਆ ਵਿਚ ਟਰੰਪ ਦੇ ਮੁਕਾਬਲੇ ਹਿਲੇਰੀ ਕਲਿੰਟਨ ਨੂੰ ਦੁੱਗਣੀਆਂ ਵੋਟਾਂ ਪਈਆਂ ਸਨ। ਟਰੰਪ ਨੇ ਰਾਸ਼ਟਰਪਤੀ ਬਣਦੇ ਹੀ, ਜਿਸ ਤਰ੍ਹਾਂ ਤਾਬੜ-ਤੋੜ ਹੁਕਮ ਜਾਰੀ ਕੀਤੇ, ਉਨ੍ਹਾਂ ਨੂੰ ਦੇਖਦੇ ਹੋਏ ਕੈਲੀਫੋਰਨੀਆ ਦੇ ਸੈਕਟਰੀ ਆਫ ਸਟੇਟ ਅਲੈਕਸ ਪਡੀਲਾ ਨੇ ਕੈਲੀਫੋਰਨੀਆ ਨੂੰ ਅਮਰੀਕਾ ਤੋਂ ਵੱਖ ਕਰਨ ਦੀ ਮੁਹਿੰਮ ਲਈ ਹਾਮੀ ਭਰ ਦਿੱਤੀ ਹੈ। ਕੈਲੀਫੋਰਨੀਆ ਨੂੰ ਅਮਰੀਕਾ ਤੋਂ ਵੱਖ ਕਰਨ ਦੀ ਇਸ ਮੁਹਿੰਮ ’ਤੇ ਲੋਕਾਂ ’ਤੇ ਹਸਤਾਖਰ ਲਏ ਜਣਗੇ। ਇਸ ਮੁਹਿੰਮ ਦੀ ਸਫਲਤਾ ਲਈ 180 ਦਿਨਾਂ ਵਿਚ ਇਸ ’ਤੇ 585,507 ਹਸਤਾਖਰਾਂ ਦੀ ਲੋੜ ਹੋਵੇਗੀ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਨਵੰਬਰ, 2018 ਤੱਕ ‘ਕਲੈਐਗਜ਼ਿਟ’ ਹੋਣਾ ਤੈਅ ਹੋ ਜਾਵੇਗਾ।




ਲੰਡਨ ’ਚ ਡੋਨਲਡ ਟਰੰਪ ਖਿਲਾਫ਼ ਪ੍ਰਦਰਸ਼ਨ ਕਰਦੇ ਹੋਏ ਲੋਕ

## ਕਵਿਤਾ ਦੀ ਪੈੜ ਨੱਪਣ ਵਾਲਾ ਵਿਗਿਆਨੀ

# ਖੁਰਦਬੀਨੀ ਲੇਖਕ

**ਸਿੱਧੂ ਦਮਦਮੀ**
(ਸੰਪਰਕ: 94170-13869)

ਅਮਰੀਕਾ ਦੀ ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਹਰੇ-ਭਰੇ ਵਿਸ਼ਾਲ ਕੈਂਪਸ ਵਿੱਚ ਇੱਕ ਟੀਵੀ ਚੈਨਲ ਲਈ ਵਾਕ-ਨ-ਟਾਕ' ਇੰਟਰਵਿਊ ਸ਼ੁਰੂ



ਕਰਨ ਤੋਂ ਪਹਿਲਾਂ ਕੈਮਰਾਮੈਨ ਮੈਨੂੰ ਫਰੇਮ ਵਿਖਾ ਰਿਹਾ ਸੀ। ਫਰੇਮ ਵਿੱਚ ਰੁਸਤਮ-ਏ-ਹਿੰਦ ਮਰਹੂਮ ਦਾਰਾ ਸਿੰਘ ਦੇ ਕੱਦ (ਛੇ ਫੁੱਟ ਦੋ ਇੰਚ) ਦੇ ਬਰਾਬਰ ਦਾ, ਭਾਰੀ ਭਰਕਮ ਸਰੀਰ ਵਾਲਾ ਗੁਰੂਮੇਲ ਸਿੱਧੂ ਖੜ੍ਹਾ ਸੀ। ਇੰਟਰਵਿਊ ਕਰਤਾ ਵਜੋਂ ਮੈਨੂੰ ਉਸ ਨਾਲ ਸਿਰ ਪਿੱਛੇ ਸੁੱਟ ਕੇ ਗੱਲ ਕਰਨੀ ਪੈ ਰਹੀ ਸੀ। ਜੁੱਸੇ ਵਜੋਂ, ਬੇਸ਼ੱਕ, ਉਹ ਪੁਰਾਣਾ ਭਲਵਾਨ ਲੱਗਦਾ ਸੀ- ਤੋਂਦ ਥੋੜ੍ਹੀ ਨਿਕਲੀ ਹੋਈ, ਸਿਰ ਦੇ ਕਾਲੇ-ਭੂਰੇ ਤੇ ਕੁਝ ਛਿੱਦੇ ਪਏ ਵਾਲਾਂ 'ਚ ਅਮਿਤਾਭ ਬੱਚਨ ਸਟਾਈਲ ਚੀਰ।

ਡਾ. ਗੁਰੂਮੇਲ ਕਿੱਤੇ ਪੱਖੋਂ ਪ੍ਰਸਿੱਧ ਜੈਨੇਟਿਕਸ ਵਿਗਿਆਨੀ ਤੇ ਮਨ ਤੋਂ ਕਵੀ ਹੈ। ਪਹਿਲੀ ਵਾਰ ਮਿਲਣ 'ਤੇ ਬਹੁਤਿਆਂ ਨੂੰ ਬਾਹਰੀ ਦਿੱਖ ਤੋਂ ਉਹ ਦੋਵੇਂ ਹੀ ਨਹੀਂ ਲੱਗਦਾ। ਜਦ ਗੱਲ ਖੁੱਲ੍ਹਦੀ ਹੈ ਤਾਂ ਉਸ ਦੀ ਬਹੁਰੰਗੀ ਸ਼ਖ਼ਸੀਅਤ ਦੀਆਂ ਕੋਠੜੀਆਂ ਦਰ ਕੋਠੜੀਆਂ ਖੁੱਲ੍ਹਦੀਆਂ ਜਾਂਦੀਆਂ ਹਨ। ਟੀਵੀ ਪ੍ਰੋਗਰਾਮ ਰਿਕਾਰਡ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਦੀ ਬੇਸਮੈਂਟ ਵਿਚਲੀ ਗੁਰੂਮੇਲ ਦੀ ਪ੍ਰਯੋਗਸ਼ਾਲਾ ਵੇਖ ਕੇ ਆਇਆ ਸਾਂ। ਪ੍ਰਯੋਗਸ਼ਾਲਾ ਦੇ ਠੰਢੇ ਕਮਰਿਆਂ ਵਿੱਚ ਡੀਐੱਨਏ ਨੂੰ ਨਿਖੇੜਨ ਲਈ ਵਰਤੀ ਜਾਂਦੀ ਅਲਕੋਹਲ ਤੇ ਨਿਖੇੜੇ ਹੋਏ ਡੀਐੱਨਏ ਨੂੰ ਰੰਗਣ ਲਈ ਵਰਤੇ ਜਾਂਦੇ ਕੈਮੀਕਲ ਦੀ ਤੇਜ਼ਾਬੀ ਗੰਧ ਠੰਢੇ ਕਮਰਿਆਂ ਵਿੱਚ ਫੈਲੀ ਹੁੰਦੀ ਸੀ। ਹੌਲੀਵੁੱਡ ਦੀਆਂ ਸਾਈ-ਫਾਈ ਫ਼ਿਲਮਾਂ 'ਚ ਵਿਖਾਈ ਜਾਣ ਵਾਲੀ ਜ਼ਮੀਨਦੋਜ਼ ਲੈਬ ਜਿਹੀ ਸੁੰਨ ਪਸਰੀ ਹੋਈ ਸੀ, ਪਰ ਅੱਗੇ ਵਧੇ ਤਾਂ ਖੋਜ ਕਾਰਜ ਵਿੱਚ ਲੀਨ, ਟੈਸਟ ਟਿਊਬਾਂ ਤੇ ਯੰਤਰਾਂ ਵਿੱਚ ਘਿਰੀਆਂ ਦੋ ਗੋਰੀਆਂ ਵਿਦਿਆਰਥਣਾਂ ਨਜ਼ਰੀ ਪਈਆਂ। ਉਨ੍ਹਾਂ ਵਿੱਚੋਂ ਇੱਕ ਉਸ ਨੂੰ ਇੰਜ ਬਗਲਗੀਰ ਹੋ ਕੇ ਮਿਲੀ ਕਿ ਲੈਬ ਦੇ ਨੀਰਸ ਵਾਤਾਵਰਣ ਵਿੱਚ ਕਵਿਤਾ ਦੀ ਗੁੰਜਾਇਸ਼ ਜਗਮਗ ਜਗਮਗ ਕਰਨ ਲੱਗੀ। ਲੈਬਾਰਟਰੀਆਂ ਅੰਦਰ ਪ੍ਰਵਾਨ ਚੜ੍ਹੇ ਇਸ਼ਕਾਂ ਦੇ ਉਸ ਕੋਲੋਂ ਸੁਣੇ ਬਿਰਤਾਂਤ ਚੇਤੇ ਆਉਣ ਲੱਗੇ। ਗੁਰੂਮੇਲ ਨੇ ਇਨ੍ਹਾਂ ਲੈਬਾਂ ਵਿੱਚ ਨਾ ਕੇਵਲ ਨਸਲਾਂ, ਜ਼ੁਬਾਨਾਂ ਤੇ ਸਭਿਆਚਾਰਾਂ ਦੇ ਹੱਦ-ਬੰਨੇ ਮੁਹੱਬਤੀ ਨਿੱਘ ਨਾਲ ਪਿਘਲਦੇ ਤੱਕੇ ਸਨ ਸਗੋਂ ਇਹ ਨਿੱਘ ਖ਼ੁਦ ਹੰਢਾਏ ਵੀ।

ਟੀਵੀ ਪ੍ਰੋਗਰਾਮ ਦੀ ਰਿਕਾਰਡਿੰਗ ਸ਼ੁਰੂ ਹੋਈ ਤਾਂ ਗੱਲਬਾਤ ਦੀ ਰੌਚਕ ਸ਼ੁਰੂਆਤ ਕਰਨ ਲਈ ਮੈਂ ਪੁੱਛਿਆ, ਕਿਸੇ ਨੇ ਤੁਹਾਡੇ ਕੱਦ ਦੇ ਦਾਰੇ ਬਰਾਬਰ ਹੋਣ ਦਾ ਕਦੇ ਜ਼ਿਕਰ ਨਹੀਂ ਕੀਤਾ?'

ਉਸ ਦੇ ਚਿਹਰੇ 'ਤੇ ਸੰਗ ਦੀ ਹਲਕੀ ਜਿਹੀ ਲਹਿਰ ਫਿਰ ਗਈ, ਕਦੇ ਗੱਲ ਹੀ ਨੀਂ ਹੋਈ। ਮੈਨੂੰ ਵੀ ਕਦੇ ਖ਼ਿਆਲ ਨਹੀਂ ਆਇਆ। ਸਕੂਲ/ਕਾਲਜ ਵਿੱਚ ਫੁੱਟਬਾਲ ਦੀ ਖੇਡ 'ਚ ਚੜ੍ਹਾਈ ਹੋਣ ਕਾਰਨ ਕੋਈ ਕੋਈ ਮੈਨੂੰ ਦੂਜਾ ਜਰਨੈਲ ਸਿੰਘ' ਤਾਂ ਜ਼ਰੂਰ ਕਹਿ ਦਿੰਦਾ ਸੀ, ਪਰ ਕੱਦ ਕਿਸੇ ਨੀਂ ਗੌਲਿਆ। ਪਹਿਲੀ ਵਾਰ ਸੁਣ ਰਿਹਾ ਹਾਂ ਕਿ ਮੈਂ ਦਾਰੇ ਜਿੰਨਾ ਲੰਬਾ ਹਾਂ।'

' ਕਿਸੇ ਆਲੋਚਕ ਨੇ ਇਹ ਨਹੀਂ ਕਿਹਾ ਕਿ ਵਿਗਿਆਨੀ ਹੋਣ ਕਾਰਨ ਤੁਹਾਡੀਆਂ ਕਵਿਤਾਵਾਂ ਤੇ ਹੋਰ ਲਿਖਤਾਂ ਨਿਵੇਕਲੇ ਢੰਗ ਨਾਲ ਬੋਲਦੀਆਂ ਹਨ।

- ਵਿਖਾਵੇ ਦਾ ਜ਼ਮਾਨਾ ਹੈ, ਆਪਣੀ ਗੱਲ ਕੋਠੇ ਚੜ੍ਹ ਕੇ ਆਪੇ ਕਰਨ ਦਾ ਦੌਰ-ਦੌਰਾ ਹੈ। ਮੈਨੂੰ ਇਹ ਕਰਨਾ ਨਹੀਂ ਆਉਂਦਾ। ਉਂਜ ਵੀ ਬਹੁਤੀ ਉਮਰ ਪ੍ਰਯੋਗਸ਼ਾਲਾਵਾਂ ਵਿੱਚ ਗੁਜ਼ਰੀ ਹੈ ਜਿੱਥੇ ਹਮੇਸ਼ਾਂ ਖ਼ਾਮੋਸ਼ੀ ਤਾਰੀ ਰਹਿੰਦੀ ਹੈ। ਹੌਲੀ ਹੌਲੀ ਇਸੇ ਖ਼ਾਮੋਸ਼ੀ ਦੀ ਮੇਰੇ ਦੁਆਲੇ ਜਿਵੇਂ ਬੁੱਕਲ ਬੱਝ ਗਈ। ਇੱਕ ਤਰ੍ਹਾਂ ਨਾਲ ਮੇਰੀਆਂ ਰਚਨਾਵਾਂ ਇਸੇ ਬੁੱਕਲ ਨੂੰ ਖੋਲ੍ਹਣ ਦੇ ਸਿਰਜਣਾਤਮਕ ਯਤਨ ਹਨ। ਸ਼ਾਇਦ ਇਸੇ ਲਈ ਮੈਂ ਜਸਬੀਰ ਆਹਲੂਵਾਲੀਆ, ਰਵੀ, ਅਜਾਇਬ ਕਮਲ, ਮਿੰਦਰ ਹੋਰਾਂ ਦੇ ਸਾਹਿਤਕ ਸੰਪਰਕ ਵਿੱਚ ਰਹਿਣ ਦੇ ਬਾਵਜੂਦ ਪ੍ਰਯੋਗਸ਼ੀਲ ਹੀ ਰਿਹਾ, ਉਨ੍ਹਾਂ ਵਾਂਗ ਪ੍ਰਯੋਗਵਾਦੀ ਨਹੀਂ ਬਣਿਆ।

ਪੰਜਾਬੀ ਭਾਸ਼ਾ ਵਿੱਚ ਕਵਿਤਾ ਕਹਿਣ ਵਾਲਾ ਪਹਿਲਾ ਤੇ ਇਕੱਲਾ ਵਿਗਿਆਨੀ ਸ਼ਾਇਦ ਗੁਰੂਮੇਲ ਹੀ ਹੈ, ਉਹ ਵੀ ਵਿਦੇਸ਼ੀ ਯੂਨੀਵਰਸਿਟੀਆਂ ਵਿੱਚ ਜੈਨੇਟਿਕਸ ਪੜ੍ਹਾਉਂਦਿਆਂ ਤੇ ਨੋਬੇਲ ਜੇਤੂ ਹਰਗੋਬਿੰਦ ਖੁਰਾਣਾ ਜਿਹੇ ਜਗਤ ਪ੍ਰਸਿੱਧ ਵਿਗਿਆਨੀ ਦਾ ਸੰਗੀ ਹੁੰਦਿਆਂ। ਅਸਲ ਵਿੱਚ ਸਕੂਲ ਵੇਲੇ ਤੋਂ ਉਸ ਵਿੱਚ ਮੁਸੱਲਸਲ ਚਲਦੀ ਆ ਰਹੀ ਇਹ ਅਜਿਹੀ ਕ੍ਰੀਏਟਿਵ ਖਲਸ਼ ਹੈ ਜਿਸ ਨਾਲ ਉਹ ਪਹਿਲਾਂ ਗੁਰਮੇਲ ਰਾਹੀ' ਤੇ ਫਿਰ ਗੁਰੂਮੇਲ' ਦੇ ਕਲਮੀ ਨਾਵਾਂ ਹੇਠ ਨਿਪਟਦਾ ਆ ਰਿਹਾ ਹੈ। 1960ਵਿਆਂ ਵਿੱਚ ਲੁਧਿਆਣੇ ਦੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਨਾ ਸਿਰਫ਼ ਇਹ ਖਲਸ਼ ਉਸ ਨੂੰ ਉਸ ਵੇਲੇ ਪੰਜਾਬੀ ਸਾਹਿਤ ਦਾ ਤਕੀਆ ਸਮਝੀ ਜਾਂਦੀ ਲਾਹੌਰ ਬੁੱਕਸ਼ਾਪ' 'ਤੇ ਲੈ ਗਈ ਸਗੋਂ ਉਸ ਨੂੰ ਇਸ ਦੇ ਮਾਲਕ ਜੀਵਨ ਸਿੰਘ ਵੱਲੋਂ ਕੱਢੇ ਜਾ ਰਹੇ ਆਲੋਚਨਾ ਦੇ ਵੱਕਾਰੀ ਰਸਾਲੇ ਸਾਹਿਤ ਸਮਾਚਾਰ' ਦਾ ਸੰਪਾਦਕ ਵੀ ਬਣਾ ਦਿੱਤਾ। ਗੁਰੂਮੇਲ ਨੂੰ ਕਿਤਾਬਾਂ ਦੀ ਦੁਕਾਨ ਦੀ ਥਾਂ ਕਿਤਾਬਾਂ ਦਾ ਗੋਦਾਮ' ਵੱਧ ਜਾਪਦੀ ਲਾਹੌਰ ਬੁੱਕਸ਼ਾਪ ਨੇ ਉਸ ਨੂੰ ਪੰਜਾਬੀ ਦੇ ਉਸ ਵੇਲੇ ਦੇ ਸਿਰਮੌਰ ਲੇਖਕਾਂ ਦੀ ਸੰਗਤ ਕਰਨ ਦਾ ਮੌਕਾ ਦਿੱਤਾ ਜਿਨ੍ਹਾਂ ਵਿੱਚ ਉਸ ਦੇ ਸੀਨੀਅਰ ਸੰਤੋਖ ਸਿੰਘ ਧੀਰ, ਹਜ਼ਾਰਾ ਸਿੰਘ, ਮੋਹਨ ਸਿੰਘ, ਸੰਤ ਸਿੰਘ ਸੇਖੋਂ, ਅਤਰ ਸਿੰਘ, ਗੁਲਵੰਤ ਸਿੰਘ, ਹਰਿਭਜਨ ਅਤੇ ਹੋਰ ਸ਼ਾਮਿਲ ਸਨ। ਐੱਸ ਐੱਸ ਮੀਸ਼ਾ, ਜਗਤਾਰ, ਸੁਖਪਾਲਵੀਰ ਹਸਰਤ, ਰਵੀ, ਅਜਾਇਬ ਕਮਲ, ਜਸਬੀਰ ਸਿੰਘ ਆਹਲੂਵਾਲੀਆ ਜਿਹੇ ਉਸ ਦੇ ਸਮਕਾਲੀ ਵੀ। ਪਿੱਛੋਂ, ਇਨ੍ਹਾਂ ਵਿੱਚੋਂ ਕੁਝ ਉਸ ਦੇ ਸਾਹਿਤਕ ਗੁਆਂਢੀ ਬਣੇ ਤੇ ਕੁਝ ਕੈਨੇਡਾ ਅਮਰੀਕਾ ਵਿੱਚ ਉਸ ਦੇ ਮਹਿਮਾਨ। ਮੇਰੀ ਉਸ ਦੀ ਸਾਹਿਤਕ ਜਾਣ-ਪਛਾਣ ਹਮਨਾਮ (ਗੁਰੂਮੇਲ ਸਿੱਧੂ) ਹੋਣ ਕਾਰਨ ਭਾਵੇਂ ਕਈ ਦਹਾਕੇ ਪਹਿਲਾਂ ਪੰਜਾਬ ਵਿੱਚ ਹੀ ਹੋ ਗਈ ਸੀ, ਪਰ ਮਿਲੇ ਅਸੀਂ ਅਮਰੀਕਾ ਆ ਕੇ ਹੀ। ਕਲਮੀ ਨਾਂ ਨੂੰ ਨਿਵੇਕਲਾ ਕਰਨ ਲਈ ਉਸ ਨੇ ਆਪਣੇ ਨਾਂ ਵਿਚਲੇ ਮੁਕਤੇ ਰਾਰੇ ਨੂੰ ਦੂਲੈਂਕੜ ਲਾ ਲਏ ਸਨ ਤੇ ਅੰਮ੍ਰਿਤਾ ਪ੍ਰੀਤਮ ਦੀ ਸਲਾਹ ਨਾਲ ਮੈਨੂੰ ਨਵਾਂ ਕਲਮੀ ਨਾਂ ਮਿਲ ਗਿਆ ਸੀ।

ਫਗਵਾੜੇ ਨੇੜਲੇ ਪਿੰਡ ਪਾਸਲਾ ਵਿੱਚ ਜਨਮੀ ਮਾਪਿਆਂ ਦੀ ਇਕਲੌਤੀ ਔਲਾਦ ਗੁਰੂਮੇਲ ਅਮਰੀਕਾ ਵਿੱਚ ਪੰਜਾਬੀ ਸਾਹਿਤ ਦਾ ਸਿਰਨਾਵਾਂ ਹੈ। ਅਮਰੀਕਾ ਜਾਣ ਵਾਲੇ ਪੰਜਾਬੀ ਲੇਖਕ ਵੀਜ਼ਾ ਮਿਲਦਿਆਂ ਹੀ ਪਹਿਲਾ ਕੰਮ ਗੁਰੂਮੇਲ ਦਾ ਫੋਨ ਨੰਬਰ ਤੇ ਪਤਾ ਲੱਭਣ ਦਾ ਕਰਦੇ ਹਨ। ਉਸ ਦੀ ਪ੍ਰਧਾਨਗੀ ਵਾਲੀ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ' ਅਮਰੀਕਾ-ਕੈਨੇਡਾ ਦੀਆਂ ਲਟੋਰੀਆਂ' 'ਤੇ ਨਿਕਲੇ ਬਹੁਤੇ ਲੇਖਕਾਂ ਦਾ ਟਿਕਾਣਾ ਬਣਦੀ ਹੈ। ਚਾਹੇ ਮਸਲਾ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣ ਦਾ ਹੋਵੇ ਜਾਂ ਅਮਰੀਕੀ ਯੂਨੀਵਰਸਿਟੀਆਂ ਵਿੱਚ ਪੰਜਾਬ/ਸਿੱਖੀ ਨਾਲ ਸਬੰਧਿਤ ਚੇਅਰ ਸਥਾਪਿਤ ਕਰਨ ਦਾ। ਪੰਜਾਬੀ/ਪੰਜਾਬ ਨਾਲ ਸਬੰਧਿਤ ਮਸਲਿਆਂ ਬਾਰੇ ਉਸ ਦੀ ਰਾਏ ਅਮਰੀਕਾ ਵਿੱਚ ਸਰਕਾਰੇ-ਦਰਬਾਰੇ ਵੀ ਤੇ ਪੰਜਾਬੀ ਭਾਈਚਾਰੇ ਵਿੱਚ ਵੀ ਮੁੱਲਵਾਨ ਸਮਝੀ ਜਾਂਦੀ ਹੈ। ਉਂਜ, ਦਸਮ ਗਰੰਥ ਸਮੇਤ ਸਿੱਖੀ ਤਵਾਰੀਖ ਅਤੇ ਸਿਧਾਂਤ ਬਾਰੇ ਉਸ ਦੇ ਖੋਜੀ ਲੇਖ ਪੜ੍ਹ ਕੇ ਤੁਹਾਡੀ ਨਜ਼ਰ ਉਸ ਦੇ ਸਫਾਚੱਟ ਚਿਹਰੇ 'ਤੇ ਜਾ ਕੇ ਇੱਕ ਪ੍ਰਸ਼ਨ ਚਿੰਨ੍ਹ ਵਿੱਚ ਵੀ ਬਦਲ ਸਕਦੀ ਹੈ। ਇਸ ਪ੍ਰਸ਼ਨ ਦਾ ਜੁਆਬ ਦੇਣ ਲਈ ਉਸ ਨੂੰ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂਬੀਸੀ) ਵਿੱਚ ਆਪਣੇ ਪੀਐੱਚ ਡੀ ਦੇ ਗਾਈਡ ਰਹੇ ਗੋਰੇ ਪ੍ਰੋਫ਼ੈਸਰ ਕਲੇਟਨ ਪਰਸਨ ਦਾ ਜ਼ਿਕਰ ਛੇੜਨਾ ਪੈਂਦਾ ਹੈ। ਉਸ ਦੀ ਦਾੜ੍ਹੀ-ਪੱਗ ਵਾਲੀ ਦਿੱਖ ਬਾਰੇ ਕਲੇਟਨ ਨੇ ਹੀ ਰਾਇ ਦਿੱਤੀ ਸੀ ਕਿ ਇਸ ਕਾਰਨ ਪੱਛਮੀ ਦੇਸ਼ਾਂ ਵਿੱਚ ਨੌਕਰੀ ਕਰਦਿਆਂ ਦੂਜਿਆਂ ਦੇ ਮੁਕਾਬਲੇ ਉਸ ਨੂੰ ਹਮੇਸ਼ਾਂ ਪੱਚੀ ਫ਼ੀਸਦੀ ਘਾਟਾ ਖਾਣਾ ਪਵੇਗਾ। ਉਹ ਦੱਸਦਾ ਹੈ, "ਇਹ 1969-70 ਦੀਆਂ ਗੱਲਾਂ ਹਨ ਜਦੋਂ ਕੈਨੇਡਾ ਵਿੱਚ ਦਾੜ੍ਹੀ-ਪੱਗੜੀ ਵਾਲਾ ਟਾਵਾਂ ਟਾਵਾਂ ਹੀ ਦਿਸਦਾ ਸੀ। ਮੇਰਾ ਮਨ ਡੋਲ ਗਿਆ। ਆਖ਼ਰ ਨੌਕਰੀ ਵਾਲਾ ਪੱਲੜਾ ਭਾਰੀ ਪੈ ਗਿਆ। ਮਨ ਨੂੰ ਸਮਝੌਤੀ ਦਿੱਤੀ ਕਿ ਨੌਕਰੀ ਪੱਕੀ ਹੋਣ ਪਿੱਛੋਂ ਫਿਰ ਪਹਿਲਾਂ ਵਾਂਗ ਹੋ ਜਾਵਾਂਗਾ, ਪਰ ਲੱਖਾਂ ਘੋਨੇ-ਮੋਨੇ ਪਰਵਾਸੀ ਸਿੱਖਾਂ ਵਾਂਗ ਮੇਰੀ ਉਹ ਫਿਰ' ਅੱਜ ਤਕ ਨਹੀਂ ਆ ਸਕੀ।"

ਪਲ ਦੇ ਪਲ ਲੱਗਿਆ ਜਿਵੇਂ ਉਸ ਅੰਦਰ ਇੱਕ ਧਾਰਮਿਕ ਵਿਅਕਤੀ ਉਸ ਵਿਚਲੇ ਵਿਗਿਆਨੀ ਦਾ ਹੱਥ ਫੜੀ ਬੈਠਾ ਹੋਵੇ। ਮੈਂ ਉਸ ਨੂੰ ਪੁੱਛ ਹੀ ਲਿਆ।

' ਤੇਰੇ ਅੰਦਰਲੇ ਵਿਗਿਆਨੀ ਦੀ ਤੇਰੇ ਵਿਚਲੇ ਧਾਰਮਿਕ ਬੰਦੇ ਨਾਲ ਕਿੰਨੀ ਕੁ ਬਣਦੀ ਹੈ।

ਉਸ ਨੇ ਐਨਕ ਅੰਦਰੋਂ ਆਪਣੀਆਂ ਖੁਰਦਬੀਨੀ



**ਡਾ. ਗੁਰੂਮੇਲ ਸਿੱਧੂ**

ਅੱਖਾਂ ਮੇਰੇ ਵੱਲ ਘੁਮਾਈਆਂ, "ਤੇਰੇ ਵਾਂਗ ਮੈਂ ਵੀ ਧਾਰਮਿਕ ਦੀ ਥਾਂ ਧਰਮੀ ਹੋਣ ਵਿੱਚ ਯਕੀਨ ਰੱਖਦਾ ਹਾਂ। ਲੋਕਗੀਤਾਂ ਵਿਚਲੇ ਧਰਮੀ ਬਾਬਲ' ਵਾਲਾ ਧਰਮੀ'। ਧਾਰਮਿਕ ਬੰਦਾ ਧਰਮੀ ਵੀ ਹੋ ਸਕਦਾ ਹੈ, ਪਰ ਇਹ ਜ਼ਰੂਰੀ ਨਹੀਂ ਕਿ ਧਰਮੀ ਬੰਦਾ ਧਾਰਮਿਕ ਹੋਵੇ। ਜਿੱਥੇ ਧਾਰਮਿਕ ਬੰਦੇ ਲਈ ਪਹਿਲ ਆਪਣੇ ਧਰਮ ਦੀ ਰਹਿਤ-ਮਰਿਯਾਦਾ ਤੇ ਪਛਾਣ ਹੁੰਦੀ ਹੈ ਉੱਥੇ ਧਰਮੀ ਬੰਦੇ ਦੀ ਪਹਿਲ ਇਨਸਾਨੀ ਕਦਰਾਂ-ਕੀਮਤਾਂ ਨਿਭਾਉਣਾ ਹੁੰਦਾ ਹੈ। ਇਸੇ ਲਈ ਸਿੱਖ ਧਰਮ ਵਿੱਚ ਮੇਰੀ ਦਿਲਚਸਪੀ ਧਾਰਮਿਕ ਨਹੀਂ, ਅਕਾਦਮਿਕ ਹੈ।'

.................

ਮੋਟੇ ਤੌਰ 'ਤੇ ਕਿਹਾ ਜਾਂਦਾ ਹੈ ਕਿ ਕਵਿਤਾ ਅਨੁਭੂਤੀਆਂ ਦੀ ਪੇਸ਼ਕਾਰੀ ਹੈ ਤੇ ਵਿਗਿਆਨ ਤੱਥਾਂ ਦੀ- ਦੋਵਾਂ ਵਿੱਚ ਕੁਝ ਵੀ ਸਾਂਝਾ ਨਹੀਂ- ਦੋਵਾਂ ਦਾ ਇੱਕ ਦੂਜੇ ਨਾਲ ਕੋਈ ਸਬੰਧ ਨਹੀਂ। ਪਰ, ਭਾਵੇਂ ਵਿਰਲੇ ਵਿਰਲੇ ਹੀ ਸਹੀ, ਸਦੀਆਂ ਤੋਂ ਵਿਗਿਆਨੀ ਕਵਿਤਾਵਾਂ ਰਚਦੇ ਤੇ ਕਵੀ ਆਪਣੀਆਂ ਰਚਨਾਵਾਂ ਵਿੱਚ ਵਿਗਿਆਨਕ ਵਿਸ਼ਿਆਂ ਨੂੰ ਬੁਣਦੇ ਆ ਰਹੇ ਹਨ। ਅੰਗਰੇਜ਼ੀ ਦਾ ਮਹਾਂਕਵੀ ਗੋਥੇ ਜਾਣਿਆ-ਪਛਾਣਿਆ ਵਿਗਿਆਨੀ ਵੀ ਸੀ। ਅਠਾਰਵੀਂ ਸਦੀ ਵਿੱਚ ਬਣੇ ਜੀਵ ਵਿਕਾਸ ਦੇ ਸਿਧਾਂਤ ਦੇ ਖੋਜੀ ਡਾਰਵਿਨ ਦੀ ਕਵਿਤਾ ਦਿ ਟੈਂਪਲ ਆਫ ਨੇਚਰ' ਕੀਟ ਤੋਂ ਮਨੁੱਖੀ ਸਮਾਜ ਦੇ ਵਿਗਸਣ ਦੇ ਸਿਧਾਂਤ ਨੂੰ ਰੇਖਾਂਤ ਕਰਦੀ ਹੈ। ਕਈਆਂ ਦਾ ਇਹ ਵੀ ਮੰਨਣਾ ਹੈ ਕਿ ਕਵਿਤਾ ਤੇ ਵਿਗਿਆਨ ਦਾ ਤਾਂ ਨਾੜੂਏ ਦਾ ਰਿਸ਼ਤਾ ਹੈ- ਇੱਕ ਤਰ੍ਹਾਂ ਨਾਲ ਸਾਇੰਸ ਕਵਿਤਾ ਵਿੱਚੋਂ ਪੈਦਾ ਹੋਈ ਕਹੀ ਜਾ ਸਕਦੀ ਹੈ ਕਿਉਂਕਿ ਮਨੁੱਖ ਨੇ ਸੰਸਾਰ ਅਤੇ ਜੀਵਨ ਬਾਰੇ ਮੁੱਢਲੇ ਸੁਆਲ ਕਵਿਤਾ ਵਿੱਚ ਹੀ ਉਠਾਏ। ਕਵੀ ਤੇ ਵਿਗਿਆਨੀ ਦੋਵੇਂ ਵਿਸ਼ੇ ਦੀ ਬਾਰੀਕੀ 'ਚ ਜਾਂਦੇ ਹਨ। ਰੌਚਕ ਗੱਲ ਇਹ ਹੈ ਕਿ ਦੋਵੇਂ ਮੈਟਾਫਰ/ਰੂਪਕ 'ਤੇ ਨਿਰਭਰ ਕਰਦੇ ਹਨ। ਕਵੀ ਰੂਪਕ ਰਚਦਾ ਹੈ ਤੇ ਵਿਗਿਆਨੀ ਰੂਪਕ ਵਿੱਚੋਂ ਤੱਥ ਨੂੰ ਖੋਜਦਾ ਹੈ। ਇਸੇ ਲਈ ਜਦੋਂ ਇਹ ਦੋਵੇਂ ਖ਼ੂਬੀਆਂ ਗੁਰੂਮੇਲ ਵਾਂਗ ਕਿਸੇ ਇੱਕੋ ਵਿਅਕਤੀ ਵਿੱਚ ਪ੍ਰਗਟ ਹੋ ਜਾਣ ਤਾਂ ਲੀਲ੍ਹਾ ਸੰਘਣੀ ਹੋ ਜਾਂਦੀ ਹੈ:

**ਬਲੈਕਹੋਲ**

ਲੈਬ 'ਚ ਵੜਦਿਆਂ
ਕੋਟ ਤੋਂ ਪਹਿਲਾਂ ਸਿਰ,
ਦਸਤਾਨਿਆਂ ਤੋਂ ਪਹਿਲਾਂ ਹੱਥ,
ਬੂਟਾਂ ਤੋਂ ਪਹਿਲਾਂ ਪੈਰ,
ਟੰਗਦਾ ਹਾਂ ਲਾਹ ਕੇ
ਹੈਂਗਰ 'ਤੇ
ਕੰਪਿਊਟਰ ਖੋਲ੍ਹਦਾਂ
ਪਾਸਵਰਡ ਲਈ
ਸਿਰ ਲੱਭਦਾਂ,
ਕਿੱਲੀ 'ਤੇ ਟੰਗਿਆ ਸਿਰ
ਤਾਹਨਾ ਮਾਰਦਾ,
ਪਈ ਨਾ ਮੇਰੀ ਲੋੜ!'
ਘੂਰੀ ਵੱਟ ਕੇ ਆਖਦਾਂ,
ਬਕਬਕ ਨਾ ਕਰ
ਜ਼ਰਾ ਸਬਰ ਕਰ।'
ਸਾਰਾ ਦਿਨ
ਕੀ-ਬੋਰਡ 'ਤੇ ਨਚਾਉਂਦਾ
ਉਂਗਲਾਂ ਦੇ ਪੋਟੇ,
ਨਿੱਸਲ ਜਿਹਾ ਹੋ ਕੇ ਪਹਿਨਦਾ ਹਾਂ
ਕਿੱਲੀ ਤੋਂ ਲਾਹ ਕੇ ਸਿਰ ਨੂੰ
ਸਿਰ ਨਿਹੋਰਾ ਮਾਰਦਾ:
ਆਖ਼ਰ ਪਈ ਨਾ ਮੇਰੀ ਲੋੜ!'
ਸਰ ਨਾ ਖਾ ਮੇਰਾ,
ਪਹਿਨਦਾ ਹਾਂ ਤੈਨੂੰ
ਲੈ ਕੇ ਜਾਣ ਲਈ ਘਰ ਨੂੰ
ਮਨੁੱਖ ਦਾ ਚਿਹਰਾ।
ਬਹੁਤਾ ਬੋਲਿਆ ਤਾਂ
ਲਾਹ ਕੇ ਵਗਾਹ ਮਾਰਾਂਗਾ
ਸੰਸਕ੍ਰਿਤੀ ਦੀ ਬਲੈਕਹੋਲ ਵਿੱਚ।'

ਗੁਰੂਮੇਲ ਦਾ ਕਹਿਣਾ ਹੈ ਕਿ ਕਵਿਤਾ ਉਸ ਦੇ ਮੱਸ ਵਿੱਚ ਸੀ ਤੇ ਵਿਗਿਆਨ ਦੀ ਤਾਲੀਮ ਦਬਕੇ ਵਾਲੇ ਅਧਿਆਪਕ ਤਾਏ ਤੇ ਪਰਵਾਸੀ ਪਿਓ ਦੀ ਚੋਣ ਸੀ। ਅੱਠ ਕਾਵਿ ਸੰਗ੍ਰਹਿਆਂ ਵਿੱਚ ਦਰਜ ਉਸ ਦੀ ਕਵਿਤਾ ਦੀ ਇਹ ਖ਼ੂਬੀ ਹੈ ਕਿ ਅਜੋਕੀ ਬਹੁਤੀ ਪੰਜਾਬੀ ਕਵਿਤਾ ਦੇ ਵਿਪਰੀਤ, ਇਹ ਨਾ ਪਾਠਕ ਨੂੰ ਉਪਭਾਵਕ ਕਰਦੀ ਹੈ ਤੇ ਨਾ ਰੋਮਾਨੀ ਸੰਸਾਰ 'ਚ ਲੈ ਕੇ ਜਾਂਦੀ ਹੈ। ਇਹ ਪਾਠਕ ਨੂੰ ਦਾਰਸ਼ਨਿਕ ਬਣਾਉਂਦੀ ਹੈ। ਇਸੇ ਲਈ ਇਹ ਪੰਜਾਬੀ ਕਵਿਤਾ ਦੀ ਮੁੱਖ ਧਾਰਾ ਤੋਂ ਵਿੱਥ ਪਾ ਕੇ ਚੱਲਦੀ ਹੈ। ਵਿਗਿਆਨੀ ਹੋਣ ਕਾਰਨ ਚਾਹੇ ਗੁਰੂਮੇਲ ਕਵਿਤਾ ਕਹਿ ਰਿਹਾ ਹੋਵੇ, ਆਲੋਚਨਾ ਕਰ ਰਿਹਾ ਹੋਵੇ ਜਾਂ ਤਵਾਰੀਖ ਲਿਖ ਰਿਹਾ ਹੋਵੇ, ਉਸ ਦੇ ਅੰਦਰਲਾ ਵਿਗਿਆਨੀ ਖੁਰਦਬੀਨ ਲੈ ਕੇ ਨਾਲ ਨਾਲ ਚੱਲਦਾ ਹੈ। ਮਸਲਨ ਜੇ ਕਿਸੇ ਕੁੜੀ ਦੀਆਂ ਗੱਲ੍ਹਾਂ ਵਿੱਚ ਪੈਂਦੇ ਟੋਇਆਂ ਨਾਲ ਉਸ ਦੀ ਖ਼ੂਬਸੂਰਤੀ ਦੇ ਨਮਕੀਨ ਹੋ ਜਾਣ ਦੀ ਕਾਵਿਕ ਤਾਰੀਫ਼ ਕਰਦਾ ਹੈ ਤਾਂ ਦੂਜੇ ਪਲ ਇਹ ਵੀ ਦੱਸਣ ਲੱਗਦਾ ਹੈ ਕਿ ਇਨ੍ਹਾਂ ਟੋਇਆਂ ਦੇ ਬਣਨ ਦਾ ਵਿਗਿਆਨਕ ਕਾਰਨ ਕੁੜੀ ਦੇ ਇੱਕ ਜੀਨ ਦਾ ਕਮਜ਼ੋਰ ਹੋਣਾ ਹੈ। ਇੰਜ ਹੀ ਗ਼ਜ਼ਲ ਦਾ ਤੋਲ-ਤੁਕਾਂਤ ਵੀ ਉਸ ਨੂੰ ਅਲਜਬਰੇ ਦਾ ਇੱਕ ਫਾਰਮੂਲਾ ਨਜ਼ਰ ਆਉਂਦਾ ਹੈ। ਇੱਥੋਂ ਤਕ ਕਿ ਜਿਸ ਖੁੱਲ੍ਹੀ ਕਵਿਤਾ ਨੂੰ ਪੰਜਾਬੀ ਵਾਲੇ ਐਵੇਂ ਹੀ ਸਮਝਦੇ ਹਨ, ਉਸ ਦੇ ਅਨੁਸ਼ਾਸਨ ਦਾ ਆਰੂਜ਼' (ਖੁੱਲ੍ਹੀ ਕਵਿਤਾ ਦੇ ਮਾਪਦੰਡ) ਵੀ ਗੁਰੂਮੇਲ ਨੇ ਹੀ ਲਿਖਿਆ ਹੈ। ਅੱਜਕੱਲ੍ਹ ਅਮਰੀਕਾ ਵਿੱਚ ਮੈਂ ਤੇ ਗੁਰੂਮੇਲ ਭਾਵੇਂ ਕਾਰ ਰਾਹੀਂ ਇੱਕ ਦੂਜੇ ਤੋਂ ਕਰੀਬ ਤਿੰਨ ਘੰਟਿਆਂ ਦੀ ਦੂਰੀ 'ਤੇ ਰਹਿੰਦੇ ਹਾਂ; ਪਰ ਫੋਨ, ਵਟਸਐਪ, ਵੀਡੀਓ ਟਾਕ, ਨੈੱਟ ਚੈਟ ਕਾਰਨ ਇਹ ਦੂਰੀ ਪਿਚਕ ਕੇ ਗੁਆਂਢ-ਮੱਥਾ ਬਣੀ ਹੋਈ ਹੈ। ਵੈਸੇ ਵੀ ਗੁਰੂਮੇਲ ਦਾ ਸ਼ਹਿਰ ਫਰਿਜ਼ਨੋ, ਜਿਸ ਨੂੰ ਪੰਜਾਬੀਆਂ ਦੀ ਮੁਕਾਬਲਤਨ ਸੰਘਣੀ ਵਸੋਂ ਕਾਰਨ ਅਮਰੀਕਾ ਦਾ ਬਰੈਂਪਟਨ ਕਿਹਾ ਜਾਂਦਾ ਹੈ, ਪੰਜਾਬੀ ਸਾਹਿਤਕ ਗਤੀਵਿਧੀਆਂ ਦਾ ਮਰਕਜ਼ ਹੈ। ਇਸ ਲਈ ਉੱਥੇ ਮੇਰਾ ਗੇੜਾ ਤੇ ਗੇੜੀ ਦੋਵੇਂ ਅਕਸਰ ਵੱਜਦੇ ਰਹਿੰਦੇ ਹਨ। ਇਨ੍ਹਾਂ ਲੰਬੀਆਂ ਮੁਲਾਕਾਤਾਂ, ਸੈਰਾਂ, ਗੋਸ਼ਟੀਆਂ ਤੇ ਸਫ਼ਰਾਂ ਦਾ ਹੀ ਹਾਸਲ ਹੈ ਕਿ ਗੁਰੂਮੇਲ ਜਿਹੇ ਚੁੱਪ-ਕੀਤੇ ਬੰਦੇ ਦੇ ਨਿੱਜ 'ਤੇ ਲੱਗਿਆ ਰੋਪੜੀ ਤਾਲਾ ਖੁੱਲ੍ਹ ਗਿਆ:

ਸਕੂਲ ਦਾ ਆਖ਼ਰੀ ਵਰ੍ਹਾ। ਧੱਕੜ ਹਮਜਮਾਤਣ ਪਿਆਰ ਦੀ ਨਿਸ਼ਾਨੀ ਵਜੋਂ ਉਸ ਲਈ ਹੱਥੀਂ ਬੁਣੀਆਂ ਜੁਰਾਬਾਂ ਉਸ ਦੇ ਘਰ ਹੀ ਛੱਡ ਗਈ ਸੀ। ਅੱਗੋਂ ਉਹ ਤਾਈ ਦੇ ਹੱਥ ਲੱਗ ਗਈਆਂ ਸੀ। ਉਸ ਦੇ ਸਕੂਲੋਂ ਪਰਤਣ ਤਕ ਪਰਿਵਾਰ ਵਿੱਚ ਜ਼ਲਜ਼ਲਾ ਆਇਆ ਪਿਆ ਸੀ। ਜੁਰਾਬਾਂ ਵਿਖਾ ਵਿਖਾ ਕੇ ਉਸ ਤੋਂ ਸਫ਼ਾਈ ਮੰਗੀ ਜਾ ਰਹੀ ਸੀ ਤੇ ਪਿੰਡ ਦੀ ਕੁੜੀ ਨਾਲ ਇਸ਼ਕ ਕਰਨ ਦੇ ਖ਼ਤਰੇ ਗਿਣਾਏ ਜਾ ਰਹੇ ਸਨ। ਸਿੱਟਾ ਇਹ ਕਿ ਲੱਖ ਬੋਚਣ ਦੇ ਬਾਵਜੂਦ ਇਸ ਗੱਲ ਦਾ ਕਚੀਰਾ ਸਾਰਾ ਪਿੰਡ ਕਰਨ ਲੱਗ ਪਿਆ ਸੀ। ਪਿਓ ਪਰਦੇਸ ਸੀ ਤੇ ਘਰ ਦੀ ਵਾਗਡੋਰ ਤਾਏ ਦੇ ਹੱਥ। ਤਾਇਆ ਭਾਵੇਂ ਸਕੂਲ ਅਧਿਆਪਕ ਸੀ, ਫਿਰ ਵੀ ਉਸ ਨੇ ਇਸ ਸਮੱਸਿਆ ਦਾ ਸਮਾਧਾਨ ਰਵਾਇਤੀ ਹੀ ਕੀਤਾ- ਪੰਛੀ ਦੇ ਪੰਖ ਖੁੱਲ੍ਹੇ ਛੱਡ ਦੇਵੋ ਪਰ ਪੈਰਾਂ ਵਿੱਚ ਡੋਰ ਪਾ ਦੇਵੋ। ਮਰਜ਼ੀ ਦੇ ਖ਼ਿਲਾਫ਼ ਤਾਏ ਨੇ ਛੋਟੀ ਉਮਰੇ ਉਸ ਦਾ ਪਹਿਲਾ ਵਿਆਹ ਕਰਵਾ ਦਿੱਤਾ।

ਉਸ ਕਿਹਾ, "ਸੱਚ ਪੁੱਛਦਾ ਹੈਂ ਤਾਂ ਉਸ ਤੋਂ ਬਾਅਦ ਮੇਰਾ ਪਿੰਡ ਨਾਲ ਮੋਹ ਭੰਗ ਹੋ ਗਿਆ। ਇਸ ਮਾਸੂਮ ਜਿਹੀ ਘਟਨਾ ਨਾਲ ਮੇਰਾ ਜਿਵੇਂ ਇੱਕ ਹਿੱਸਾ ਦੱਬ ਗਿਆ ਸੀ ਜੋ ਦੱਬਿਆ ਹੀ ਆ ਰਿਹਾ ਹੈ। ਹੁਣ ਤਾਂ ਕਈ ਕਈ ਵਰ੍ਹਿਆਂ ਪਿੱਛੋਂ ਵੱਜਣ ਵਾਲੀਆਂ ਵਤਨ ਦੀਆਂ ਫੇਰੀਆਂ ਦੇ ਦਿਨ ਵੀ ਜ਼ਿਆਦਾਤਰ ਦਿੱਲੀ, ਚੰਡੀਗੜ੍ਹ ਤੇ ਲੁਧਿਆਣਾ 'ਚ ਹੀ ਕੱਟ ਜਾਂਦੇ ਹਨ। ਪਿੰਡ ਦੇ ਹਿੱਸੇ ਤਾਂ ਕੁਝ ਘੰਟੇ ਹੀ ਆਉਂਦੇ ਹਨ। ਇਸੇ ਲਈ ਮੇਰੇ ਪਰਵਾਸ ਨੂੰ ਤੂੰ ਪੂਰਨ ਪਰਵਾਸ ਕਹਿ ਸਕਦਾ ਹੈਂ।"

'ਮੰਨਿਆ ਜੱਦੀ ਪਿੰਡ ਨਾਲ ਤੇਰਾ ਰੋਸਾ ਚਲ ਰਿਹਾ ਹੈ, ਪਰ ਜਿਸ ਪੰਜਾਬ ਨਾਲ ਤੇਰਾ ਸਭਿਆਚਾਰਕ ਤੇ ਸਾਹਿਤਕ ਲਗਾਓ ਹੈ, ਉਸ ਦਾ ਹੇਰਵਾ ਤਾਂ ਜਾਗਦਾ ਹੀ ਹੋਵੇਗਾ।

- ਹੇਰਵਾ ਨਹੀਂ, ਮੇਰੇ ਮਨ 'ਚ ਪੰਜਾਬ ਦਾ ਫ਼ਿਕਰ ਜਾਗਦਾ ਹੈ। ਉਦੋਂ ਵੀ ਜਦੋਂ ਮੇਰੀਆਂ ਵਿਕਸਿਤ ਕੀਤੀਆਂ ਕਪਾਹ ਦੀਆਂ ਕਿਸਮਾਂ ਨੂੰ ਤੁਰਕੀ ਤੇ ਯੂਨਾਨ ਦੀਆਂ ਸਰਕਾਰਾਂ ਉਗਾਉਂਦੀਆਂ ਹਨ ਤੇ ਉਦੋਂ ਵੀ ਜਦੋਂ ਇੱਕ ਪਾਸੇ ਮਿੱਟੀ ਤੋਂ ਬਿਨਾਂ ਖੇਤੀ ਸੰਭਵ ਬਣਾਉਣ ਵਾਲੀਆਂ ਅਤਿ-ਆਧੁਨਿਕ ਕੌਂਤਕੀ ਤਕਨੀਕਾਂ ਬਾਰੇ ਸੁਣਦਾ/ਪੜ੍ਹਦਾ ਹਾਂ ਤੇ ਦੂਜੇ ਪਾਸੇ ਪੰਜਾਬ ਦੇ ਪੈਰੋਂ-ਪੈਰ ਖ਼ਤਮ ਹੋ ਰਹੇ ਖੇਤ ਚੇਤੇ ਆਉਂਦੇ ਹਨ। ਸੋ ਕਹਿ ਸਕਦੇ ਹੋ ਕਿ ਹੁਣ ਪੰਜਾਬ ਨਾਲ ਵੀ ਮੇਰਾ ਸਬੰਧ ਅਕਾਦਮਿਕ ਹੀ ਰਹਿ ਗਿਆ ਹੈ।"

' ਅਕਾਦਮਿਕ ਸਬੰਧ? ਫਿਰ ਜਦੋਂ ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਦਾ ਉਪ ਕੁਲਪਤੀ ਲਾਉਣ ਲਈ ਤੁਹਾਨੂੰ ਟੋਹਿਆ ਗਿਆ ਸੀ ਤਾਂ ਇਨਕਾਰ ਕਿਉਂ ਕਰ ਦਿੱਤਾ ਸੀ?

- "ਸੂਬੇ ਦੇ ਬੇਤਵਾਜ਼ਨ ਸਰਕਾਰੀ ਤੇ ਸਿਆਸੀ ਮਾਹੌਲ ਬਾਰੇ ਸੋਚ ਕੇ। ਭਾਰਤੀ ਯੂਨੀਵਰਸਿਟੀਆਂ ਦੇ ਹੋਏ ਸਿਆਸੀਕਰਨ ਬਾਰੇ ਸੋਚ ਕੇ? ਇੱਥੇ (ਉੱਤਰੀ ਅਮਰੀਕਾ 'ਚ) ਯੂਨੀਵਰਸਿਟੀਆਂ ਵਿਚਾਰਾਂ 'ਤੇ ਕੰਮ ਕਰਨ ਦੀ ਆਜ਼ਾਦੀ ਦੀਆਂ ਜ਼ਾਮਨ ਹੁੰਦੀਆਂ ਹਨ, ਪਰ ਇੰਡੀਆ ਵਿੱਚ ਆਮ ਕਰਕੇ ਸਿਆਸੀ ਚਮਚਿਆਂ ਦੇ ਕੁਟੰਬ।"

' ਮਨ ਦਾ ਕੋਈ ਅਜਿਹਾ ਖੂੰਜਾ ਜੋ ਅਣਫਰੋਲਿਆ ਰਹਿ ਗਿਆ ਹੋਵੇ। ਕੁਝ ਪਲਾਂ ਦੀ ਖ਼ਾਮੋਸ਼ੀ ਪਿੱਛੋਂ ਗੁਰੂਮੇਲ ਦੀ ਆਵਾਜ਼ ਧੀਮਾਪਣ ਤੇ ਚਿਹਰਾ ਇੰਕਸ਼ਾਫੀ ਮੁਦਰਾ ਫੜ ਜਾਂਦਾ ਹੈ, "ਇਹ ਗੱਲ ਸਹੀ ਹੈ ਕਿ ਪਰਵਾਸ ਨੂੰ ਮੈਂ ਪੂਰਨ ਰੂਪ ਵਿੱਚ ਇਸ ਤਰ੍ਹਾਂ ਆਤਮਸਾਤ ਕਰ ਲਿਆ ਹੈ ਕਿ ਹੁਣ ਨਾ ਪੰਜਾਬ ਦੇ ਨਾਂ 'ਤੇ ਮੈਨੂੰ ਹੌਲ ਪੈਂਦਾ ਹੈ, ਨਾ ਪਿੰਡ ਦੇ ਨਾਂ 'ਤੇ ਅੱਖ ਭਰਦੀ ਹੈ। ਪਰ ਘੁੰਡੀ ਇਹ ਹੈ ਕਿ ਦੋ ਚੀਜ਼ਾਂ ਹਾਲੇ ਵੀ ਪ੍ਰਸੰਗ ਬਦਲ ਬਦਲ ਕੇ ਸੁਪਨਿਆਂ ਵਿੱਚ ਆਉਣੋਂ ਨਹੀਂ ਹਟਦੀਆਂ: ਇੱਕ ਨਾਨਕਸ਼ਾਹੀ ਇੱਟਾਂ ਦਾ ਪਿੰਡ ਵਿਚਲਾ ਜੱਦੀ ਘਰ ਤੇ ਦੂਜਾ ਹਮਜਮਾਤਣ ਵੱਲੋਂ ਮੇਰੇ ਲਈ ਬੁਣੀਆਂ ਜੁਰਾਬਾਂ।"

# Sir Speedy Tustin
Printers to the Community

**Outdoor 3'x11' Promo Flag**
Only $29/-
Pole & Spike $55/-

**Outdoor 3'x6' Durable Banner**
All weather, durable to sunlight, rain and wear & tear. Text only.
Only $69/-

**Receipt Books**
Customized with your information and design. 2 part carbonless with numbering and perforation.
Call for Price

**Retractable 33"x 80" Banner**
Includes stand and carry bag. Hi-res imaging, durable and Brilliant colors!
Only $225/-

**All Weather 18"x24" Yard Signs**
Includes H-stakes. Single sided, durable to sunlight and rain. Reusable!
$49/- for 4

**11" Printed Balloons**
Printed with your logo and info. One color, one location. Min. qty 1000
19¢ each

**Your Printed T-Shirts**
White T-Shirts, 1 color screen printing in 1 position. Min Qty. 100
Only $4.99

**Your Printed Caps**
1 color in 1 position. Min Qty. 100
Only $4.99

**Trip Envelopes** Qty 1000
Only $199/-

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW



# ਗੁਜਰਾਤ ਫਾਈਲਜ਼

## ਪਰਦਾਪੋਸ਼ੀ ਦੀ ਚੀਰਫਾੜ

ਅਨੁਵਾਦ : ਬੂਟਾ ਸਿੰਘ

# ਜ਼ਾਤੀ ਤੌਰ 'ਤੇ ਮੈਂ ਮੁਕਾਬਲਿਆਂ ਦੇ ਖ਼ਿਲਾਫ਼ ਹਾਂ, ਇਹ ਇਕ ਤਰ੍ਹਾਂ ਦਾ ਕਤਲ ਹਨ, ਪਰ ਕਦੇ ਕਦਾਈਂ ਇਹ ਜ਼ਰੂਰੀ ਹੋ ਜਾਂਦੇ ਹਨ

**ਰਾਣਾ ਅਯੂਬ**

ਸਵਾਲ: ਕਿਸ ਤਰ੍ਹਾਂ ਦੀ ?

ਜਵਾਬ: ਉਸ ਨੂੰ ਭੇਡਾਂ ਅਤੇ ਉਨ ਮਹਿਕਮੇ ਦਾ ਚੇਅਰਮੈਨ ਬਣਾ ਦਿੱਤਾ ਗਿਆ। (ਹੱਸਦਾ ਹੈ)

ਸਵਾਲ: ਅੱਛਾ.... ਇਹ ਤਾਂ ਸਜ਼ਾ ਦੇਣ ਵਰਗੀ ਨਿਯੁਕਤੀ ਹੈ।



ਜਵਾਬ: ਇਹੀ ਗੱਲ ਸੀ, ਇਸਦਾ ਮਤਲਬ ਸੀ ਸਜ਼ਾ ਵਜੋਂ ਨਿਯੁਕਤੀ। ਜੇ ਤੁਸੀਂ ਸਰਕਾਰ ਦੇ ਖਿਲਾਫ਼ ਜਾਂਦੇ ਹੋ ਤਾਂ ਮੇਰਾ ਮਤਲਬ ਹੈ... ਮੇਰਾ ਮਤਲਬ ਹੈ ਨਹੀਂ ਤਾਂ ਉਹ ਡੀ ਜੀ ਬਣਨ ਦੇ ਸਭ ਤੋਂ ਕਾਬਲ ਬੰਦਾ ਸੀ।

ਉਸਨੇ ਪੁਲਿਸ ਅਤੇ ਸੁਧਾਰਾਂ ਵਿਚ ਪੀ ਐੱਚ ਡੀ ਵੀ ਕੀਤੀ ਹੋਈ ਸੀ। ਪਰ ਉਹ ਤਾਂ ਬਸ ਬਦਲਾ ਲੈਣਾ ਚਾਹੁੰਦਾ ਸੀ ਇੱਥੋਂ ਇਸਦਾ ਮੁੱਢ ਬੱਝਿਆ।

ਮੁੱਖ ਮੰਤਰੀ ਹਮੇਸ਼ਾ ਕਹਿੰਦੇ ਸਨ ਕਿ ਉਹ ਬਹੁਤ ਹੀ ਗੈਸੀ। ਦਰਅਸਲ ਗ੍ਰਹਿ ਮੰਤਰੀ ਨਾਲ ਉਸਦੀ ਬਹੁਤ ਬਣਦੀ ਸੀ।

ਸਵਾਲ: ਪਰ ਗ੍ਰਹਿ ਮੰਤਰੀ ਸੱਚੀਓਂ ਹੀ ਇਕ ਪਾਤਰ ਹੈ ?

ਜਵਾਬ: ਪਰ ਮੈਂ ਤਾਂ ਤੁਹਾਨੂੰ ਮਸ਼ਵਰਾ ਦਿਆਂਗਾ ਕਿ ਉਸ ਨੂੰ ਮਿਲੋ, ਉਹ ਜ਼ਮਾਨਤ ਉੱਪਰ ਹੈ ਪਰ ਸ਼ਰਤ ਇਹ ਹੈ ਕਿ ਉਹ ਗੁਜਰਾਤ ਨਹੀਂ ਜਾ ਸਕਦਾ। ਇਸ ਲਈ ਮੈਂ ਤੁਹਾਨੂੰ ਸਲਾਹ ਦਿਆਂਗਾ ਕਿ ਉਸਨੂੰ ਮਿਲੋ। ਉਹ ਸ਼ਾਨਦਾਰ ਬੰਦਾ ਹੈ। ਬਹੁਤ ਹੀ ਤੇਜ਼ ਤਰਾਰ। ਬਹੁਤ ਹੀ ਰੌਚਕ ਖ਼ੂਵਾਲਾ।

ਸਵਾਲ: ਸਿਧਾਂਤ ਵਾਲਾ ਬੰਦਾ ?

ਜਵਾਬ: ਹਾਂ, ਉਹ ਧੁਰ ਅੰਦਰੋਂ ਆਰ ਐੱਸ ਐੱਸ ਹੈ।

ਸਵਾਲ: ਇਹ ਸਾਰਾ ਕੁਝ ਕਿਉਂ ਵਾਪਰ ਰਿਹਾ ਹੈ ?

ਜਵਾਬ: ਪਰ ਤੀਸਤਾ ਅਤੇ ਸਿਨਹਾ ਵਰਗੇ ਲੋਕ ਇਸ ਨੂੰ ਪਸੰਦ ਕਰਨਗੇ।

ਦੇਖੋ, ਤੁਸੀਂ ਜੋ ਕਹਿ ਰਹੇ ਹੋ, 80 ਫ਼ੀਸਦੀ ਜਨਤਾ ਬਹੁਗਿਣਤੀ ਦੀ, ਹਿੰਦੂਆਂ ਦੀ ਹੈ। ਇਸ ਕਰਕੇ ਤੁਹਾਨੂੰ ਉਨ੍ਹਾਂ ਦਾ ਖ਼ਿਆਲ ਤਾਂ ਰੱਖਣਾ ਹੀ ਪਵੇਗਾ। ਜਿਵੇਂ ਕਾਂਗਰਸ ਕਰਦੀ ਹੈ। ਅਤੇ ਉਨ੍ਹਾਂ ਨੂੰ ਮੁਸਲਮਾਨਾਂ ਦੀਆਂ ਲਾਕਾਨੂੰਨੀ ਕਾਰਵਾਈਆਂ ਦਾ ਸਾਥ ਦੇਣਾ ਪੈਂਦਾ ਹੈ। ਮੁਸਲਮਾਨ ਕਿੰਨਾ ਵੀ ਗ਼ਲਤ ਕਿਉਂ ਨਾ ਕਰਨ, ਤੁਸੀਂ ਉਨ੍ਹਾਂ ਦੀ ਹਮਾਇਤ ਕਰਨ 'ਤੇ ਤੁਲੇ ਹੋਏ ਹੋ। ਹਿੰਦੂ ਕਿੰਨਾ ਵੀ ਚੰਗਾ ਕਰਨ, ਤੁਸੀਂ ਉਨ੍ਹਾਂ ਦਾ ਵਿਰੋਧ ਕਰਦੇ ਹੋ ?

ਸਵਾਲ: ਪਰ ਕੀ ਇੰਝ ਹਿੰਦੂ ਮੁਕਤੀ ਮਹਿਸੂਸ ਕਰਨਗੇ ?

ਜਵਾਬ: ਹਾਂ ਤੁਸੀਂ, ਹੁਣ ਜ਼ਰਾ ਸ਼ਹਿਰ ਦਾ ਗੇੜਾ ਮਾਰੋ ਅਤੇ ਹਿੰਦੂ ਤੇ ਮੁਸਲਿਮ ਦਬਦਬੇ ਵਾਲੇ ਇਲਾਕਿਆਂ ਵਿਚ ਜਾ ਕੇ ਦੇਖੋ। ਅਸੀਂ ਬਹੁਤ ਸਾਰੇ ਕਾਲਾਂ ਦੇ ਰਿਕਾਰਡ ਦੀ ਛਾਣਬੀਣ ਕੀਤੀ ਹੈ। ਆਈ ਐੱਮ ਦੇ ਬੰਦੇ (ਗੁਜਰਾਤ ਬੰਬ ਧਮਾਕਿਆਂ ਦੇ ਦੋਸ਼ੀ ਇੰਡੀਅਨ ਮੁਜਾਹਦੀਨ) ਇੰਝ ਫੜੇ ਗਏ ਸਨ।

ਸਵਾਲ: ਅੱਛਾ !

ਜਵਾਬ: ਅਤੇ ਸੁਪਰੀਮ ਕੋਰਟ ਕਹਿੰਦੀ ਹੈ ਕਿ ਉਨ੍ਹਾਂ 'ਤੇ ਮੁਕੱਦਮੇ ਨਾ ਚਲਾਓ।

ਸਵਾਲ: ਉਹ ਕਿਉਂ ?

ਜਵਾਬ: ਘੱਟਗਿਣਤੀ ਨੂੰ ਖੁਸ਼ ਕਰਨਾ ਹੈ ਹੋਰ ਕੀ।

ਸਵਾਲ: ਸੁਪਰੀਮ ਕੋਰਟ ਵਿਚ ਵੀ ਇਹ ਹੁੰਦਾ ਹੈ ?

ਜਵਾਬ: ਬਿਲਕੁਲ ਹੁੰਦਾ ਹੈ।

ਇਨ੍ਹਾਂ ਲੋਕਾਂ ਨੂੰ ਕੰਧ ਨਾਲ ਖੜ੍ਹੇ ਕਰਕੇ ਗੋਲੀ ਨਾਲ ਉਡਾ ਦੇਣਾ ਚਾਹੀਦਾ ਹੈ। ਤੁਸੀਂ ਜਾਣਦੇ ਹੋ ਕਿ ਇਕ ਬੰਬ ਧਮਾਕਾ ਹੁੰਦਾ ਹੈ, ਛੇ ਬੰਦੇ ਮਾਰੇ ਜਾਂਦੇ ਹਨ ਅਤੇ ਫਿਰ ਇਕ ਹੋਰ ਹੁੰਦਾ ਹੈ ਅਤੇ ਤੀਜਾ ਹਸਪਤਾਲ ਦੇ ਟਰੌਮਾ ਸੈਂਟਰ ਨੇੜੇ ਹੁੰਦਾ ਹੈ ਅਤੇ ਇਹ ਉਹ ਥਾਂ ਹੈ ਜਿੱਥੇ ਫੱਟੜ ਮਰੀਜ਼ ਆਉਂਦੇ ਹਨ। ਇਸ ਲਈ ਮੈਂ ਮੁੱਖ ਮੰਤਰੀ ਨੂੰ ਫ਼ੋਨ ਕਰਕੇ ਕਿਹਾ ਕਿ ਉੱਥੇ ਨਾ ਜਾਇਓ। ਉਹ ਓਦੋਂ ਕਮਿਸ਼ਨਰ ਦੇ ਦਫ਼ਤਰ ਪਹੁੰਚ ਚੁੱਕੇ ਸਨ। ਬੰਬ ਇਕ ਵੈਨ ਵਿਚ ਰੱਖਿਆ ਹੋਇਆ ਸੀ।




ਭਾਗ ਅੱਠਵਾਂ

ਤੁਸੀਂ ਇਸ ਸਿਲਸਿਲੇ ਦੀ ਚਾਲਬਾਜ਼ੀ ਦੇਖ ਸਕਦੇ ਹੋ। ਫਿਰ ਤੁਸੀਂ ਉਨ੍ਹਾਂ ਨੂੰ ਖੁਸ਼ ਕਰਨਾ ਚਾਹੁੰਦੇ ਹੋ। ਕਾਹਦੀ ਖ਼ਾਤਰ ? ਵੋਟਾਂ ਖਾਤਰ। ਮੇਰਾ ਗੂੜ੍ਹਾ ਯਾਰ ਇਕ ਮੁਸਲਮਾਨ ਹੈ ਪਰ ਉਹ ਵੱਖਰੀ ਗੱਲ ਹੈ, ਉਹ ਮਹਿਜ਼ ਇਕ ਬੰਦਾ ਹੈ। ਉਸ ਵਰਗੇ ਬੰਦਿਆਂ ਨਾਲ ਵਰਤਾਓ ਕਰਨ 'ਚ ਮੈਨੂੰ ਕੋਈ ਮੁਸ਼ਕਲ ਨਹੀਂ।

ਸਵਾਲ: ਮੈਨੂੰ ਖੁਸ਼ੀ ਹੈ ਕਿ ਮੁਸਲਮਾਨਾਂ ਨੂੰ ਫ਼ਸਾਦਾਂ ਦਰਮਿਆਨ ਸਬਕ ਸਿਖਾਇਆ ਗਿਆ।

ਜਵਾਬ: ਤਾਂ ਫਿਰ, ਤੁਸੀਂ ਇਕ ਜਗ੍ਹਾ ਪਹੁੰਚ ਕੇ ਇਹ ਮਹਿਸੂਸ ਕਰਦੇ ਹੋ ਕਿ ਜੋ ਹੂਆ ਠੀਕ ਹੂਆ, ਇਸੇ ਕਰਕੇ ਮੈਂ ਬਹੁਤ ਖੁਸ਼ ਹਾਂ ਕਿ ਮੈਂ ਇਨ੍ਹਾਂ ਲੋਕਾਂ (ਮੁਸਲਮਾਨਾਂ) ਨੂੰ ਜੇਲ੍ਹਾਂ ਦੀਆਂ ਸੀਖਾਂ ਪਿੱਛੇ ਭੇਜਣ ਵਿਚ ਕਾਮਯਾਬ ਰਿਹਾ। ਇਹ ਸਭ ਤੋਂ ਤਸੱਲੀ ਵਾਲੀ ਗੱਲ ਸੀ।

ਇਸੇ ਕਰਕੇ ਮੁਕੁਲ ਸਿਨਹਾ ਅਤੇ ਤੀਸਤਾ ਵਰਗੇ ਲੋਕ ਕਹਿਣਗੇ ਕਿ ਇਥੇ ਅਰਾਜਕਤਾ ਫੈਲੀ ਹੋਈ ਹੈ। ਹਾਂ ਇਥੇ ਅਰਾਜਕਤਾ ਹੈ ਪਰ ਇਹ ਅਰਾਜਕਤਾ ਪੈਦਾ ਕਿਸਨੇ ਕੀਤੀ, ਇਨ੍ਹਾਂ ਹੀ ਮੁਸਲਮਾਨਾਂ ਨੇ।

ਇਹ ਗੱਲ ਨਹੀਂ ਕਿ ਮੈਨੂੰ ਸਿਆਸੀ ਪਾਰਟੀਆਂ ਨਾਲ ਬਹੁਤ ਹੇਜ ਹੈ, ਪਰ ਜੇ ਕਾਂਗਰਸ ਇਸ ਤਰ੍ਹਾਂ ਦੀ ਹੈ, ਮੈਂ ਵੀ ਇਸੇ ਤਰ੍ਹਾਂ ਭਾਜਪਾ ਦਾ ਸਾਥ ਦਿਆਂਗਾ।

ਸਵਾਲ: ਤੁਸੀਂ ਮੁਕਾਬਲਿਆਂ ਬਾਰੇ ਕਿਵੇਂ ਮਹਿਸੂਸ ਕਰਦੇ ਹੋ ?

ਜਵਾਬ: ਦੇਖੋ, ਜ਼ਾਤੀ ਤੌਰ 'ਤੇ ਮੈਂ ਮੁਕਾਬਲਿਆਂ ਦੇ ਖ਼ਿਲਾਫ਼ ਹਾਂ, ਇਹ ਇਕ ਤਰ੍ਹਾਂ ਦਾ ਕਤਲ ਹਨ, ਪਰ ਕਦੇ ਕਦਾਈਂ ਇਹ ਜ਼ਰੂਰੀ ਹੋ ਜਾਂਦੇ ਹਨ।

ਸਵਾਲ: ਤਾਹੀਓਂ, ਜਿਸ ਅਫ਼ਸਰ ਨਾਲ ਮੈਂ ਗੱਲਬਾਤ ਕੀਤੀ ਸੀ, ਉਹ ਮੈਨੂੰ ਇਸ ਮੁਕਾਬਲੇ ਬਾਰੇ ਦੱਸ ਰਿਹਾ ਸੀ।

ਜਵਾਬ: ਅੱਛਾ, ਓਦੋਂ ਹੀ ਮੇਰਾ ਨਾਂ ਆਇਆ ਹੋਵੇਗਾ। ਮੈਂ ਡੀ ਜੀ ਸੀ, ਪਰ ਮੁਕਾਬਲੇ ਦੌਰਾਨ ਨਹੀਂ। ਮੁਕਾਬਲਾ 2005 'ਚ ਹੋਇਆ ਸੀ, ਮੈਨੂੰ ਇਸ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਗਿਆ ਸੀ।

ਸਵਾਲ: ਅੱਛਾ।

ਜਵਾਬ: ਉਸ ਬੰਦੇ ਸੋਹਰਾਬੂਦੀਨ ਨੂੰ ਇਕ ਏ ਕੇ 47 ਰੱਖਣ ਦੇ ਇਲਜ਼ਾਮ ਤਹਿਤ ਦੋਸ਼ੀ ਠਹਿਰਾਇਆ ਜਾ ਰਿਹਾ ਸੀ, ਬਰਾਮਦਗੀ ਹੋ ਗਈ ਸੀ ਅਤੇ ਬਾਅਦ ਵਿਚ (ਉਸਨੂੰ) ਦੋਸ਼ੀ ਠਹਿਰਾਇਆ ਗਿਆ... ਇਹ ਸੀ ਉਸਦਾ ਪਿਛੋਕੜ। ਉਹ ਜ਼ਨਾਨੀ (ਕੌਸਰ ਬੀ) ਉਹ ਉਸਦੀ ਪਤਨੀ ਨਹੀਂ ਸੀ।

ਸਵਾਲ: ਉਨ੍ਹਾਂ ਦੇ ਉਂਝ ਹੀ ਸਬੰਧ ਸੀ ?

ਜਵਾਬ: ਉਹ ਉਸ ਨਾਲ ਰਹਿ ਰਹੀ ਸੀ। ਇੰਝ ਜੇ ਤੁਸੀਂ ਕਿਸੇ ਐਸੇ ਬੰਦੇ ਦੀ ਸੰਗਤ ਵਿਚ ਰਹਿੰਦੇ ਹੋ, ਫਿਰ ਜੋ ਉਸ ਨਾਲ ਹੋਵੇਗਾ ਤੁਹਾਡੇ ਨਾਲ ਵੀ ਹੋਵੇਗਾ। ਇਹ ਤਾਂ ਮੁਸੀਬਤ ਨੂੰ ਸੱਦਾ ਦੇਣ ਵਾਲੀ ਗੱਲ ਹੈ। ਅਤੇ ਇਹ ਗੱਲ ਨਹੀਂ ਕਿ ਉਸਨੂੰ ਪਤਾ ਨਹੀਂ ਸੀ ਕਿ ਉਹ ਬੰਦਾ ਕੀ ਸੀ। ਇਸਦਾ ਇਹ ਭਾਵ ਨਾ ਲਿਆ ਜਾਵੇ ਕਿਸੇ ਬੰਦੇ ਨੂੰ ਮਾਰ ਦੇਣ ਦਾ ਕਾਰਨ ਇਹ ਹੈ।

ਸਵਾਲ: ਪਰ ਸਰ, ਪਰ ਕੀ ਉਨ੍ਹਾਂ ਨੇ ਇਹ ਪੈਸੇ ਦੀ ਖ਼ਾਤਰ ਕੀਤਾ ਜਾਂ ਵਿਚਾਰਧਾਰਾ, ਹਿੰਦੂਤਵੀ ਵਿਚਾਰਧਾਰਾ ਦੀ ਖ਼ਾਤਰ ?

ਜਵਾਬ: ਦੋਵਾਂ ਲਈ, ਵਿਚਾਰਧਾਰਾ ਅਤੇ ਪੈਸੇ ਦੋਵਾਂ ਦੀ ਖ਼ਾਤਰ।

ਸਵਾਲ: ਮੈਨੂੰ ਤਾਂ ਇਹੀ ਦਸਿਆ ਗਿਆ ਹੈ ਕਿ ਭ੍ਰਿਸ਼ਟਾਚਾਰ ਮੁਕਾਬਲੇ ਦਾ ਮੁੱਖ ਕਾਰਨ ਸੀ ? ਇਸ ਦਾ ਕਾਰਨ ਪੈਸਾ ਸੀ। ਕੀ ਇਸੇ ਕਾਰਨ ਗ੍ਰਹਿ ਮੰਤਰੀ ਅਤੇ ਅਫ਼ਸਰ ਫੜੇ ਗਏ ਸਨ ?

ਜਵਾਬ: ਹਾਂ, ਹਾਂ। ਬਹੁਤੀ ਵਾਰ ਪੈਸੇ ਨੂੰ ਧੰਦਾ ਬਣਾ ਲਿਆ ਜਾਂਦਾ ਹੈ।

ਸਵਾਲ: ਕਈ ਬੰਦੇ ਕਹਿ ਰਹੇ ਸਨ ਕਿ ਇਸ ਗ੍ਰਹਿ ਮੰਤਰੀ ਦੇ ਕਾਰਨ ਮੁੱਖ ਮੰਤਰੀ ਵੀ ਕਰੀਬ ਕਰੀਬ ਇਸ ਵਿਚ ਸ਼ਾਮਲ ਸੀ ?

ਜਵਾਬ: ਦੇਖੋ, ਜੋ ਲੋਕ ਚਾਹੁੰਦੇ ਸਨ ਕਿ ਮਾਮਲੇ ਦੀ ਜਾਂਚ ਹੋਵੇ ਉਨ੍ਹਾਂ ਦਾ ਨਿਸ਼ਾਨਾ ਗ੍ਰਹਿ ਮੰਤਰੀ ਨਹੀਂ, ਮੁੱਖ ਮੰਤਰੀ ਸੀ।

ਸਵਾਲ: ਪਰ ਇਹ ਤਾਂ ਸੱਚ ਹੈ ਕਿ ਗ੍ਰਹਿ ਮੰਤਰੀ ਸੱਚਮੁੱਚ ਸ਼ਾਮਲ ਸੀ ਇੰਝ...

ਜਵਾਬ: ਦੇਖੋ, ਤਕਨੀਕੀ ਤੌਰ 'ਤੇ ਉਸ ਪੈਮਾਨੇ ਮੁਤਾਬਕ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਮੁੱਖ ਮੰਤਰੀ ਸ਼ਾਮਲ ਸੀ।

ਸਵਾਲ: ਮੈਨੂੰ ਥੋੜ੍ਹਾ ਉਸ ਬੰਦੇ ਸਿੰਘਲ ਦਾ ਰਾਜ਼ ਜ਼ਰੂਰ ਦੱਸੋ, ਜੋ ਏ ਟੀ ਐੱਸ ਦਾ ਮੁਖੀ ਹੈ। ਮੈਂ ਬਤੌਰ ਦਲਿਤ ਉਸਦਾ ਰੇਖਾ ਚਿੱਤਰ ਤਿਆਰ ਕਰ ਰਹੀ ਹਾਂ।

ਜਵਾਬ: ਸਿੰਘਲ ਉਂਝ ਵਧੀਆ ਅਫ਼ਸਰ ਹੈ, ਉਹ ਰਾਜਸਥਾਨ ਤੋਂ ਹੈ ਤੇ ਗੁਜਰਾਤ ਵਿਚ ਆ ਕੇ ਵਸਿਆ ਹੋਇਆ ਹੈ ਪਰ ਉਹ ਵੀ ਤਾਂ ਸੋਹਰਾਬੂਦੀਨ ਵਾਲੇ ਮਾਮਲੇ ਵਿਚ ਸ਼ਾਮਲ ਸੀ। ਉਨ੍ਹਾਂ ਨੇ ਵੀ ਉਸ ਨੂੰ ਚੁੱਕਿਆ ਸੀ, ਉਹ ਮਸਾਂ ਬਚਿਆ ਸੀ ਅਤੇ ਫਿਰ ਉਹ ਇਸ਼ਰਤ ਜਹਾਂ ਮਾਮਲੇ ਵਿਚ ਵੀ ਸੀ।

ਸਵਾਲ: ਹਾਂ, ਇੰਝ ਹੀ ਹੈ, ਕਯਾ ਕਰ ਸਕਤੇ ਹੈ।

ਸਵਾਲ: ਜਿੰਨੇ ਵੀ ਅਫ਼ਸਰ 2002 'ਚ ਉੱਥੇ ਤਾਇਨਾਤ ਸਨ, ਕੀ ਉਨ੍ਹਾਂ ਦਾ ਅਕਸ ਖਰਾਬ ਨਹੀਂ ਹੋਇਆ, ਗੁਜਰਾਤੀਆਂ ਵਿਚ ਵੀ ?

ਜਵਾਬ: ਗੁਜਰਾਤੀ ਵੀ ਇਹ ਮਹਿਸੂਸ ਕਰਦੇ ਸਨ ਕਿ ਕੁਝ ਅਫ਼ਸਰ ਵਧੀਆ ਕਾਰਗੁਜ਼ਾਰੀ ਦਿਖਾ ਸਕਦੇ ਸਨ। ਉਹ ਪੂਰੇ ਨਹੀਂ ਉਤਰੇ, ਉਨ੍ਹਾਂ ਨੇ ਫਰਜ਼ ਨਹੀਂ ਨਿਭਾਇਆ। ਮੈਨੂੰ ਨਿਰਪੱਖ ਅਫ਼ਸਰ ਵੱਜੋਂ ਲਿਆ ਗਿਆ।

ਸਵਾਲ: ਪਰ ਲੋਕ ਤਾਂ ਤੁਹਾਡੇ ਮਗਰ ਹੱਥ ਧੋ ਕੇ ਪਏ ਹੋਏ ਸੀ ?

ਜਵਾਬ: ਨਹੀਂ, ਅਸਲ ਵਿਚ ਗੁਜਰਾਤੀ ਮੇਰੇ ਮਗਰ ਨਹੀਂ ਪਏ ਹੋਏ ਸੀ, ਇਹ ਤਾਂ ਐਨ ਜੀ ਓ ਵਾਲੇ ਸਨ।

ਦੇਖੋ, ਪਹਿਲਾਂ ਤਾਂ ਲਾਸ਼ਾਂ ਅਹਿਮਦਾਬਾਦ ਲਿਆਂਦੀਆਂ ਗਈਆਂ, ਅਤੇ ਸਿਵਲ ਹਸਪਤਾਲ ਵਿਚ ਲਿਆ ਕੇ ਰੱਖ ਦਿੱਤੀਆਂ। ਅਤੇ ਫਿਰ ਇਲਾਕੇ ਵਿਚ ਥੋੜ੍ਹਾ ਤਣਾਓ ਬਣ ਗਿਆ। ਇਤਲਾਹ ਮਿਲ ਰਹੀ ਸੀ ਕਿ ਇੱਧਰ ਉੱਧਰ ਕੁਝ ਘਟਨਾਵਾਂ ਹੋ ਰਹੀਆਂ ਸਨ। ਮੈਨੂੰ ਅਫ਼ਸੋਸ ਸਿਰਫ਼ ਇਸ ਗੱਲ ਦਾ ਹੈ ਕਿ ਮੈਂ ਖੁਦ ਦੋਵਾਂ ਥਾਵਾਂ ਉਪਰ ਨਹੀਂ ਜਾ ਸਕਿਆ ਜਿੱਥੇ ਹਿੰਸਾ ਸ਼ੁਰੂ ਹੋ ਗਈ ਸੀ ਕਿਉਂਕਿ ਮੈਨੂੰ ਇਹ ਪੱਕਾ ਯਕੀਨ ਹੈ ਕਿ ਜੇ ਮੈਂ ਉੱਥੇ ਹੁੰਦਾ ਤਾਂ ਮੈਂ ਨਰੋਦਾ ਅਤੇ ਮੇਘਾਨੀਨਗਰ ਵਿਚ ਜੋ ਹੋਇਆ ਉਹ ਵਾਪਰਨ ਦੀ ਇਜਾਜ਼ਤ ਨਹੀਂ ਸੀ ਦੇਣੀ।

ਇਕ ਜਗ੍ਹਾ ਇਕ ਸਾਬਕਾ ਮੈਂਬਰ ਪਾਰਲੀਮੈਂਟ ਆਪਣੀ

ਸੁਸਾਇਟੀ ਦੀ ਛੱਤ ਤੋਂ ਦਸ ਹਜ਼ਾਰ ਲੋਕਾਂ ਦੇ ਹਜੂਮ ਨਾਲ ਟੱਕਰ ਲੈਣ ਦਾ ਫੈਸਲਾ ਕਰਦਾ ਹੈ। ਉਹ ਆਪਣੀ ਬਾਰਾਂ ਬੋਰ ਦੀ ਬੰਦੂਕ ਚੁੱਕ ਕੇ ਹਜੂਮ ਉਪਰ ਗੋਲੀ ਚਲਾਉਂਦਾ ਹੈ।

ਸਵਾਲ: ਇਹ ਬੰਦਾ ਕੌਣ ਹੈ ?

ਜਵਾਬ: ਅਹਿਸਾਨ ਜਾਫ਼ਰੀ, 75 ਸਾਲ ਦਾ ਬੁੱਢਾ। ਉਹ ਰਾਜ ਸਭਾ ਦਾ ਮੈਂਬਰ ਰਹਿ ਚੁੱਕਾ ਸੀ, ਉਸਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ, ਉਸ ਦੀਆਂ ਗੋਲੀਆਂ ਨਾਲ ਦੋ ਬੰਦੇ ਮਾਰੇ ਗਏ ਅਤੇ ਇਹ ਪੁਲਿਸ ਰਿਕਾਰਡ ਦਾ ਹਿੱਸਾ ਹੈ। ਫਿਰ ਮੈਨੂੰ ਖਿਆਲ ਆਉਂਦਾ ਹੈ ਕਿ ਹੁਣ ਮੈਂ ਕੀ ਕਰਾਂ। ਇਕ ਪਾਸੇ ਦਸ ਹਜ਼ਾਰ ਬੰਦਾ ਹੈ, ਤੁਹਾਡੇ ਕੋਲ ਸੌ ਦੀ ਨਫ਼ਰੀ ਹੈ, ਮੈਂ ਇਹ ਨਹੀਂ ਕਰਾਂਗਾ।

ਸਵਾਲ: ਫਿਰ ਮੈਂ ਤੁਹਾਨੂੰ ਕਿਉਂ ਬਰੀ ਕਰਾਂਗੀ ?

ਜਵਾਬ: ਬਿਲਕੁਲ ਸਹੀ, ਤੁਸੀਂ ਕਹਿ ਸਕਦੇ ਹੋ ਪੁਲਿਸ ਨੇ ਕੁਝ ਨਹੀਂ ਕੀਯਾ, ਹੁਣ ਅਸੀਂ ਤਾਂ ਉਨ੍ਹਾਂ ਨੂੰ ਗੋਲੀਆਂ ਚਲਾਉਣ ਲਈ ਕਿਹਾ ਨਹੀਂ, ਉਹ ਖ਼ਾਮੋਸ਼ ਵੀ ਤਾਂ ਰਹਿ ਸਕਦੇ ਸਨ। ਇਹ ਗੱਲ ਹੈ। ਇਹੀ ਨਰੋਦਾ ਵਿਖੇ ਵਾਪਰਿਆ। ਉਥੇ ਵੀ ਇਕ ਜ਼ਿਆਦਾ ਹੀ ਜੋਸ਼ ਵਿਚ ਆਇਆ ਹਿੰਦੂ ਮੁੰਡਾ ਮਸੀਤ ਉਪਰ ਜਾ ਚੜ੍ਹਿਆ। ਫਿਰ ਮੁਸਲਮਾਨਾਂ ਨੇ ਉਸਦੇ ਟੋਟੇ ਟੋਟੇ ਕਰ ਦਿੱਤੇ। ਹਿੰਦੂ ਭੜਕ ਉੱਠੇ ਅਤੇ ਇਸ ਕਰਕੇ ਹਿੰਸਾ ਹੋਈ।

ਸਵਾਲ: ਮੈਨੂੰ ਤੀਸਤਾ ਨਾਂ ਦੀ ਸਮਾਜੀ ਕਾਰਕੁੰਨ ਨੂੰ ਮਿਲਣ ਲਈ ਕਿਹਾ ਗਿਆ ਸੀ ?

ਜਵਾਬ: ਉਹ ਸਭ ਤੋਂ ਵੱਡੀ ਬਦਮਾਸ਼ ਹੈ। ਇਹ ਉਸਨੂੰ ਇਸ ਸ਼ਖਸ ਉਦੈ ਮਾਹੂਰਕਰ ਦਾ ਦਿੱਤਾ ਅੰਕ ਹੈ, ਉਹ ਇੰਡੀਆ ਟੁਡੇ ਦਾ ਪੱਤਰਕਾਰ ਹੈ।

ਸਵਾਲ: ਅਤੇ ਇਕ ਹੋਰ ਸਿਨਹਾ ਨਾਂ ਦਾ ਵਕੀਲ ?

ਜਵਾਬ: ਉਹ ਵੀ ਬਦਮਾਸ਼ ਹੈ।

ਉਹ ਨਾਨਾਵਤੀ ਕਮਿਸ਼ਨ ਦੇ ਅੰਦਰ ਲੜਾਈ ਲੜ ਰਿਹਾ ਹੈ, ਅਤੇ ਉਸਨੂੰ ਬਦੇਸ਼ਾਂ ਵਿਚੋਂ ਇਨ੍ਹਾਂ ਲੋਕਾਂ (ਮੁਸਲਮਾਨਾਂ) ਤੋਂ ਬਥੇਰਾ ਪੈਸਾ ਆਉਂਦਾ ਹੈ। ਅਤੇ ਫਿਰ ਇਹ ਤੀਸਤਾ ਨਾਂ ਦੀ ਜ਼ਨਾਨੀ ਹੈ ਜੋ ਸੀਤਲਵਾੜ ਪਰਿਵਾਰ ਨਾਲ ਸਬੰਧਤ ਹੈ। ਅਤੇ ਇੱਧਰ ਇਹ ਜਾਵੇਦ ਆਨੰਦ ਨਾਂ ਦਾ ਬੰਦਾ ਹੈ, ਜੋ ਓਦੋਂ ਸਬ ਐਡੀਟਰ ਸੀ। ਜਾਵੇਦ ਓਦੋਂ ਵਿਆਹਿਆ ਹੋਇਆ ਸੀ। ਇਸ ਦੀ ਇਸ ਪਰਿਵਾਰ ਨਾਲ ਜਾਣ ਪਛਾਣ ਹੋ ਗਈ। ਹੁਣ ਉਸਦਾ ਬਾਪ ਇਸਨੂੰ ਚੰਗੀ ਨਹੀਂ ਸਮਝਦਾ। ਜਾਵੇਦ ਨੇ ਆਪਣੀ ਪਹਿਲੀ ਪਤਨੀ ਛੱਡ ਦਿੱਤੀ ਅਤੇ ਇਸ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਅਤੇ ਓਦੋਂ ਤੋਂ ਤੀਸਤਾ ਦੀ ਕੋਈ ਵੁੱਕਤ ਨਹੀਂ ਸੀ। ਪਰ 2002 ਤੋਂ ਬਾਅਦ ਉਹ ਗੁਜਰਾਤ ਵਿਚ ਆ ਗਈ ਅਤੇ ਝਟਪਟ ਗੁਜਰਾਤ ਦੇ ਨਾਗਰਿਕਾਂ ਦਾ ਕਾਜ ਹੱਥ ਲੈ ਲਿਆ। ਕਿਉਂਕਿ ਉਹ ਕਾਨੂੰਨਦਾਨ ਪਰਿਵਾਰ ਵਿਚੋਂ ਸੀ ਉਸਨੇ ਸੇਵਾ ਮੁਕਤ ਜੱਜ ਆਪਣੇ ਨਾਲ ਜੋੜ ਲਏ ਅਤੇ ਬਾਅਦ ਵਿਚ ਉਨ੍ਹਾਂ ਨੇ Communalism ਨਾਂ ਦੀ ਕਿਤਾਬ ਵੀ ਲਿਖੀ। ਉਸਨੇ ਪੀੜਤਾਂ ਦੀ ਮਦਦ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਨ੍ਹਾਂ ਨੂੰ ਮੱਧ ਪੂਰਬ ਤੋਂ ਪੈਸਾ ਆਉਣਾ ਸ਼ੁਰੂ ਹੋ ਗਿਆ। ਅਤੇ ਹਰ ਕੋਈ ਇਹੀ ਸਮਝਦਾ ਸੀ ਕਿ ਭਾਜਪਾ ਨੂੰ ਹਾਰ ਦਾ ਮੂੰਹ ਦੇਖਣਾ ਪਵੇਗਾ। ਪਰ ਭਾਵੇਂ ਭਾਜਪਾ ਨੇ ਗੁਜਰਾਤ ਫ਼ਤਹਿ ਕਰ ਲਿਆ ਪਰ ਕੇਂਦਰ ਵਿਚ ਸੱਤਾ ਇਸ ਦੇ ਹੱਥੋਂ ਨਿਕਲ ਗਈ ਅਤੇ ਇੰਝ ਇਹ ਤੀਸਤਾ ਕੇਂਦਰ ਦੀ ਇਸ਼ਤਿਹਾਰੀ ਮੂਰਤ ਬਣ ਗਈ।

ਸਵਾਲ: ਉਸ ਨੂੰ ਰੋਕਣ ਲਈ ਤੁਸੀਂ ਕੁਝ ਨਹੀਂ ਕਰ ਸਕੇ ?

ਜਵਾਬ: ਅਸੀਂ ਕਿਵੇਂ ਕਰ ਸਕਦੇ ਸੀ ? ਅਸੀਂ ਕਰਨਾ ਤਾਂ ਚਾਹੁੰਦੇ ਸੀ ਪਰ ਅਦਾਲਤਾਂ ਨੇ ਸਾਡੇ ਉਪਰ ਆ ਝਪਟਣਾ ਸੀ।

ਸਵਾਲ: ਫਿਰ ਤਾਂ ਮੁੱਖ ਮੰਤਰੀ ਨੇ ਤੁਹਾਡੇ ਨਾਲ (ਉਸ ਬਾਰੇ) ਆਪਣੀ ਫਿਕਰਮੰਦੀ ਸਾਂਝੀ ਕੀਤੀ ਹੋਵੇਗੀ ?

ਜਵਾਬ: ਹਾਂ ਉਨ੍ਹਾਂ ਨੇ ਕੀਤੀ ਸੀ।

ਸਵਾਬ: ਪਰ ਦੇਖੋ, ਮੋਦੀ ਨੂੰ ਮੋਦੀ ਤਾਂ ਉਨ੍ਹਾਂ ਫ਼ਸਾਦਾਂ ਨੇ ਬਣਾਇਆ,ਠੀਕ ਹੈ ਨਾ ? ਜਵਾਬ: ਬਿਲਕੁਲ ਉਸ ਤੋਂ ਪਹਿਲਾਂ ਉਸ ਨੂੰ ਕੌਣ ਜਾਣਦਾ ਸੀ ? ਮੋਦੀ ਕੌਣ ਸੀ ? ਉਹ ਦਿੱਲੀ ਤੋਂ ਆਇਆ ? ਉਸ ਤੋਂ ਪਹਿਲਾਂ ਹਿਮਾਚਲ ਤੋਂ ? ਉਹ ਗ਼ੈਰ ਅਹਿਮ ਸੂਬਿਆਂ ਦਾ ਇੰਚਾਰਜ ਰਿਹਾ ਸੀ, ਹਰਿਆਣਾ ਜਾਂ ਹਿਮਾਚਲ ਦਾ।

ਸਵਾਲ: ਇਹ ਤਰੁੱਪ ਦੇ ਪੱਤੇ ਦੀ ਤਰ੍ਹਾਂ ਸੀ, ਹੈ ਕਿ ਨਹੀਂ ?

ਜਵਾਬ: ਇੰਝ ਹੀ ਸੀ... ਜੇ ਇਹ ਨਾ ਵਾਪਰਿਆ ਹੁੰਦਾ, ਉਸ ਦੀ ਮਸ਼ਹੂਰੀ ਕੌਮਾਂਤਰੀ ਪੱਧਰ 'ਤੇ ਨਹੀਂ ਹੋਣੀ ਸੀ। ਇਸ ਨਾਲ ਐਸਾ ਹੁਲਾਰਾ ਮਿਲਿਆ, ਭਾਵੇਂ ਨਾਂਹਪੱਖੀ ਹੀ ਸੀ, ਘੱਟ ਘੱਟ ਉਸਦੀ ਮਸ਼ਹੂਰੀ ਹੋ ਗਈ।

ਸਵਾਲ: ਤਾਂ ਫਿਰ ਤੁਸੀਂ ਉਸਦੇ ਸੇਵਕ ਸਮਾਨ ਹੋ ?

ਜਵਾਬ: ਮੇਰਾ ਮਤਲਬ ਹੈ ਹਾਂ, ਇਸ ਨੂੰ ਦੇਖਦੇ ਹੋਏ ਕਿ ਮੈਂ 2002 ਦੇ ਫ਼ਸਾਦਾਂ ਦੌਰਾਨ ਉੱਥੇ ਉਸਦੇ ਨਾਲ ਸੀ, ਇਸ ਕਰਕੇ ਇਹ ਸਹੀ ਹੈ।

ਇਹ ਵਾਰਤਾਵਾਂ ਵੱਖੋ ਵੱਖਰੇ ਸਾਜ਼ੋਸਮਾਨ ਦੀ ਮਦਦ ਨਾਲ ਦੋ ਮਹੀਨੇ ਤੋਂ ਵੱਧ ਸਮੇਂ ਤੱਕ ਚੱਲੇ ਮਿਲਣੀਆਂ ਅਤੇ ਵਾਰਤਾਵਾਂ ਦੇ ਸਿਲਸਿਲੇ 'ਚ ਰਿਕਾਰਡ ਕੀਤੀਆਂ ਗਈਆਂ ਹਨ। ਪਾਂਡੇ ਜੋ ਖੁਨੂੰ ਮੋਦੀ ਦਾ ਚਹੇਤਾ ਮੰਨਦਾ ਹੈ ਮੋਦੀ ਨਾਲ ਆਪਣੀ ਨੇੜਤਾ ਬਾਰੇ ਗੱਲ ਕਰਨ ਤੋਂ ਸੰਕੋਚ ਨਹੀਂ ਕਰਦਾ। ਉਸ ਨੂੰ ਮੈਨੂੰ ਇਹ ਦੱਸਣ ਵਿਚ ਕੋਈ ਝਿਜਕ ਨਹੀਂ ਕਿ ਮੋਦੀ ਕੋਈ ਐਸਾ ਸੰਤ ਨਹੀਂ ਕਿ ਉਨ੍ਹਾਂ ਨੂੰ ਅਹੁਦੇ ਦੇਵੇ ਜੋ ਵਿਚਾਰਧਾਰਕ ਤੌਰ 'ਤੇ ਉਸਦੇ ਵਿਰੋਧੀ ਹਨ। ਉਹ ਕੌਸਰ ਬੀ ਦੇ ਕਤਲ ਨੂੰ ਇਹ ਕਹਿ ਕੇ ਜਾਇਜ਼ ਠਹਿਰਾਉਂਦਾ ਹੈ ਕਿ ਉਹ ਸੋਹਰਾਬੁਦੀਨ ਨਾਲ 'ਰਹਿ ਰਹੀ' ਸੀ ਜੋ ਫਰਜ਼ੀ ਮੁਕਾਬਲੇ ਵਿਚ ਮਾਰਿਆ ਗਿਆ ਜਿਵੇਂ ਪਹਿਲਾਂ ਹੀ ਸੀ ਬੀ ਆਈ ਵੱਲੋਂ ਸਾਬਤ ਕੀਤਾ ਜਾ ਚੁੱਕਾ ਹੈ।

ਗੱਲਬਾਤ ਦੌਰਾਨ ਵੱਖੋ ਵੱਖਰੇ ਮੌਕਿਆਂ 'ਤੇ ਜਦੋਂ ਵੀ ਸਿਵਲ ਹੱਕਾਂ ਬਾਰੇ ਕਾਰਕੁੰਨਾਂ ਦਾ ਜ਼ਿਕਰ ਆਉਂਦਾ ਹੈ, ਉਹ ਉਨ੍ਹਾਂ ਬਦਮਾਸ਼ ਕਹਿਣ ਤੋਂ ਵੀ ਨਹੀਂ ਝਿਜਕਦਾ ਜਿਨ੍ਹਾਂ ਨੇ ਗੁਜਰਾਤ ਦੇ ਨਾਂ ਨੂੰ ਧੱਬਾ ਲਾਇਆ ਹੈ।

ਅਖ਼ੀਰ ਵਿਚ ਮੈਨੂੰ ਹੈਰਾਨੀ ਨਹੀਂ ਹੋਈ ਜਦੋਂ ਉਸਨੇ ਕਿਹਾ ਕਿ ਮੈਨੂੰ ਪਰੀਮਲ ਬਾਗ ਦਾ ਗੇੜਾ ਮਾਰ ਕੇ ਦੇਖਣ ਲੈਣਾ ਚਾਹੀਦਾ ਹੈ ਕਿ ਲੋਕ ਫ਼ਸਾਦਾਂ ਤੋਂ ਬਾਅਦ ਕਿਵੇਂ ਆਜ਼ਾਦ ਮਹਿਸੂਸ ਕਰਦੇ ਹਨ।

ਪਾਂਡੇ ਨੇ ਮੈਨੂੰ ਨੇਪਾਲ ਤੋਂ ਵਾਪਸ ਆ ਕੇ ਸੂਰਤ ਵਿਚ ਆਪਣੇ ਬੇਟੇ ਨੂੰ ਮਿਲਾਉਣ ਦੀ ਪੇਸ਼ਕਸ਼ ਕੀਤੀ, ਜੋ ਹੀਰਿਆ ਦਾ ਵਪਾਰੀ ਸੀ। ਉਹ ਦਿੱਲੀ ਵਿਚ ਅਮਿਤ ਸ਼ਾਹ ਨਾਲ ਮਿਲਣੀ ਤੈਅ ਕਰਾਉਣ ਵਿਚ ਮਦਦ ਕਰਨ ਲਈ ਵੀ ਤਿਆਰ ਸੀ ਜਿਸ ਉਪਰ ਅਦਾਲਤ ਨੇ ਫਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਜ਼ਮਾਨਤ ਹੋ ਜਾਣ ਤੋਂ ਬਾਅਦ ਗੁਜਰਾਤ ਵੜਨ 'ਤੇ ਰੋਕ ਲਗਾਈ ਹੋਈ ਸੀ। ਉਸਨੇ ਥਿਰੂ ਨਾਲ ਵੀ ਗੱਲ ਕੀਤੀ ਅਤੇ ਉਸਨੂੰ ਗੁਜਰਾਤ ਬਾਰੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਅਤੇ ਮੁੱਖ ਮੰਤਰੀ ਵੱਲੋਂ ਸੂਬੇ ਅੰਦਰ ਪੂੰਜੀਨਿਵੇਸ਼ ਕਰਾਉਣ ਲਈ ਕੀਤੇ ਕੰਮਾਂ ਦੇ ਵੇਰਵੇ ਮੁਹੱਈਆ ਕਰਾਉਣ ਲਈ ਵੀ ਕਿਹਾ। ਪਾਂਡੇ ਦੀ ਵੱਖ ਵੱਖ ਕਮਿਸ਼ਨਾਂ ਵੱਲੋਂ ਜਾਂਚ ਕੀਤੀ ਜਾ ਰਹੀ ਸੀ ਅਤੇ ਸੀ ਬੀ ਆਈ ਵੱਲੋਂ ਉਸਨੂੰ ਫਰਜ਼ੀ ਮੁਕਾਬਲੇ ਦੇ ਮਾਮਲੇ ਵਿਚ ਮੁਲਜ਼ਿਮ ਨਾਮਜ਼ੱਦ ਕੀਤਾ ਗਿਆ ਸੀ। ਅਹਿਸਾਨ ਜਾਫ਼ਰੀ ਦੀ ਪਤਨੀ ਨੇ ਆਪਣੀ ਪਤੀ ਅਤੇ ਹੋਰ ਮੁਸਲਮਾਨਾਂ ਦੀਆਂ ਜਾਨਾਂ ਬਚਾਉਣ ਲਈ ਕੋਈ ਕਾਰਵਾਈ ਨਾ ਕਰਨ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਦਰਖ਼ਾਸਤ ਦਿੱਤੀ ਸੀ। ਪਰ ਉਸ ਨੂੰ ਕੋਈ ਪ੍ਰਵਾਹ ਨਹੀਂ ਸੀ। ਜਿਵੇਂ ਉਸਨੇ ਮੈਨੂੰ ਬੇਪ੍ਰਵਾਹੀ ਨਾਲ ਦਸਿਆ ਸੀ ਕਿ ਉਸਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ।

ਜਿਸ ਵਕਤ ਪਾਂਡੇ ਨਾਲ ਮੇਰੀ ਵਾਰਤਾਲਾਪ ਦਾ ਸਿਲਸਿਲਾ ਖ਼ਤਮ ਹੋਣ ਵਾਲਾ ਸੀ, ਮੇਰੇ ਚਿੰਤਾ ਰੋਗ ਦੇ ਦੌਰੇ ਵਾਹਵਾ ਵਧ ਚੁੱਕੇ ਸਨ। ਮੈਂ ਚਾਹੁੰਦੀ ਸੀ ਕਿ ਥੋੜ੍ਹੇ ਚਿਰ ਲਈ ਸ਼ਹਿਰ ਤੋਂ ਚਲੀ ਜਾਵਾਂ। ਇਹ ਓਦੋਂ ਸੰਭਵ ਹੋ ਗਿਆ ਜਦੋਂ ਮੈਂ ਅਗਲੀ ਗੱਲਬਾਤ ਚਕਰਵਰਤੀ ਨਾਲ ਕਰਨ ਦੀ ਵਿਉਂਤ ਬਣਾਈ ਜੋ ਫ਼ਸਾਦਾਂ ਦੌਰਾਨ ਗੁਜਰਾਤ ਦਾ ਡੀ ਜੀ ਰਹਿ ਚੁੱਕਾ ਸੀ ਅਤੇ ਹੁਣ ਮੁੰਬਈ ਰਹਿ ਰਿਹਾ ਸੀ। ਚਕਰਵਰਤੀ ਮੁੰਬਈ ਦੇ ਖਾਰ ਇਲਾਕੇ ਵਿਚ ਰਹਿ ਰਿਹਾ ਸੀ। ਪਾਨੀ ਮੇਰੇ ਨਾਲ ਮੁੰਬਈ ਜਾਣਾ ਚਾਹੁੰਦੀ ਸੀ। ਕਿਉਂਕਿ ਮਾਈਕ ਨੂੰ ਦੁਬਾਰਾ ਦਿੱਲੀ ਜਾਣਾ ਪਿਆ ਸੀ, ਅਤੇ ਮੈਨੂੰ ਇਕ ਸਹਾਇਕ ਦੀ ਜ਼ਰੂਰਤ ਸੀ। ਮੈਂ ਅਤੇ ਪਾਨੀ ਨੇ ਮੁੰਬਈ ਦੀ ਅਗਲੀ ਉਡਾਣ ਜਾ ਫੜੀ। ਉਹ ਆਪਣੇ ਨਾਲ ਇਕ ਸਾੜੀ ਲੈ ਕੇ ਗਈ ਜੋ ਉਸਨੂੰ ਮੇਰੇ ਦਫ਼ਤਰ ਦੀ ਇਕ ਸਹਿ ਕਰਮੀ ਨੇ ਦਿੱਤੀ ਸੀ ਕਿਉਂਕਿ ਮੇਰੀ ਇਕ ਬਹੁਤ ਹੀ ਕਰੀਬੀ ਸਹੇਲੀ ਦਾ ਵਿਆਹ ਹੋਣ ਜਾ ਰਿਹਾ ਸੀ ਅਤੇ ਪਾਨੀ ਨੂੰ ਵਿਆਹ ਦੇ ਜਸ਼ਨਾਂ 'ਤੇ ਸੱਦਿਆ ਸੀ। ਮੈਂ ਪਾਨੀ ਨਾਲ ਵਾਅਦਾ ਕੀਤਾ ਕਿ ਇਕੇਰਾਂ ਕੰਮ ਮੁਕਾ ਲੈਣ ਦੇ ਫਿਰ ਮੈਂ ਉਸਨੂੰ ਹਿੰਦੁਸਤਾਨੀ ਸੰਸਕ੍ਰਿਤੀ ਦੀ ਝਲਕ ਦਿਖਾਵਾਂਗੀ।

## ਇਹ ਹੁਣ ਤੱਕ ਦੇ ਸਭ ਤੋਂ ਭੈੜੇ ਫ਼ਸਾਦ ਸਨ : ਚੱਕਰਵਰਤੀ

ਮੈਂ ਅਸ਼ੋਕ ਨਰਾਇਣ ਨੂੰ ਗੁਜ਼ਾਰਿਸ਼ ਕੀਤੀ ਕਿ ਉਹ ਚੱਕਰਵਰਤੀ ਦੇ ਨਾਂ ਮੇਰੇ ਲਈ ਸਿਫ਼ਾਰਸ਼ੀ ਰੁੱਕਾ ਲਿਖ ਦੇਣ ਜੋ ਮੀਡੀਆ ਤੋਂ ਅਤੇ ਗੁਜਰਾਤ ਦੀ ਅਫਸਰਸ਼ਾਹੀ ਵਿਚਲੇ ਆਪਣੇ ਹਮ ਰੁਤਬਾ ਲੋਕਾਂ ਤੋਂ ਦੂਰ ਇਕ ਤਰ੍ਹਾਂ ਨਾਲ ਇਕਾਂਤ ਵਿਚ ਰਹਿ ਰਿਹਾ ਸੀ। ਮੀਡੀਆ, ਕੌਮਾਂਤਰੀ ਪ੍ਰੈਸ ਅਤੇ ਕਮਿਸ਼ਨ ਉਸਦੇ ਪਿੱਛੇ ਪਏ ਹੋਏ ਸਨ ਕਿਉਂਕਿ ਗੁਜਰਾਤ ਹਿੰਸਾ ਦੌਰਾਨ ਉਹ ਪੁਲਿਸ ਦਾ ਡਾਇਰੈਕਟਰ ਜਨਰਲ ਰਹਿ ਚੁੱਕਾ ਸੀ। ਉਹ ਮੁੰਬਈ ਦੇ ਖਾਰ ਉਪ ਸ਼ਹਿਰੀ ਅਮੀਰ ਇਲਾਕੇ ਵਿਚ ਆਪਣੀ ਪਤਨੀ ਅਤੇ ਦੋ ਧੀਆਂ ਨਾਲ ਮੁਕਾਬਲਤਨ ਚੈਨ ਦੀ ਜ਼ਿੰਦਗੀ ਗੁਜ਼ਾਰ ਰਿਹਾ ਸੀ।

ਜਦੋਂ ਮੈਂ ਉਸ ਨੂੰ ਮਿਲਣ ਗਈ ਤਾਂ ਪਾਨੀ ਨੂੰ ਆਪਣੇ ਘਰ ਛੱਡ ਗਈ ਸੀ। ਜਦੋਂ ਮੇਰੇ ਪਰਿਵਾਰ ਦੇ ਮੈਂਬਰ ਮੈਨੂੰ ਮੈਥਿਲੀ ਦੀ ਬਜਾਏ ਨਿੱਮੀ ਨਾਂ ਨਾਲ ਬੁਲਾਉਂਦੇ ਤਾਂ ਪਾਨੀ ਸ਼ਸੋਪੰਜ ਪੈ ਜਾਂਦੀ। ਮੈਂ ਉਸ ਨੂੰ ਦਸਿਆ ਕਿ ਇਹ ਮੇਰਾ ਨਿੱਕਾ ਨਾਂ ਹੈ। ਪਰ ਪਾਨੀ ਜਦੋਂ ਵੀ ਮੈਨੂੰ ਮੈਥਿਲੀ ਕਹਿ ਕੇ ਬੁਲਾਉਂਦੀ ਤਾਂ ਮੇਰੀ ਮਾਂ ਬਹੁਤ ਖਿੱਝਦੀ। ਇਕ ਦਿਨ ਜਦੋਂ ਮੈਂ ਰਸੋਈ ਵਿਚ ਆਪਣੇ ਅਤੇ ਪਾਨੀ ਲਈ ਨਾਸ਼ਤਾ ਬਣਾ ਰਹੀ ਸੀ, ਉਸਨੇ ਭੜਾਸ ਕੱਢੀ, ਜੋ ਨਾਟਕ ਅਤੇ ਐਕਟਿੰਗ ਤੂੰ ਆਪਣੇ ਦਫ਼ਤਰ ਵਿਚ ਕਰਦੀ ਏਂ, ਉਸਨੂੰ ਘਰ ਵਿਚ ਕਿਉਂ ਲੈ ਕੇ ਆਉਂਦੀ ਏਂ। ਇਹ ਘਰ ਹੈ, ਕੋਈ ਨਾਟਸ਼ਾਲਾ ਨਹੀਂ। ਜ਼ਾਹਿਰ ਹੈ ਉਹ ਨਾਰਾਜ਼ ਸੀ। ਉਸਨੂੰ ਨਾਂ ਬਦਲਿਆ ਹੋਣ ਦੀ ਪ੍ਰੇਸ਼ਾਨੀ ਨਹੀਂ ਸੀ, ਅਸਲ ਗੱਲ ਇਹ ਸੀ ਕਿ ਜਿਸ ਤਰ੍ਹਾਂ ਦੀ ਜ਼ਿੰਦਗੀ ਮੈਂ ਜੀਅ ਰਹੀ ਉਹ ਉਸਦੇ ਜੇਠੂ ਲੈ ਕੇ ਭੈਭੀਤ ਸੀ। ਉਸਨੂੰ ਮੇਰੀ ਜਾਨ ਦਾ ਫ਼ਿਕਰ ਸੀ। ਇਕ ਵਾਰ ਤਾਂ ਉਸਨੇ ਮੇਰੇ ਕਮਰੇ ਵਿਚ ਰੋਣਾ ਹੀ ਸ਼ੁਰੂ ਕਰ ਦਿੱਤਾ। ਉਸ ਦੇ ਹੱਥ ਵਿਚ ਮੇਰਾ ਇਕ ਕੁੜਤਾ ਸੀ। ਉਨ੍ਹਾਂ ਲਈ ਤੈਨੂੰ ਮਾਰ ਦੇਣਾ ਬਹੁਤ ਸੌਖਾ ਏ, ਸੋਨੂੰ। ਮੈਨੂੰ ਸੁਪਨੇ ਆਉਂਦੇ ਹਨ ਕਿ ਤੈਨੂੰ ਇਕ ਟਰੱਕ ਨੇ ਕੁਚਲ ਦਿੱਤਾ ਹੈ ਜਾਂ ਤੂੰ ਜਿਸ ਸੁੰਨੇ ਘਰ ਵਿਚ ਰਹਿੰਦੀ ਸੀ ਉਸ ਸੱਪ ਨੇ ਤੈਨੂੰ ਡੱਸ ਲਿਆ ਹੈ। ਮੈਨੂੰ ਹਾਸਾ ਆ ਗਿਆ, ਮੈਂ ਉਸ ਨੂੰ ਘੁੱਟ ਕੇ ਆਪਣੇ ਨਾਲ ਲਾ ਲਿਆ ਅਤੇ ਯਕੀਨ ਦਿਵਾਇਆ ਕਿ ਮੇਰੇ ਨਾਲ ਕਦੇ ਕੁਝ ਨਹੀਂ ਵਾਪਰੇਗਾ।



ਪਰ ਉਹ ਹੌਂਕੇ ਭਰਦੀ ਰਹੀ।

ਮੈਂ ਬਾਂਦਰਾ ਲਈ ਏ ਸੀ ਬੱਸ ਲਈ ਜਿੱਥੋਂ ਆਟੋ ਲੈ ਕੇ ਖਾਰ ਜਾਣਾ ਸੀ ਜਿਥੇ ਚਕਰਵਰਤੀ ਇਕ ਮਸ਼ਹੂਰ ਸਕੂਲ ਲਾਗੇ ਰਹਿੰਦਾ ਸੀ। ਉਸੇ ਇਮਾਰਤ ਵਿਚ ਇਕ ਡਾਕਟਰ ਰਹਿੰਦਾ ਸੀ ਜਿਸ ਕਰਕੇ ਉਹ ਇਮਾਰਤ ਸਥਾਨਕ ਲੋਕਾਂ ਵਿਚ ਬਹੁਤ ਮਸ਼ਹੂਰ ਸੀ। ਚਕਰਵਰਤੀ ਮੈਨੂੰ ਆਪਣੇ ਘਰ ਦੇ ਅੰਦਰ ਲੈ ਗਿਆ ਅਤੇ ਆਪਣੀ ਸ਼ੋਖ ਪਤਨੀ ਨਾਲ ਤੁਆਰਫ਼ ਕਰਾਇਆ ਜੋ ਇਕ ਅਮੀਰ ਖ਼ਾਨਦਾਨ ਨਾਲ ਸਬੰਧਤ ਸੀ। ਬੈਠਕ ਵਿਚ ਨਿੰਮਾ ਨਿੰਮਾ ਚਾਨਣ ਸੀ ਅਤੇ ਮੈਂ ਇਸ ਨੂੰ ਲੈ ਕੇ ਪ੍ਰੇਸ਼ਾਨ ਸੀ। ਐਨੇ ਥੋੜ੍ਹੇ ਚਾਨਣ ਵਿਚ ਮੈਂ ਕੋਈ ਫੁਟੇਜ ਕਿਵੇਂ ਰਿਕਾਰਡ ਕਰ ਸਕਾਂਗੀ ? ਮੈਂ ਕੀ ਬਹਾਨਾ ਉਨ੍ਹਾਂ ਨੂੰ ਟਿਊਬਾਂ ਜਗਾਉਣ ਲਈ ਕਹਾਂ ?

ਚਕਰਵਰਤੀ ਨੇ ਮੈਨੂੰ ਮੇਰੀ ਅਮਰੀਕਾ ਵਿਚਲੀ ਜ਼ਿੰਦਗੀ ਬਾਰੇ ਪੁੱਛਿਆ ਅਤੇ ਉਸਦੀ ਪਤਨੀ ਨੇ ਮੈਨੂੰ ਦਸਿਆ ਕਿ ਉਸਦੀ ਅਭਿਨੇਤਰੀ ਬਣਨਾ ਚਾਹੁੰਦੀ ਧੀ ਅਮਰੀਕਾ ਰਹਿ ਰਹੀ ਸੀ। ਉਸਨੇ ਮੈਨੂੰ ਆਪਣੀ ਅਭਿਨੇਤਰੀ ਧੀ ਨਾਲ ਰਾਬਤਾ ਬਣਾਉਣ ਦੀ ਤਾਕੀਦ ਕੀਤੀ ਕਿਉਂਕਿ ਅਸੀਂ ਵਧੀਆ ਸਹੇਲੀਆਂ ਬਣ ਸਕਦੀਆਂ ਸੀ, ਉਹ ਸੋਚਦੀ ਸੀ। ਉਨ੍ਹਾਂ ਦੀ ਇਕ ਹੋਰ ਧੀ ਓਦੋਂ ਘਰ ਆਈ ਜਦੋਂ ਮੈਂ ਸ੍ਰੀਮਤੀ ਚਕਰਵਰਤੀ ਨਾਲ ਗੱਲੀਂ ਜੁੱਟੀ ਹੋਈ ਸੀ। ਛੋਟੀ ਧੀ ਇਕ ਮੁੱਖ ਏਅਰਲਾਈਨ ਵਿਚ ਸੇਵਿਕਾ ਦੀ ਨੌਕਰੀ ਕਰਦੀ ਸੀ ਅਤੇ ਉਹ ਮੈਨੂੰ ਦੱਸਦੀ ਰਹੀ ਕਿ ਹਵਾਈ ਸਫ਼ਰ ਚ ਮਸ਼ਹੂਰ ਹਸਤੀਆਂ ਦਾ ਵਿਹਾਰ ਕਿੰਨਾ ਕੁਚੱਜਾ ਹੁੰਦਾ ਹੈ। ਮੈਂ ਇਕ ਮਹੀਨੇ ਦੇ ਅਰਸੇ ਵਿਚ ਚਕਰਵਰਤੀ ਨੂੰ ਤਿੰਨ ਵਾਰ ਮਿਲੀ। ਪਹਿਲੀ ਫੇਰੀ ਬਹੁਤ ਸੰਖੇਪ ਸੀ ਅਤੇ ਮੈਂ ਖੁਨੂੰ ਕੱਛ ਵਿਚ ਕੀਤੀ ਸ਼ੂਟਿੰਗ ਅਤੇ ਉਥੇ ਵੱਖੋ ਵੱਖਰੇ ਘੁਮਿਆਰਾਂ ਨੂੰ ਮਿਲਣ ਅਤੇ ਗੁਜਰਾਤ ਦਾ ਮਸ਼ਹੂਰ ਉਤਰਾਇਣ ਮੇਲਾ ਦੇਖਣ ਦੀ ਤਫ਼ਸੀਲ ਸਾਂਝੀ ਕਰਨ ਤੱਕ ਮਹਿਦੂਦ ਰੱਖਿਆ। ਉਸ ਦੀ ਸਹੇਲੀ ਅਤੇ ਅਸ਼ੋਕ ਨਰਾਇਣ ਦੀ ਪਤਨੀ ਨੇ ਮੈਨੂੰ ਆਪਣੇ ਘਰ ਦੁਪਹਿਰ ਦੇ ਖਾਣੇ ਮੌਕੇ ਜੋ ਜ਼ਾਇਕੇਦਾਰ ਤੰਦੂਰੀ ਪਨੀਰ ਖਵਾਇਆ ਸੀ ਮੈਂ ਸ੍ਰੀਮਤੀ ਚਕਰਵਰਤੀ ਨੂੰ ਉਸ ਬਾਰੇ ਦਸਿਆ। ਸ੍ਰੀਮਤੀ ਚਕਰਵਰਤੀ ਛੇਤੀ ਹੀ ਮੇਰੇ ਨਾਲ ਐਨਾ ਰਚਮਿਚ ਗਈ ਕਿ ਉਸਨੇ ਮੈਨੂੰ ਆਪਣੀਆਂ ਸਾੜੀਆਂ ਅਤੇ ਪਰਿਵਾਰਕ ਫੋਟੋਆਂ ਦਿਖਾਈਆਂ।

ਮੈਂ ਉਨ੍ਹਾਂ ਨੂੰ ਅਗਲੇ ਹਫ਼ਤੇ ਮਿਲਣ ਦਾ ਇਕਰਾਰ ਕੀਤਾ ਜੋ ਮੈਂ ਨਿਭਾਇਆ। ਇਸ ਵਾਰ ਮੈਂ ਸੁਚਕਰਵਰਤੀ ਲਈ ਪੇੜਿਆਂ ਦਾ ਡੱਬਾ ਲੈ ਗਈ ਜਿਸਨੇ ਮੈਨੂੰ ਕੌਫ਼ੀ ਪਿਆਉਂਦਿਆਂ ਵੰਨ ਸੁਵੰਨੇ ਸਨੈਕ ਖਵਾਏ। ਪਰ ਚਕਰਵਰਤੀ ਸੰਕੋਚ ਨਾਲ ਗੱਲ ਕਰਨ ਵਾਲਾ ਬੰਦਾ ਸੀ। ਉਸਨੇ ਆਪਣੇ ਕੁਝ ਵਾਕਫ਼ਕਾਰਾਂ ਅਤੇ ਮਿੱਤਰਾਂ ਦੀ ਇਕ ਦੁਨੀਆਂ ਬਣਾ ਲਈ ਸੀ ਜੋ ਜ਼ਿਆਦਾਤਰ ਉਸਦੇ ਆਪਣੇ ਹਮੇਸ਼ਾ ਘੇਰੇ ਦੇ ਸਨ। ਉਸਦੀ ਪਤਨੀ ਦੇ ਦਸਿਆ ਕਿ ਅਹਿਮਦਾਬਾਦ ਦੀਆਂ ਕੁਝ ਫੇਰੀਆਂ ਵਿਚ ਹੀ ਉਨ੍ਹਾਂ ਨੂੰ ਮਹਿਸੂਸ ਹੋ ਗਿਆ ਕਿ ਇਹ ਜਗ੍ਹਾ ਉਨ੍ਹਾਂ ਲਈ ਮੁਨਾਸਿਬ ਨਹੀਂ। ਉਸ ਦੱਸਦੀ ਹੈ ਕਿ ਉਸਦਾ ਪਤੀ ਦਿਆਨਤਦਾਰ ਇਨਸਾਨ ਹੋਣ ਦੇ ਬਾਵਜੂਦ ਉਸ ਨਾਲ ਉੱਥੇ ਬੇਗਾਨਿਆਂ ਵਾਲਾ ਸਲੂਕ ਕੀਤਾ ਗਿਆ।

ਉਸ ਦੀ ਗਾਲੜੀ ਪਤਨੀ ਨਾਲ ਗੱਲਬਾਤ ਦੌਰਾਨ ਮੈਂ ਇਹ ਚੰਗੀ ਤਰ੍ਹਾਂ ਜਾਣ ਲਿਆ ਸੀ ਕਿ ਉਸਦੀ ਖ਼ਾਮੋਸ਼ੀ ਕਿਵੇਂ ਤੋੜਨੀ ਹੈ। ਮੈਂ ਉਨ੍ਹਾਂ ਸਾਰੇ ਅਫ਼ਸਰਾਂ ਦੇ ਨਾਂ ਛੱਡ ਦਿੱਤੇ ਜਿਨ੍ਹਾਂ ਨੂੰ ਮੈਂ ਗੁਜਰਾਤ ਵਿਚ ਮਿਲੀ ਸੀ ਅਤੇ ਉਹ ਬਿਰਤਾਂਤ ਹੀ ਪੇਸ਼ ਕੀਤਾ ਜੋ ਮੈਂ ਉਨ੍ਹਾਂ ਤੋਂ ਸੁਣਿਆ ਸੀ। ਇਹ ਸਾਰਾ ਕੁਝ ਭੋਲੇਪਣ ਅਤੇ ਹੈਰਾਨੀ ਦੇ ਬਿਹਤਰੀਨ ਵਿਖਾਵੇ ਦੇ ਹਿੱਸੇ ਵਜੋਂ ਕੀਤਾ ਗਿਆ। ਇਸ ਨਾਲ ਅੜਿੱਕਾ ਦੂਰ ਹੋ ਗਿਆ।

ਇਸ ਤੋਂ ਪਹਿਲਾਂ ਕਿ ਮੈਂ ਚੱਕਰਵਰਤੀ ਨਾਲ ਆਪਣੀ ਗੱਲਬਾਤ ਦਾ ਵੇਰਵਾ ਲਿਖਣਾ ਸ਼ੁਰੂ ਕਰਾਂ ਕੁਝ ਖ਼ਬਰਾਂ ਸਾਂਝੀਆਂ ਕਰਨੀਆਂ ਜ਼ਰੂਰੀ ਹਨ ਜੋ ਗੁਜਰਾਤ ਵਿਚਲੇ ਅਖ਼ਬਾਰਾਂ ਵਿਚ ਉਸ ਬਾਰੇ ਛਪੀਆਂ ਸਨ। ਮੁੱਖਧਾਰਾ ਮੀਡੀਆ ਵੱਲੋਂ ਉਸ ਉਪਰ ਇਲਜ਼ਾਮ ਲਗਾਇਆ ਗਿਆ ਸੀ ਕਿ ਉਹ ਇਕ ਗੈਰੀ ਜੀ ਪੀ ਸੀ ਜੋ ਉਸ ਫਿਰਕੂ ਅੱਗ ਉੱਪਰ ਕਾਬੂ ਨਹੀਂ ਪਾ ਸਕਿਆ ਜਿਨ੍ਹਾਂ ਨੇ ਗੁਜਰਾਤ ਨੂੰ ਆਪਣੀ ਲਪੇਟ ਵਿਚ ਲੈ ਗਿਆ ਸੀ। ਮੇਰਾ ਉਸਨੂੰ ਮਿਲਣਾ ਉਸਤੋਂ ਬਾਅਦ ਦੀ ਗੱਲ ਹੈ। ਮੈਂ ਉਸ ਨੂੰ ਓਦੋਂ ਮਿਲੀ ਜਦੋਂ ਉਹ ਵੱਖ ਵੱਖ ਅਖ਼ਬਾਰਾਂ ਵਿਚ ਛਾਪੀ ਇਸ ਰਿਪੋਰਟ ਨੂੰ ਰੱਦ ਕਰਨ ਦੀ ਵਜ੍ਹਾ ਨਾਲ ਸੁਰਖੀਆਂ 'ਚ ਸੀ ਕਿ ਸੰਜੀਵ ਭੱਟ ਉਸ ਮੀਟਿੰਗ ਵਿਚ ਹਾਜ਼ਰ ਸੀ ਜੋ ਨਰਿੰਦਰ ਮੋਦੀ ਨੇ 27 ਫਰਵਰੀ 2002 ਨੂੰ ਸੱਦੀ ਸੀ। ਜਦਕਿ ਇਕ ਸਿਪਾਹੀ ਸਮੇਤ ਜਿਨ੍ਹਾਂ ਜ਼ਿਆਦਾਤਰ ਗਵਾਹਾਂ ਨੇ ਸੰਜੀਵ ਭੱਟ ਦੇ ਬਿਆਨ ਦੀ ਤਸਦੀਕ ਕੀਤੀ ਸੀ ਉਨ੍ਹਾਂ ਨੇ ਬਾਅਦ ਵਿਚ ਇਹ ਕਿਹਾ ਕਿ ਉਨ੍ਹਾਂ ਨੇ ਉਸਦੇ ਦਬਾਓ ਹੇਠ ਆ ਕੇ ਗਵਾਹੀ ਦਿੱਤੀ ਸੀ। ਪ੍ਰਤੱਖ ਤੌਰ 'ਤੇ ਸੰਜੀਵ ਭੱਟ ਦੇ ਦਾਅਵਿਆਂ ਵਿਚ ਜ਼ਿਆਦਾ ਵਜ਼ਨ ਨਹੀਂ ਸੀ। ਹਾਲਾਂਕਿ, ਉਸੇ ਸਾਲ ਸਿਟ (SIT) ਦੇ ਜਾਂਚ ਅਫ਼ਸਰ ਏ ਕੇ ਮਲਹੋਤਰਾ ਨੇ ਮੀਟਿੰਗ ਵਿਚ ਇਨ੍ਹਾਂ ਅੱਠ ਬੰਦਿਆਂ ਦੇ ਮੌਜੂਦ ਹੋਣ ਦੀ ਤਸਦੀਕ ਕੀਤੀ: ਮੁੱਖ ਮੰਤਰੀ ਨਰਿੰਦਰ ਮੋਦੀ, ਐਕਟਿੰਗ ਮੁੱਖ ਸਕੱਤਰ ਸਵਰਨ ਕਾਂਤਾ ਵਰਮਾ, ਵਧੀਕ ਮੁੱਖ ਸਕੱਤਰ (ਗ੍ਰਹਿ) ਅਸ਼ੋਕ ਨਰਾਇਣ, ਡੀ ਜੀ ਪੀ ਕੇ ਚਕਰਵਰਤੀ, ਪੁਲਿਸ ਕਮਿਸ਼ਨਰ ਅਹਿਮਦਾਬਾਦ ਪੀ ਸੀ ਪਾਂਡੇ, ਸਕੱਤਰ (ਗ੍ਰਹਿ) ਕੇ ਨਿਤਿਆਨੰਦਨ, ਮੁੱਖ ਮੰਤਰੀ ਦਾ ਪ੍ਰਮੁੱਖ ਸਕੱਤਰ ਪੀ ਕੇ ਮਿਸ਼ਰਾ ਅਤੇ ਮੁੱਖ ਮੰਤਰੀ ਦਾ ਸਕੱਤਰ ਅਨਿਲ ਮੁਕੀਮ।

ਜਦੋਂ ਗੁਜਰਾਤ ਦੀ ਹਿੰਸਾ ਅਤੇ ਨਾ ਸਿਰਫ਼ 2002 ਦੀ ਹਿੰਸਾ ਦੌਰਾਨ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਦੇ ਰਾਜ ਅਧੀਨ ਗੁਜਰਾਤ ਦੀ ਸਗੋਂ ਫ਼ੌਜਦਾਰੀ ਜੁਰਮਾਂ ਦੇ ਹੋਰ ਅਹਿਮ ਦੌਰ ਦੀ ਜਾਂਚ ਵੀ ਹੋਈ ਤਾਂ ਸਪਸ਼ਟ ਤੌਰ 'ਤੇ ਚਕਰਵਰਤੀ ਉਨ੍ਹਾਂ ਸਭ ਤੋਂ ਅਹਿਮ ਨਾਵਾਂ ਵਿਚੋਂ ਇਕ ਸੀ ਜੋ ਸਾਹਮਣੇ ਆਏ। ਮਾਰਚ 2002 ਨੂੰ ਟਾਈਮਜ਼ ਆਫ਼ ਇੰਡੀਆ ਨੇ ਇਕ ਰਿਪੋਰਟ ਛਾਪੀ ਕਿ ਡੀ ਜੀ ਪੀ ਚਕਰਵਰਤੀ ਨੇ ਪੁਲਿਸ ਮਹਿਕਮੇ ਦੇ ਤਬਾਦਲਿਆਂ ਬਾਰੇ ਗੁਜਰਾਤ ਸਰਕਾਰ ਉਪਰ ਸਵਾਲਾਂ ਦੀ ਝੜੀ ਲਗਾ ਦਿੱਤੀ ਸੀ।

ਚਕਰਵਰਤੀ ਦੇ ਘਰ ਆਪਣੀ ਦੂਜੀ ਫੇਰੀ ਮੌਕੇ ਓੜਕ ਉਸਨੇ ਮੇਰੇ ਜਾਸੂਸੀ ਕੈਮਰੇ ਅੱਗੇ ਆਪਣੀ ਖ਼ਾਮੋਸ਼ੀ ਤੋੜ ਹੀ ਦਿੱਤੀ। ਉਸ ਵੱਲੋਂ ਆਪਣੇ ਅਫ਼ਸਰਾਂ ਵੱਲੋਂ ਸਟੈਂਡ ਲਏ ਜਾਣ ਦੀਆਂ ਰਿਪੋਰਟਾਂ ਤਾਂ ਸਨ ਪਰ ਕਿਸੇ ਦੀ ਵੀ ਤਸਦੀਕ ਨਹੀਂ ਹੁੰਦੀ ਸੀ। ਆਖ਼ਿਰਕਾਰ, ਉਹ ਮੀਡੀਆ ਅਤੇ ਨਾਲ ਹੀ ਆਪਣੇ ਸਹਿ ਕਰਮੀਆਂ ਨਾਲ ਕੋਈ ਗੱਲ ਕਰਨ ਤੋਂ ਇਨਕਾਰੀ ਹੋ ਗਿਆ ਸੀ।

ਜਦੋਂ ਮੈਂ ਹੋਰ ਅਫ਼ਸਰਾਂ ਨਾਲ ਆਪਣੀਆਂ ਮਿਲਣੀਆ ਦੀਆਂ ਤਰ੍ਹਾਂ ਤਰ੍ਹਾਂ ਦੀਆਂ ਕਹਾਣੀਆਂ ਸੁਣਾਈਆਂ, ਆਖ਼ਿਰਕਾਰ ਚਕਰਵਰਤੀ ਨੇ ਜ਼ੁਬੇਲ੍ਹ ਲਈ, ਸ਼ਾਇਦ ਇਸ ਲਈ ਕਿ ਉਸਨੂੰ ਮਹਿਸੂਸ ਹੋ ਗਿਆ ਕਿ ਬਹੁਤ ਸਾਰੀ ਜ਼ੁਕਲਾਮੀ ਚਰਚਾ ਤੱਕ ਮੈਂ ਪਹਿਲਾਂ ਹੀ ਰਸਾਈ ਕਰ ਚੁੱਕੀ ਸੀ। ਆਖ਼ਿਰਕਾਰ ਮੈਂ ਗੁਜਰਾਤ ਹਿੰਸਾ ਬਾਰੇ ਉਸਦਾ ਮੂੰਹ ਖੁੱਲਵਾ ਹੀ ਲਿਆ ਸੀ।

'ਇਹ ਹੁਣ ਤੱਕ ਦੇ ਸਭ ਤੋਂ ਭੈੜੇ ਫ਼ਸਾਦ ਸਨ। ਮੁੱਕਦੀ ਗੱਲ ਇਨ੍ਹਾਂ ਫ਼ਸਾਦਾਂ ਦੀ ਕੋਈ ਵਾਜਬ ਬੁਨਿਆਦ ਨਹੀਂ ਸੀ। ਇਥੇ ਫ਼ਸਾਦ ਗੋਧਰਾ ਵਿਖੇ ਰੇਲ ਗੱਡੀ ਨੂੰ ਸਾੜੇ ਜਾਣ ਤੋਂ ਬਾਅਦ ਹੋਏ। ਇਸ ਵਿਚ ਤਾਂ ਕੋਈ ਸ਼ੱਕ ਨਹੀਂ ਕਿ ਡੱਬੇ ਵਿਚ ਵੀ ਐੱਚ ਪੀ ਦੇ ਲੋਕ ਸਨ ਜੋ ਅਯੁੱਧਿਆ ਤੋਂ ਵਾਪਸ ਆ ਰਹੇ ਸਨ। ਪੂਰੀ ਰੇਲ ਗੱਡੀ ਹੀ ਉਨ੍ਹਾਂ ਦੀ ਸੀ। ਵਾਪਰਿਆ ਇਹ ਕਿ ਇਸ ਤੋਂ ਬਾਅਦ ਫ਼ਸਾਦ ਸ਼ੁਰੂ ਹੋ ਗਏ। ਮੈਂ ਜੋ ਕਹਿ ਰਿਹਾ ਹਾਂ ਉਹ ਇਹ (ਕਿ) ਆਮ ਤੌਰ 'ਤੇ ਜਦੋਂ ਫ਼ਸਾਦ ਹੁੰਦੇ ਹਨ ਤਾਂ ਇਸਦੀ ਕੋਈ ਵਜ੍ਹਾ ਹੁੰਦੀ ਹੈ ਅਤੇ ਇਹ ਜ਼ਿਆਦਾਤਰ ਸਥਾਨਕ ਹੁੰਦੇ ਹਨ। ਇਥੇ ਜੋ ਵਜ੍ਹਾ ਸੀ ਜਾਪਦਾ ਸੀ ਉਸ ਨੂੰ ਭਾਈਚਾਰੇ ਨੇ ਸਮੂਹਿਕ ਤੌਰ 'ਤੇ ਆਪਣੇ ਲਈ ਖ਼ਤਰਾ ਸਮਝਿਆ ਸੀ।

(ਬਾਕੀ ਅਗਲੇ ਹਫ਼ਤੇ)

## Classified

# ਪਰਦੇਸੀ ਇੰਮੀਗਰੇਸ਼ਨ ਐਂਡ ਵੀਜ਼ਾ ਸਰਵਿਸਿਜ਼

ਪਰਦੇਸੀ ਇੰਮੀਗਰੇਸ਼ਨ ਐਂਡ ਵੀਜ਼ਾ ਸਰਵਿਸਿਜ਼ ਸਟਾਕਟਨ, ਸੈਕਰਾਮੈਂਟੋ, ਬੇ ਏਰੀਆ ਤੇ ਹੋਰਨਾਂ ਸਾਰੀਆਂ ਸਟੇਟਾਂ ਵਿਚ ਇੰਮੀਗਰੇਸ਼ਨ ਤੇ ਵੀਜ਼ਾ ਸਬੰਧੀ ਸੇਵਾਵਾਂ ਦਿੰਦੇ ਹਨ। ਜੇਕਰ ਤੁਸੀਂ ਇੰਮੀਗਰੇਸ਼ਨ ਜਾਂ ਵੀਜ਼ੇ ਨਾਲ ਸਬੰਧਤ ਕੋਈ ਵੀ ਜਾਣਕਾਰੀ ਲੈਣੀ ਹੈ ਤਾਂ ਤੁਸੀਂ ਅਮਨ ਨਾਲ ਹੇਠ ਲਿਖੇ ਨੰਬਰ

**510-938-7195**

'ਤੇ ਸੰਪਰਕ ਕਰ ਸਕਦੇ ਹੋ

**Pardesi Immigration and Visa Services Stockton, Sacramento, Bay Area and all other states Call Aman at 510-938-7195**


## ਰੱਤ ਕਾ ਕੁੰਗੂ

ਮਾਰਕੀਟ ਵਿਚ ਦਾਖਲਾ ਲਿਆ। ਸੋਨੇ ਲਾਲ ਯਾਦਵ ਜੋ ਟ੍ਰੈਫਿਕ ਪੁਲੀਸ ਦੀ ਡਿਊਟੀ 'ਤੇ ਸੀ ਅਤੇ ਚੌਕੀ ਇੰਚਾਰਜ ਇਕ ਪਾਸੇ ਖੜੇ ਤਮਾਸ਼ਾ ਵੇਖਦੇ ਰਹੇ ਅਤੇ ਉਨ੍ਹਾਂ ਭੀੜ ਨੂੰ ਰੋਕਣ ਲਈ ਕੋਈ ਕਾਰਵਾਈ ਨਹੀਂ ਕੀਤੀ। ਸਗੋਂ ਸੋਨੇ ਲਾਲ ਨੇ ਸਿੱਖਾਂ ਦੀਆਂ ਦੁਕਾਨਾਂ ਦੀ ਪਛਾਣ ਦੱਸੀ। ਮਿਊਰ ਮਿਲ ਵਾਲੇ ਸਿਰੇ ਤੋਂ ਦੁਕਾਨਾਂ ਦੇ ਸ਼ਟਰ ਤੋੜਨੇ ਸ਼ੁਰੂ ਕੀਤੇ ਗਏ। ਸਰਦਾਰ ਵੂਲ ਹਾਊਸ ਦਾ ਸ਼ਟਰ ਪੂਰਾ ਤੋੜ ਨਹੀਂ ਸਕੇ ਪਰ ਅਰੋੜਾ ਕਲਾਥ ਹਾਊਸ ਵਿਚ ਵੜ ਕੇ ਕੈਸ਼ ਬਕਸਾ ਲੁੱਟ ਲਿਆ ਤੇ ਕੱਪੜੇ ਸਭ ਲੁੱਟ ਲਏ। ਟੈਰੀਕਾਟ ਦੇ ਇਕ ਥਾਨ ਪਿਛੇ ਝਗੜਾ ਵੀ ਹੋ ਗਿਆ ਜਿਸ ਤੋਂ ਗੁੱਸੇ ਹੋ ਕੇ ਇਕ ਲੁੱਟਣ ਵਾਲੇ ਨੇ ਥਾਨ ਨੂੰ ਅੱਗ ਵਿਚ ਸੁੱਟ ਦਿੱਤਾ। ਹਾਲੀ ਥਾਨ ਨੇ ਅੱਗ ਫੜੀ ਹੀ ਸੀ ਕਿ ਕੋਲ ਖਲੋਤੇ ਟ੍ਰੈਫਿਕ ਪੁਲੀਸ ਦੇ ਇਕ ਸਿਪਾਹੀ ਨੇ ਆਪਣੇ ਡੰਡੇ ਨਾਲ ਬਲਦੇ ਥਾਨ ਨੂੰ ਅਰੋੜਾ ਕਲਾਥ ਹਾਊਸ ਦੇ ਅੰਦਰ ਸੁੱਟ ਦਿੱਤਾ ਅਤੇ ਇਸ ਤਰਾਂ ਨਵੀਨ ਮਾਰਕੀਟ ਵਿਚ ਅੱਗ ਲਗ ਗਈ। ਇਸ ਦੌਰਾਨ ਟ੍ਰੈਫਿਕ ਪੁਲੀਸ ਵਾਲੇ ਗੰਦੀਆਂ ਗਾਲਾਂ ਕੱਢ ਰਹੇ ਸਨ ਤੇ ਲੁੱਟਣ ਵਾਲਿਆਂ ਨੂੰ ਉਕਸਾ ਰਹੇ ਸਨ।

ਜਦੋਂ ਭੀੜ ਸੋਨੇ ਲਾਲ ਯਾਦਵ ਦੀ ਅਗਵਾਈ ਵਿਚ ਅਮਰ ਸਾੜੀ ਤੇ ਇੰਡੀਆ ਸਾੜੀ ਸੈਂਟਰ 'ਤੇ ਆਈ ਤਾਂ ਦੁਕਾਨਾਂ ਦੇ ਉਤੇ ਫ਼ਲੈਟਾਂ 'ਤੇ ਰਹਿ ਰਹੇ ਸਮਾਚਾਰ ਭਾਰਤੀ ਦੇ ਭਾਰਦਵਾਜ ਅਤੇ ਇੰਡੀਅਨ ਐਕਸਪੋਲਿਟਿਕਸ ਵਰਕਸ ਯੂਨੀਅਨ ਦੇ ਸਕੱਤਰ ਸ੍ਰੀ ਅਰਵਿੰਦ ਨੇ ਮੌਕੇ 'ਤੇ ਪਹੁੰਚ ਕੇ ਭੀੜ ਨੂੰ ਰੋਕਿਆ। ਸੋਨੇ ਲਾਲ ਇਹ ਵੇਖ ਕੇ ਉਥੋਂ ਖਿਸਕ ਗਿਆ ਤਾਂ ਭੀੜ ਵੀ ਖਿੰਡ ਗਈ।

ਅਰੋੜਾ ਕਲਾਥ ਹਾਊਸ ਵਿਚੋਂ ਅੱਗ ਨੇ ਫੈਲਣਾ ਸ਼ੁਰੂ ਕੀਤਾ। ਪਹਿਲਾਂ ਤਾਂ ਸਥਾਨਕ ਲੋਕਾਂ ਨੇ ਉਹਨੂੰ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਹੌਲੀ ਹੌਲੀ ਅੱਗ ਕਾਬੂ ਤੋਂ ਬਾਹਰ ਹੋ ਗਈ। ਨਵੀਨ ਮਾਰਕੀਟ ਦੇ ਸਾਹਮਣੇ ਆਈ.ਐਨ.ਏ. ਦੇ ਸਾਹਮਣੇ ਇਕ ਨਵੰਬਰ ਸ਼ਾਮ ਛੇ ਵਜੇ ਸਿਟੀ ਮੈਜਿਸਟਰੇਟ ਅਤੇ ਸੀ.ਓ ਪ੍ਰਥਮ ਦੀ ਗੱਡੀ ਰੁਕੀ ਤਾਂ ਉਨਾਂ ਫ਼ਾਇਰ ਬ੍ਰਿਗੇਡ ਬੁਲਾਇਆ। ਫ਼ਾਇਰ ਬ੍ਰਿਗੇਡ ਦੇ ਵੱਸ ਦੀ ਗਲ ਵੀ ਨਹੀਂ ਰਹੀ ਸੀ ਕਿਉਂਕਿ ਸ਼ਾਟ ਸਰਕਿਟ ਹੋ ਗਿਆ ਸੀ, ਜਿਸ ਨਾਲ ਪੂਰੇ ਬਾਜ਼ਾਰ ਵਿਚ ਅੱਗ ਫੈਲਣ ਦਾ ਖ਼ਤਰਾ ਹੋ ਗਿਆ। ਇਨਾਂ ਅਧਿਕਾਰੀਆਂ ਨੇ ਬਿਜਲੀ ਘਰ ਵਿਚੋਂ ਮਿਸਤਰੀ ਮੰਗਵਾ ਕੇ ਬਿਜਲੀ ਦੀ ਸਪਲਾਈ ਬੰਦ ਕਰਵਾਈ ਤਾਂ ਕਿਧਰੇ ਅੱਗ ਫੈਲਣ ਤੋਂ ਰੋਕੀ ਜਾ ਸਕੀ। ਇੱਕੀ ਦੁਕਾਨਾਂ ਸੜ ਕੇ ਸੁਆਹ ਹੋ ਗਈਆਂ। ਅੱਗ 'ਤੇ ਪੂਰੀ ਤਰਾਂ ਕਾਬੂ 5 ਨਵੰਬਰ ਨੂੰ ਹੀ ਪਾਇਆ ਜਾ ਸਕਿਆ। ਇਸ ਦੌਰਾਨ ਇਕ ਅਤੇ ਦੋ ਨਵੰਬਰ ਦੀ ਰਾਤ ਨੂੰ ਪੀ.ਏ.ਸੀ. ਦੇ ਜਵਾਨਾਂ ਨੇ ਮਾਰਕੀਟ ਵਿਚ ਆਪਣਾ ਟਰੱਕ ਰੋਕ ਕੇ ਰਹਿੰਦੀਆਂ ਦੁਕਾਨਾਂ ਦੇ ਸ਼ਟਰ ਤੋੜ ਕੇ ਲੁੱਟਣ ਦੀ ਕੋਸ਼ਿਸ਼ ਕੀਤੀ, ਪਰ ਚੌਕੀਦਾਰਾਂ ਅਤੇ ਨਿਵਾਸੀਆਂ ਨੇ ਇਸ ਦਾ ਵਿਰੋਧ ਕੀਤਾ। ਉਸ ਵੇਲੇ ਤਾਂ ਉਹ ਚਲੇ ਗਏ ਪਰ ਰਾਤੀਂ ਲਗਭਗ ਡੇਢ ਵਜੇ ਪੀ.ਏ.ਸੀ. ਨੇ ਸੋਨੀ ਇਲੈਕਟ੍ਰਾਨਿਕਸ ਅਤੇ ਉਹਦੇ ਨਾਲ ਲਗਦੀ ਜੁੱਤੀਆਂ ਦੀ ਦੁਕਾਨ ਚੰਗੀ ਤਰਾਂ ਲੁੱਟੀ। ਸੋਨੀ ਦੇ ਟੈਲੀਵਿਜ਼ਨ ਤੇ ਫ੍ਰਿਜ ਪੁਲੀਸ ਦੇ ਟਰੱਕ ਵਿਚ ਭਰ ਕੇ ਲਿਜਾਏ ਗਏ। ਦੋ ਨਵੰਬਰ ਨੂੰ ਫੌਜ ਦੇ ਆਉਣ ਤੋਂ ਬਾਅਦ ਹਾਲਾਤ 'ਤੇ ਕਾਬੂ ਪਾ ਲਿਆ ਗਿਆ, ਉਨਾਂ ਅੱਗ ਬੁਝਾਉਣ ਦਾ ਕੰਮ ਵੀ ਤੇਜ਼ੀ ਨਾਲ ਕੀਤਾ ਤੇ ਪੁਲੀਸ ਦੇ ਕਾਰਨਾਮਿਆਂ 'ਤੇ ਵੀ ਕਾਬੂ ਪਾਇਆ।

ਬਾਅਦ ਵਿਚ ਸਥਾਨਕ ਪੁਲੀਸ ਕੁਆਰਟਰਾਂ ਵਿਚ ਛਾਪੇ ਮਾਰ ਕੇ ਕਾਫ਼ੀ ਸਾਮਾਨ ਬਰਾਮਦ ਕੀਤਾ। ਲੁੱਟਣ ਵਾਲਿਆਂ ਵਿਚ ਵਿਦਿਆਰਥੀ, ਰਿਕਸ਼ਾ ਚਾਲਕ, ਸਫ਼ੇਦਪੋਸ਼, ਸਾਧਾਰਨ ਨੌਜਵਾਨ ਸ਼ਾਮਲ ਸਨ। ਇੱਕੀ ਦੁਕਾਨਾਂ ਵਿਚੋਂ ਚਾਰ ਦੁਕਾਨਾਂ ਹੀ ਸਿੱਖਾਂ ਦੀਆਂ ਸੜੀਆਂ ਜਦਕਿ ਬਾਕੀ ਸਤਾਰਾਂ ਹਿੰਦੂਆਂ ਦੀਆਂ ਸੜੀਆਂ। ਇਸ ਅੱਗਜ਼ਨੀ ਤੇ ਲੁੱਟ ਵਿਚ ਕਰੋੜਾਂ ਦਾ ਨੁਕਸਾਨ ਹੋਇਆ।

(ਬਾਕੀ ਅਗਲੇ ਅੰਕ ਵਿਚ)

## ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਕਾਰਸੇਵਾ ਦਾ ਸਾਲਾਨਾ ਦਿਵਸ ਮਨਾਇਆ

ਕਿ ਸਿੱਖੀ ਦਾ ਪ੍ਰਚਾਰ ਕਰਨਾ, ਦੂਸਰੇ ਧਰਮਾਂ ਦੇ ਲੋਕਾਂ ਨੂੰ ਗੁਰੂਘਰਾਂ ਵਿਚ ਲਿਆ ਕਿ ਉਨ੍ਹਾਂ ਨੂੰ ਆਪਣੇ ਧਰਮ ਬਾਰੇ ਜਾਣਕਾਰੀ, ਮੀਡੀਏ ਵਿਚ ਗੁਰੂ ਘਰ ਦੇ ਕਾਰਜਾਂ ਦੀ ਜਾਣਕਾਰੀ ਜਾਂ ਖ਼ਬਰਾਂ ਅਖ਼ਬਾਰਾਂ ਵਿਚ ਦੇਣੀਆਂ, ਲੋੜਵੰਦਾਂ ਵਿਚ ਵਸਤਾਂ ਵੰਡਣੀਆਂ ਇਹ ਸਾਰੇ ਕਾਰਸੇਵਾ ਦਾ ਹੀ ਹਿੱਸਾ ਹਨ। ਉਂਕਾਰ ਸਿੰਘ ਲਾਲ ਨੇ ਵਿਸਥਾਰ ਦੇ ਨਾਲ ਗੁਰੂ ਘਰ ਵਿਚਲੇ ਪੂਰੇ ਕੀਤੇ ਜਾ ਚੁੱਕੇ ਕਾਰਜ, ਅਧੂਰੇ ਕਾਰਜ, ਤੇ ਆਉਣ ਵਾਲੇ ਸਮੇਂ ਵਿਚ ਸ਼ੁਰੂ ਕੀਤੇ ਜਾ ਰਹੇ ਕਾਰਜਾਂ ਪ੍ਰਤੀ ਸੰਗਤਾਂ ਨਾਲ ਲੰਬੀ ਚੌੜੀ ਜਾਣਕਾਰੀ ਸਾਂਝੀ ਕੀਤੀ। ਗੁਰੂ ਘਰ ਦੇ ਮੁੱਖ ਸੇਵਾਦਾਰ ਮਹਾਂਬੀਰ ਸਿੰਘ ਬਰਾੜ ਨੇ ਖਰਚਿਆਂ ਸਬੰਧੀ ਸੰਗਤਾਂ ਨੂੰ ਦਸਿਆ ਤੇ ਕਾਰ ਸੇਵਕਾਂ ਦੀ ਹੌਂਸਲਾ ਅਫ਼ਜਾਈ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਗੁਰਮਤਿ ਸਕੂਲ ਦੇ ਪ੍ਰਿੰਸੀਪਲ ਅਮਰ ਦੇਵ ਸਿੰਘ ਬਦੇਸ਼ਾ ਨੇ ਸਕੂਲ ਦੇ ਬੱਚਿਆਂ ਪ੍ਰਤੀ ਜਾਣਕਾਰੀ ਦਿੱਤੀ। ਸਕੂਲ ਵਿਚ ਬੱਚਿਆਂ ਦੀ ਵਧ ਰਹੀ ਗਿਣਤੀ ਤੇ ਕਮਰਿਆਂ ਦੀ ਘਾਟ ਬਾਰੇ ਦਸਿਆ ਤੇ ਸਕੂਲ ਵਿਚ ਪੜ ਰਹੇ ਟੀਚਰਾਂ ਦੀ ਹੌਂਸਲਾ ਅਫਜਾਈ ਕੀਤੀ।

ਉਂਕਾਰ ਸਿੰਘ ਢਿੱਲੋਂ, ਜੋ ਕਾਰਸੇਵਾ ਦੇ ਮੋਢੀ ਮੈਂਬਰਾਂ ਵਿਚ ਇਕ ਹਨ, ਨੇ ਧਾਰਮਿਕ ਤੌਰ ਤੇ ਸਿੱਖੀ ਫਲਸਫੇ ਵਿਚੋਂ ਗੁਰੂ ਇਤਿਹਾਸ ਤੇ ਸਿੱਖ ਇਤਿਹਾਸ ਵਿਚ ਦਰਜ ਕਾਰ ਸੇਵਾਵਾਂ ਦਾ ਵਰਨਣ ਕੀਤਾ। ਉਨ੍ਹਾਂ ਵੀ ਕਾਰਸੇਵਾ ਨੂੰ ਸਿੱਖ ਧਰਮ ਵਿਚ ਉੱਚਾ ਸਥਾਨ ਦਸਿਆ ਤੇ ਨਾਲ ਹੀ ਇਹ ਵੀ ਕਿਹਾ ਕਿ ਕਾਰਸੇਵਾ ਜੋ ਮਨ ਲਾ ਕੇ ਸ਼ਰਧਾ ਤੇ ਭਾਵਨਾ ਨਾਲ ਕਰਦਾ ਹੈ, ਗੁਰੂ ਘਰ ਵਿਚ ਉਹੀ ਮਨਜ਼ੂਰ ਹੈ। ਬੀਬੀ ਮਨਦੀਪ ਕੌਰ ਮਾਨ ਨੇ ਲਾਇਬਰੇਰੀ ਬਾਰੇ ਜਾਣਕਾਰੀ ਦਿੱਤੀ ਤੇ ਕਿਹਾ ਇਹ ਸੇਵਾ ਬੀਬੀ ਭਗਵੰਤ ਕੌਰ ਨੇ ਕੁਝ ਕਿਤਾਬਾਂ ਤੋਂ ਸ਼ੁਰੂ ਕੀਤੀ ਸੀ। ਉਨ੍ਹਾਂ ਦੇ ਸਹਿਯੋਗ ਦੇ ਨਾਲ ਅੱਜ ਇਕ ਬਹੁਤ ਵੱਡੀ ਲਾਇਬਰੇਰੀ ਬਣ ਚੁੱਕੀ ਹੈ ਜਿਸ ਵਿਚ ਕਿਤਾਬਾਂ ਤੋਂ ਇਲਾਵਾ 5-6 ਕੰਪਿਊਟਰ ਵੀ ਰੱਖੇ ਜਾ ਚੁੱਕੇ ਹਨ। ਜਿਸ ਤੋਂ ਸੰਗਤਾਂ ਕਾਫ਼ੀ ਲਾਭ ਲੈਂਦੀਆਂ ਹਨ। ਪ੍ਰੇਮਪਾਲ ਸਿੰਘ, ਜੋ ਕਿ ਆਈ ਟੀ ਦੇ ਕਿਤੇ ਨਾਲ ਜੁੜੇ ਹੋਏ ਹਨ, ਨੇ ਗੁਰਦੁਆਰਾ ਸਾਹਿਬ ਵਿਚ ਬੱਚਿਆਂ ਨੂੰ ਜੋ ਆਈ ਟੀ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਕਾਲਜਾਂ ਵਿਚ ਅਗਲੇਰੀ ਪੜ੍ਹਾਈ ਬਾਰੇ ਸਲਾਹ ਮਸ਼ਵਰੇ ਬਾਰੇ ਦਿੱਤੀ ਜਾਂਦੀ ਜਾਣਕਾਰੀ ਬਾਰੇ ਦਸਿਆ। ਇਕ ਵਿਦਿਆਰਥੀ ਪਾਲ ਸਿੰਘ ਨੇ ਦਸਿਆ ਕਿ ਗੁਰੂਘਰ ਤੋਂ ਦਿੱਤੇ ਮਸ਼ਵਰੇ ਮੁਤਾਬਿਕ ਉਸਨੇ ਆਪਣਾ ਕੈਰੀਅਰ ਸ਼ੁਰੂ ਕੀਤਾ ਹੈ।

ਮੋਹਣ ਸਿੰਘ ਕੋਛੜ ਨੇ ਲੰਗਰ ਅਤੇ ਰਸੋਈ ਘਰ ਵਿਚ ਚਲ ਰਹੀਆਂ ਸੇਵਾਵਾਂ ਤੇ ਹੋਰ ਲੋੜੀਂਦੀਆਂ ਸੇਵਾਵਾਂ ਪ੍ਰਤੀ ਸੰਗਤਾਂ ਨੂੰ ਜਾਣਕਾਰੀ ਦਿੱਤੀ। ਗੁਰੂਘਰ ਦੇ ਸਾਬਕਾ ਮੁੱਖ ਸੇਵਾਦਾਰ ਬੀਬੀ ਜਸਵੀਰ ਕੌਰ ਸਲੂਜਾ ਨੇ ਵੀ ਆਪਣੇ ਕਾਰਜਕਾਲ ਦੇ ਵਿਚ ਕਾਰਸੇਵਾ ਨੂੰ ਉਤਸ਼ਾਹਿਤ ਕੀਤੇ ਜਾਣ ਦੀ ਤੇ ਕਾਰਸੇਵਕਾਂ ਨੂੰ ਉਤਸ਼ਾਹਿਤ ਕਰਨ ਦੀ ਗੱਲ ਕੀਤੀ। ਇਨ੍ਹਾਂ ਤੋਂ ਇਲਾਵਾ ਗੁਰੂਘਰ ਦੇ ਸਾਬਕਾ ਮੁੱਖ ਸੇਵਾਦਾਰ ਰਹਿ ਚੁੱਕੇ ਕੁਲਵੰਤ ਸਿੰਘ ਹੁੰਦਲ ਨੇ ਜਿਥੇ ਕਾਰਸੇਵਕਾਂ ਦੀ ਸ਼ਲਾਘਾ ਕੀਤੀ ਉਥੇ ਹੀ ਉਨ੍ਹਾਂ ਗੁਰੂਘਰ ਵਿਚ ਉਠ ਕੁਝ ਝੂਠੀਆਂ ਅਫਵਾਹਾਂ ਤੇ ਝੂਠੀਆਂ ਅਫਵਾਹਾਂ ਫਿਲਾਉਣ ਵਾਲੇ ਸ਼ਰਾਰਤੀ ਲੋਕਾਂ ਤੋਂ ਬਚਣ ਲਈ ਸੰਗਤਾਂ ਨੂੰ ਕਿਹਾ। ਉਨ੍ਹਾਂ ਸੰਗਤਾਂ ਨੂੰ ਕਿਹਾ ਕਿ ਉਨ੍ਹਾਂ ਕਿਸੇ ਵੀ ਤਰ੍ਹਾਂ ਦੀ ਕੋਈ ਸ਼ਿਕਾਇਤ ਹੋਵੇ ਤਾਂ ਉਹ ਸਿੱਧੇ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰਨ ਤੇ ਜਾਣਕਾਰੀ ਹਾਸਲ ਕਰਨ ਤਾਂ ਕਿ ਝੂਠੀਆਂ ਅਫਵਾਹਾਂ ਤੋਂ ਬਚਿਆ ਜਾ ਸਕੇ ਤੇ ਗੁਰੂਘਰ ਦਾ ਮਾਹੌਲ ਸੁਖਾਵਾਂ ਬਣਿਆ ਰਹਿ ਸਕੇ। ਸਮਾਗਮ ਦੇ ਅਖੀਰ ਵਿਚ ਹਰਜੀਤ ਸਿੰਘ ਗਿੱਲ ਨੇ ਸੰਗਤਾਂ ਦਾ ਧੰਨਵਾਦ ਕੀਤਾ ਤੇ ਮੁੱਖ ਸੇਵਾਦਾਰ ਮਹਾਂਬੀਰ ਸਿੰਘ ਨੇ ਸਮੂਹ ਕਾਰਸੇਵਕਾਂ ਦਾ ਧੰਨਵਾਦ ਕੀਤਾ । ਜਿਨ੍ਹਾਂ ਕਾਰਸੇਵਕਾਂ ਨੇ ਇਸ ਵਿਚ ਮੁੱਖ ਹਿੱਸਾ ਪਾਇਆ ਉਨ੍ਹਾਂ ਵਿਚ ਜੈਰਾਮ ਸਿੰਘ ਕਾਹਲੋਂ, ਅੱਛਰ ਸਿੰਘ, ਤਰਲੋਚਨ ਸਿੰਘ ਗਿੱਲ, ਗੁਰਮੀਤ ਸਿੰਘ ਢਿੱਲੋਂ, ਹਰਦਿਆਲ ਸਿੰਘ ਦਿਉਲ, ਬਲਦੇਵ ਸਿੰਘ ਗਿੱਲ, ਤਰਲੋਚਨ ਸਿੰਘ ਢਿੱਲੋਂ, ਸਤਨਾਮ ਸਿੰਘ ਸੰਧੂ ਤੇ ਪਰਿਵਾਰ, ਭਰਭੂਰ ਸਿੰਘ, ਕੁਲਵਿੰਦਰ ਸਿੰਘ ਸੇਖੋਂ, ਦਲਜੀਤ ਸਿੰਘ ਦਿਉਲ ਅਤੇ ਕੁਲਬੀਰ ਸਿੰਘ ਦਿਉਲ ਸ਼ਾਮਲ ਹਨ। ਅਖੀਰ ਵਿਚ ਸਤਨਾਮ ਸਿੰਘ ਔਲਖ ਨੇ ਉਸ ਹਰ ਇਕ ਸੇਵਕ ਦਾ ਧੰਨਵਾਦ ਕੀਤਾ ਜਿਸ ਨੇ ਵੀ ਕਾਰਸੇਵਾ ਵਿਚ ਆਪਣਾ ਯੋਗਦਾਨ ਪਾਇਆ।

ਵਰਨਣਯੋਗ ਹੈ ਕਿ ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਨਾਲ ਜੁੜੀਆਂ ਹੋਈਆਂ ਸੰਗਤਾਂ ਵੱਲੋਂ ਇਹ ਕਾਰਸੇਵਾ ਸਾਲ 2008 ਵਿਚ ਸ਼ੁਰੂ ਕੀਤੀ ਗਈ ਸੀ। ਭਾਵੇਂ ਕਿ ਉਸ ਸਮੇਂ ਕਿਸੇ ਇਹ ਸੋਚਿਆ ਵੀ ਨਹੀਂ ਸੀ ਕਿ ਜੋ ਕਾਰਜ ਸ਼ੁਰੂ ਕਰਨ ਜਾ ਰਹੇ ਹਾਂ ਇਹ ਇਕ ਦਿਨ ਸ਼ਿਕਾਗੋ ਦੀਆਂ ਸੰਗਤਾਂ ਵਿਚ ਇਤਿਹਾਸਕ ਤੌਰ ਤੇ ਸਾਲਾਨਾ ਦਿਵਸ ਦੇ ਤੌਰ ਮਨਾਇਆ ਜਾਣਾ ਸ਼ੁਰੂ ਹੋ ਜਾਵੇਗਾ। ਹੁਣ ਤਕਰੀਬਨ 8-9 ਸਾਲਾਂ ਦਾ ਸਮਾਂ ਹੋ ਗਿਆ ਹੈ। ਜਿਹੜੇ ਸੰਗਤ ਮੈਂਬਰ ਇਸ ਕਾਰਸੇਵਾ ਦੇ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਕਹਿਣ ਮੁਤਾਬਿਕ ਇਹ ਕੱਲ੍ਹ ਦੀ ਹੀ ਗੱਲ ਲਗਦੀ ਹੈ। ਗੁਰਦੁਆਰਾ ਸਾਹਿਬ ਦੇ ਵੱਡੇ ਵੱਡੇ ਕਾਰਜ ਸੰਗਤਾਂ ਨੇ ਆਪ ਨੇਪਰੇ ਚਾੜ੍ਹੇ ਹਨ। ਜੇਕਰ ਉਨ੍ਹਾਂ ਕੰਮਾਂ ਨੂੰ ਬਾਹਰੋਂ ਕਿਸੇ ਕੰਪਨੀ ਰਾਹੀਂ ਕਰਵਾਉਣੇ ਹੁੰਦੇ ਤਾਂ ਉਹ ਤਕਰੀਬਨ ਤਿੰਨ ਗੁਣਾ ਖਰਚੇ ਤੋਂ ਵੱਧ ਹੋਣੇ ਸਨ।

## ਸ਼ਰਨਾਰਥੀਆਂ ਤੇ ਮੁਸਲਮਾਨਾਂ 'ਤੇ ਪਾਬੰਦੀ ਦੇ ਫੈਸਲੇ ਦੀ ਚੌਤਰਫ਼ਾ ਨਿੰਦਾ ਪਰ ਟਰੰਪ ਅੜੇ

ਅਮਰੀਕਾ ਵਿੱਚ ਦਾਖ਼ਲ ਹੋ ਰਹੇ ਨਾਗਰਿਕਾਂ ਨੂੰ ਸਰਕਾਰ ਰੋਕ ਨਹੀਂ ਸਕਦੀ। ਉਨ੍ਹਾਂ ਸਰਕਾਰ ਨੂੰ ਦਾਖ਼ਲੇ ਉਤੇ ਪਾਬੰਦੀ ਦਾ ਹੁਕਮ ਲਾਗੂ ਹੋਣ ਤੋਂ ਬਾਅਦ ਅਮਰੀਕੀ ਹਵਾਈ ਅੱਡਿਆਂ ਉਤੇ ਹਿਰਾਸਤ ਵਿੱਚ ਲਏ ਸਾਰੇ ਵਿਅਕਤੀਆਂ ਦੀ ਸੂਚੀ ਦੇਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਟਰੰਪ ਦਾ ਹੁਕਮ ਲਾਗੂ ਹੋਣ ਮਗਰੋਂ ਯਾਤਰੀਆਂ ਨੂੰ ਆਪਣੇ ਮੁਲਕ ਵਾਪਸ ਭੇਜਣ ਨਾਲ ਉਨ੍ਹਾਂ ਨੂੰ 'ਨਾ ਭਰਨ ਵਾਲੇ ਸੱਲ੍ਹ' ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਹੁਕਮ ਨਾਲ ਹੁਣ ਅਮਰੀਕੀ ਅਧਿਕਾਰੀ ਇਰਾਕ, ਸੀਰੀਆ, ਇਰਾਨ, ਸੁਡਾਨ, ਲਿਬੀਆ, ਸੋਮਾਲੀਆ ਤੇ ਯਮਨ ਦੇ ਜਾਇਜ਼ ਵੀਜ਼ੇ ਵਾਲੇ ਨਾਗਰਿਕਾਂ ਨੂੰ ਵਾਪਸ ਨਹੀਂ ਭੇਜ ਸਕਣਗੇ। ਇਸ ਹੁਕਮ ਵਿੱਚ ਸ਼ਰਨ ਲਈ ਮਨਜ਼ੂਰ ਅਰਜ਼ੀਆਂ ਵਾਲੇ ਵੀ ਸ਼ਾਮਲ ਹੋਣਗੇ।

ਇਸ ਦੌਰਾਨ ਰਾਸ਼ਟਰਪਤੀ ਦੇ ਹੁਕਮ ਉਤੇ ਰੋਸ ਪ੍ਰਗਟਾਉਣ ਲਈ ਦੇਸ਼ ਭਰ ਦੇ ਹਵਾਈ ਅੱਡਿਆਂ ਉਤੇ ਮੁਜ਼ਾਹਰੇ ਹੋਏ। ਪ੍ਰਦਰਸ਼ਨਕਾਰੀਆਂ ਨੇ ਟਰੰਪ ਦੀ ਕਾਰਵਾਈ ਵਿਰੁੱਧ ਬੈਨਰ ਚੁੱਕੇ ਹੋਏ ਸਨ। ਨਿਊ ਯਾਰਕ ਦੇ ਸਭ ਤੋਂ ਮਸਰੂਫ ਜੌਹਨ ਐਫ ਕੈਨੇਡੀ ਹਵਾਈ ਅੱਡੇ ਬਾਹਰ ਲੋਕ ਘੰਟਿਆਂਬੱਧੀ ਖੜ੍ਹੇ ਰਹੇ। ਹਵਾਈ ਅੱਡਿਆਂ ਉਤੇ ਹਿਰਾਸਤ ਵਿੱਚ ਲਏ ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦੇਣ ਦੀਆਂ ਵੀ ਪੇਸ਼ਕਸ਼ਾਂ ਹੋ ਰਹੀਆਂ ਹਨ।

## ਬਾਦਲ ਵਿਰੋਧੀ ਲਹਿਰ ਨਹੀਂ, ਸਗੋਂ ਨਫ਼ਰਤ ਦੀ ਲਹਿਰ

ਖਡੂਰ ਸਾਹਿਬ ਤੋਂ ਕਾਂਗਰਸ ਦੇ ਰਮਨਜੀਤ ਸਿੰਘ ਸਿੱਕੀ 'ਆਪ' ਦੇ ਭੁਪਿੰਦਰ ਸਿੰਘ ਬਿੱਟੂ, ਖੇਮਕਰਨ ਤੋਂ ਕਾਂਗਰਸ ਦੇ ਸੁਖਪਾਲ ਸਿੰਘ ਭੁੱਲਰ 'ਆਪ' ਦੇ ਕੈਪਟਨ ਬਿਕਰਮਜੀਤ ਸਿੰਘ ਤੋਂ ਅੱਗੇ ਚੱਲ ਰਹੇ ਹਨ। ਅੰਮ੍ਰਿਤਸਰ ਜ਼ਿਲ੍ਹੇ ਦੀਆਂ 14 ਸੀਟਾਂ ਵਿਚ ਰਾਜਾਸਾਂਸੀ ਤੋਂ ਕਾਂਗਰਸ ਦੇ ਸੁਖਵਿੰਦਰ ਰਾਜ ਸਰਕਾਰੀਆ 'ਆਪ' ਦੇ ਜਗਜੋਤ ਸਿੰਘ ਢਿਲੋਂ, ਅਜਨਾਲਾ ਤੋਂ ਕਾਂਗਰਸ ਦੇ ਹਰਪ੍ਰਤਾਪ ਸਿੰਘ 'ਆਪ' ਦੇ ਰਾਜਪ੍ਰੀਤ ਸਿੰਘ ਸੰਨੀ ਰੰਧਾਵਾ, ਜੰਡਿਆਲਾ (ਐਸ.ਸੀ.) ਤੋਂ ਕਾਂਗਰਸ ਦੇ ਸੁਖਵਿੰਦਰ ਸਿੰਘ ਡੈਨੀ 'ਆਪ' ਦੇ ਹਰਭਜਨ ਸਿੰਘ, ਅੰਮ੍ਰਿਤਸਰ (ਪੱਛਮੀ) ਤੋਂ ਕਾਂਗਰਸ ਦੇ ਡਾ. ਰਾਜਕੁਮਾਰ ਵੇਰਕਾ 'ਆਪ' ਦੇ ਬਲਵਿੰਦਰ ਸਿੰਘ ਸਹੋਤਾ, ਅੰਮ੍ਰਿਤਸਰ (ਕੇਂਦਰੀ) ਤੋਂ ਕਾਂਗਰਸ ਦੇ ਓਮ ਪ੍ਰਕਾਸ਼ ਸੋਨੀ 'ਆਪ' ਦੇ ਡਾ. ਅਜੇ ਗੁਪਤਾ, ਅੰਮ੍ਰਿਤਸਰ (ਪੂਰਬੀ) ਤੋਂ ਕਾਂਗਰਸ ਦੇ ਨਵਜੋਤ ਸਿੰਘ ਸਿੱਧੂ 'ਆਪ' ਦੇ ਸਰਬਜੋਤ ਸਿੰਘ ਠੰਡਲ, ਅੰਮ੍ਰਿਤਸਰ (ਉਤਰੀ) ਤੋਂ ਕਾਂਗਰਸ ਦੇ ਸੁਨੀਲ ਦੱਤੀ 'ਆਪ' ਮਨੀਸ਼ ਅਗਰਵਾਲ, ਅੰਮ੍ਰਿਤਸਰ (ਦੱਖਣੀ) ਤੋਂ ਕਾਂਗਰਸ ਦੇ ਇੰਦਰਬੀਰ ਸਿੰਘ ਬੁਲਾਰੀਆ 'ਆਪ' ਦੇ ਇੰਦਰਬੀਰ ਸਿੰਘ ਤੋਂ ਅੱਗੇ ਚੱਲ ਰਹੇ ਨਜ਼ਰ ਆ ਰਹੇ ਹਨ। ਜਦਕਿ ਬਾਬਾ ਬਕਾਲਾ ਤੋਂ 'ਆਪ' ਦੇ ਦਲਬੀਰ ਸਿੰਘ, ਅਟਾਰੀ (ਐਸ.ਸੀ.) ਤੋਂ ਜਸਵਿੰਦਰ ਸਿੰਘ ਜਹਾਂਗੀਰ ਦੀ ਪੁਜ਼ੀਸ਼ਨ ਕਾਫੀ ਮਜ਼ਬੂਤ ਹੈ। ਪਰ ਮਜੀਠਾ ਤੋਂ ਅਕਾਲੀ ਦਲ ਦੇ ਬਿਕਰਮ ਸਿੰਘ ਮਜੀਠੀਆ ਚੋਣ ਜਿੱਤ ਸਕਦੇ ਹਨ। ਗੁਰਦਾਸਪੁਰ ਜ਼ਿਲ੍ਹੇ ਦੀਆਂ 7 ਸੀਟਾਂ ਵਿਚੋਂ ਦੀਨਾਨਗਰ (ਐਸ.ਸੀ.) ਤੋਂ ਅਰੁਣ ਚੌਧਰੀ 'ਆਪ' ਦੇ ਜੋਗਿੰਦਰ ਛੀਨਾ, ਕਾਦੀਆਂ ਤੋਂ ਕਾਂਗਰਸ ਦੇ ਫਤਿਹ ਸਿੰਘ ਬਾਜਵਾ 'ਆਪ' ਦੇ ਕੰਵਲਪ੍ਰੀਤ ਸਿੰਘ ਕਾਕੀ, ਬਟਾਲਾ ਤੋਂ ਕਾਂਗਰਸ ਦੇ ਅਸ਼ਵਨੀ ਸ਼ੇਖੜੀ 'ਆਪ' ਦੇ ਗੁਰਪ੍ਰੀਤ ਸਿੰਘ ਵੜੈਚ, ਸ੍ਰੀ ਹਰਗੋਬਿੰਦਪੁਰ ਤੋਂ ਕਾਂਗਰਸ ਦੇ ਬਲਵਿੰਦਰ ਸਿੰਘ ਲਾਡੀ 'ਆਪ' ਦੇ ਐਡਵੋਕੇਟ ਅਮਰਪਾਲ ਸਿੰਘ, ਫਤਿਹਗੜ੍ਹ ਚੂੜੀਆਂ ਤੋਂ ਕਾਂਗਰਸ ਦੇ ਤ੍ਰਿਪਤ ਰਜਿੰਦਰ ਸਿੰਘ 'ਆਪ' ਦੇ ਗੁਰਵਿੰਦਰ ਸਿੰਘ ਸ਼ਾਮਪੁਰਾ, ਗੁਰਦਾਸਪੁਰ ਤੋਂ ਕਾਂਗਰਸ ਦੇ ਬਰਿੰਦਰਮੀਤ ਸਿੰਘ ਪਾਹੜਾ 'ਆਪ' ਅਮਰਜੀਤ ਸਿੰਘ ਚਾਹਲ, ਡੇਰਾ ਬਾਬਾ ਨਾਨਕ ਤੋਂ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ 'ਆਪ' ਦੇ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ ਨੂੰ ਸਖ਼ਤ ਟੱਕਰ ਦੇ ਰਹੇ ਹਨ। ਗੁਰਪ੍ਰੀਤ ਸਿੰਘ ਵੜੈਚ ਲਈ ਇਹ ਮੁਕਾਬਲਾ ਕਾਫ਼ੀ ਸਖ਼ਤ ਹੈ। ਇਥੋਂ ਸ਼ੇਖੜੀ ਦੀ ਪੁਜ਼ੀਸ਼ਨ ਕਾਫ਼ੀ ਬਿਹਤਰ ਹੈ। ਕਪੂਰਥਲਾ ਜ਼ਿਲ੍ਹੇ ਦੀਆਂ 4 ਸੀਟਾਂ ਵਿਚੋਂ ਕਪੂਰਥਲਾ ਤੋਂ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ 'ਆਪ' ਦੇ ਸੁਖਵੰਤ ਸਿੰਘ ਪੱਡਾ, ਸੁਲਤਾਨਪੁਰ ਲੋਧੀ ਤੋਂ ਕਾਂਗਰਸ ਦੇ ਨਵਤੇਜ ਸਿੰਘ ਚੀਮਾ, 'ਆਪ' ਦੇ ਸੱਜਣ ਸਿੰਘ ਚੀਮਾ, ਫਗਵਾੜਾ ਤੋਂ ਕਾਂਗਰਸ ਦੇ ਜੋਗਿੰਦਰ ਸਿੰਘ ਮਾਨ 'ਆਪ' ਦੇ ਜਰਨੈਲ ਸਿੰਘ ਨੰਗਲ ਨੂੰ ਸਖ਼ਤ ਟੱਕਰ ਦੇ ਰਹੇ ਹਨ। ਭੁਲੱਥ ਤੋਂ ਬੀਬੀ ਜਗੀਰ ਕੌਰ ਦੇ ਜਵਾਈ ਯੁਵਰਾਜ ਭੁਪਿੰਦਰ ਸਿੰਘ, 'ਆਪ' ਦੇ ਸੁਖਪਾਲ ਖਹਿਰਾ ਤੋਂ ਜ਼ਰਾ ਪੱਛੜਦੇ ਨਜ਼ਰ ਆ ਰਹੇ ਹਨ।

ਪਠਾਨਕੋਟ ਜ਼ਿਲ੍ਹੇ ਦੀਆਂ ਤਿੰਨ ਸੀਟਾਂ ਵਿਚੋਂ ਭੋਆ ਤੋਂ ਕਾਂਗਰਸ ਦੇ ਜੋਗਿੰਦਰ ਪਾਲ 'ਆਪ' ਦੇ ਠੇਕੇਦਾਰ ਅਮਰਜੀਤ ਸਿੰਘ, ਪਠਾਨਕੋਟ ਤੋਂ ਕਾਂਗਰਸ ਦੇ ਅਮਿਤ ਵਿਜ 'ਆਪ' ਦੇ ਰਾਜਕੁਮਾਰ ਮਹਾਜਨ, ਸੁਜਾਨਪੁਰ ਤੋਂ ਅਮਿਤ ਮੰਡੂ 'ਆਪ' ਦੇ ਕੁਲਭੂਸ਼ਣ ਮਿਨਹਾਸ ਨੂੰ ਸਖ਼ਤ ਟੱਕਰ ਦੇ ਰਹੇ ਹਨ।

ਫ਼ਿਰੋਜ਼ਪੁਰ ਜ਼ਿਲ੍ਹੇ ਦੇ 4 ਹਲਕਿਆਂ ਲਈ ਕੁਲ 48 ਉਮੀਦਵਾਰ ਮੈਦਾਨ 'ਚ ਹਨ।

ਜ਼ੀਰਾ ਹਲਕੇ ਵਿੱਚ ਕਾਂਗਰਸ ਵਲੋਂ ਕਾਂਗਰਸ ਕੁਲਬੀਰ ਸਿੰਘ ਜ਼ੀਰਾ, ਅਕਾਲੀ ਦਲ ਵਲੋਂ ਹਰੀ ਸਿੰਘ ਜ਼ੀਰਾ ਅਤੇ ਕਾਂਗਰਸ ਵਲੋਂ ਆਪ ਗੁਰਪ੍ਰੀਤ ਸਿੰਘ ਗੋਰਾ ਡਟੇ ਹੋਏ ਹਨ। ਇੱਥੇ ਕਾਂਗਰਸ ਕਾਫ਼ੀ ਮੂਹਰੇ ਚੱਲ ਰਹੀ ਹੈ।

ਫ਼ਿਰੋਜ਼ਪੁਰ ਸਿਟੀ ਹਲਕੇ ਵਿੱਚ ਕਾਂਗਰਸ ਦੇ ਪਰਮਿੰਦਰ ਸਿੰਘ ਪਿੰਕੀ, ਅਕਾਲੀ ਭਾਜਪਾ ਦੇ ਸੁਖਪਾਲ ਸਿੰਘ ਨੰਨੂੰ ਅਤੇ ਆਪ ਦੇ ਨਰਿੰਦਰ ਸਿੰਘ ਸੰਧਾ ਵਿਚਾਲੇ ਟੱਕਰ ਵਿਚੋਂ ਸੀਟ ਕਾਂਗਰਸ ਦੀ ਝੋਲੀ ਵਿੱਚ ਪੈਣ ਦੇ ਪੱਕੇ ਸੰਕੇਤ ਹਨ।

ਫ਼ਿਰੋਜ਼ਪੁਰ ਦਿਹਾਤੀ ਵਿੱਚ ਕਾਂਗਰਸ ਦੀ ਸਤਿਕਾਰ ਕੌਰ ਗਹਿਰੀ ਨੇ ਅਕਾਲੀ-ਭਾਜਪਾ ਗਠਜੋੜ ਦੇ ਜੋਗਿੰਦਰ ਸਿੰਘ ਜਿੰਦੂ ਅਤੇ ਆਮ ਆਦਮੀ ਪਾਰਟੀ ਦੇ ਮੋਹਨ ਸਿੰਘ ਫਲੀਆਂਵਾਲਾ ਨੂੰ ਕਾਫ਼ੀ ਪਛਾੜਿਆ ਹੋਇਆ ਹੈ। ਇੱਥੇ ਵੀ ਕਾਂਗਰਸ ਦੀ ਜਿੱਤ ਨਜ਼ਰ ਆਉਂਦੀ ਹੈ।

ਗੁਰੂਹਰਿ ਸਹਾਏ ਹਲਕੇ ਵਿੱਚ ਕਾਂਗਰਸ ਦੇ ਪੁਰਾਣੇ ਘੁਲਾਟੀਏ ਰਾਣਾ ਗੁਰਮੀਤ ਸਿੰਘ ਸੋਢੀ ਨੇ ਅਕਾਲੀ ਦਲ ਦੇ ਬਰਦੇਵ ਸਿੰਘ ਮਾਨ ਅਤੇ ਆਪ ਦੇ ਮਲਕੀਤ ਸਿੰਘ ਥਿੰਦ ਨੂੰ ਹਰਾ ਕੇ ਜਿੱਤ ਹਾਸਲ ਕਰਨ ਲਈ ਮੈਦਾਨ ਲਗਭਗ ਤਿਆਰ ਕਰ ਲਿਆ ਹੈ।

ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਜ਼ਿਲ੍ਹੇ ਦੇ 3 ਹਲਕਿਆਂ ਲਈ ਕੁਲ 26 ਉਮੀਦਵਾਰ ਮੈਦਾਨ 'ਚ ਹਨ।

ਹਲਕਾਵਾਰ ਸਥਿਤੀ ਇਸ ਤਰ੍ਹਾਂ ਹੈ। ਨਵਾਂ ਸ਼ਹਿਰ ਹਲਕੇ ਵਿੱਚ ਕਾਂਗਰਸ ਦੇ ਅੰਗਦ ਸਿੰਘ, ਅਕਾਲੀ-ਭਾਜਪਾ ਜਰਨੈਲ ਸਿੰਘ ਵਾਹਦ ਅਤੇ ਆਪ ਦੇ ਚਰਨਜੀਤ ਸਿੰਘ ਚੰਨੀ ਵਿਚਕਾਰ ਤਿਕੋਣੇ ਮੁਕਾਬਲੇ ਵਿੱਚ ਚੰਨੀ ਦਾ ਹੱਥ ਉਪਰ ਨਜ਼ਰ ਆ ਰਿਹਾ ਹੈ।

ਬੰਗਾ (ਐੱਸਸੀ) ਹਲਕੇ ਵਿੱਚ ਕਾਂਗਰਸ ਵਲੋਂ ਸਤਨਾਮ ਸਿੰਘ ਕੈਂਥ, ਅਕਾਲੀ-ਭਾਜਪਾ ਗਠਜੋੜ ਵਲੋਂ ਡਾ. ਸੁਖਵਿੰਦਰ ਸੁੱਖੀ ਅਤੇ ਆਪ ਦੀ ਹਰਜੋਤ ਕੌਰ ਅਤੇ ਕਾਂਗਰਸ ਦੇ ਬਾਗੀ ਤਰਲੋਚਨ ਸਿੰਘ ਸੂੰਢ ਮੈਦਾਨ ਵਿੱਚ ਹਨ। ਇੱਥੇ ਕਾਂਗਰਸ ਦੇ ਬਾਗੀ ਨੂੰ ਮਿਲ ਰਹੇ ਹੁੰਗਾਰੇ ਦੇ ਮੱਦੇਨਜ਼ਰ ਆਪ ਉਮੀਦਵਾਰ ਦੀ ਜਿੱਤ ਦੇ ਕਾਫ਼ੀ ਆਸਾਰ ਹਨ।

ਬਲਾਚੌਰ ਹਲਕੇ 'ਚ ਮੁੱਖ ਮੁਕਾਬਲਾ ਕਾਂਗਰਸ ਦੇ ਚੌਧਰੀ ਧਰਮ ਦਰਸ਼ਨ ਲਾਲ ਮੰਗੂਪੁਰ, ਅਕਾਲੀ-ਭਾਜਪਾ ਗਠਜੋੜ ਦੇ ਚੌਧਰੀ ਨੰਦ ਲਾਲ ਅਤੇ ਆਪ ਦੇ ਬ੍ਰਿਗੇਡੀਅਰ ਰਾਜਕੁਮਾਰ ਵਿਚਕਾਰ ਹੈ। ਸੀਟ ਕਾਂਗਰਸ ਦੇ ਹਿੱਸੇ ਆ ਸਕਦੀ ਹੈ।

## ਮੌੜ ਮੰਡੀ ਵਿਚ ਹਰਮਿੰਦਰ ਜੱਸੀ ਦੀ ਰੈਲੀ ਦੌਰਾਨ ਧਮਾਕੇ 'ਚ 4 ਮੌਤਾਂ, 15 ਜ਼ਖ਼ਮੀ

ਲੋਕਾਂ ਵਿੱਚ ਉਸ ਸਮੇਂ ਰੋਹ ਫੈਲ ਗਿਆ, ਜਦੋਂ ਕੁੱਝ ਪੁਲੀਸ ਮੁਲਾਜ਼ਮਾਂ ਨੇ ਗੋਲੀਆਂ ਦੇ ਖ਼ੋਲ ਕਥਿਤ ਤੌਰ 'ਤੇ ਲੁਕਾਉਣ ਦੀ ਕੋਸ਼ਿਸ਼ ਕੀਤੀ। ਇਸ 'ਤੇ ਜੱਸੀ ਸਮਰਥਕਾਂ ਨੇ ਮੌਕੇ 'ਤੇ ਪੁੱਜੇ ਐਸਡੀਐਮ ਲਤੀਫ਼ ਅਹਿਮਦ ਤੇ ਡੀਐਸਪੀ ਦਵਿੰਦਰ ਸਿੰਘ ਨੂੰ ਘੇਰ ਲਿਆ। ਹਾਲਾਤ ਦਾ ਜਾਇਜ਼ਾ ਲੈਣ ਲਈ ਐਸਐਸਪੀ ਬਠਿੰਡਾ ਸਵਪਨ ਸ਼ਰਮਾ ਮੌਕੇ 'ਤੇ ਪੁੱਜ ਚੁੱਕੇ ਸਨ। ਇਸ ਹਾਦਸੇ ਵਿੱਚ ਜ਼ਖ਼ਮੀ ਹੋਏ ਵਿਅਕਤੀਆਂ ਵਿੱਚ ਜਸਕਰਨ ਸਿੰਘ ਪੁੱਤਰ ਗੁਰਜੰਟ ਸਿੰਘ ਪਿੰਡ ਮੌੜ ਖੁਰਦ, ਅਮਰੀਕ ਸਿੰਘ ਪੁੱਤਰ ਰਾਜਿੰਦਰ ਸਿੰਘ, ਰੌਕੀ ਕੁਮਾਰ ਪੁੱਤਰ ਪ੍ਰੇਮ ਕੁਮਾਰ, ਲਵਲੀ ਪੁੱਤਰ ਪ੍ਰੇਮ ਕੁਮਾਰ (ਤਿੰਨੋਂ ਵਾਸੀ ਮੌੜ ਮੰਡੀ), ਰਿੰਪਕ, ਜਪੀ ਸਿੰਘ ਪੁੱਤਰ ਸੁਖਦੀਪ ਸਿੰਘ, ਅੰਕੁਸ਼ ਪੁੱਤਰ ਗਿਆਨ ਚੰਦ, ਸੌਰਭ ਸਿੰਗਲਾ ਪੁੱਤਰ ਬਿੱਟੂ, ਪ੍ਰਿੰਸੀਪਲ ਦਰਸ਼ਨ ਸਿੰਘ ਅਤੇ ਅਮਰੀਕ ਸਿੰਘ ਦੇ ਨਾਂ ਸ਼ਾਮਲ ਹਨ।

**ਮਨਪ੍ਰੀਤ ਬਾਦਲ ਦੇ ਉਪ ਦਫ਼ਤਰ 'ਤੇ ਗੋਲੀਬਾਰੀ :**

ਬਠਿੰਡਾ : ਬਠਿੰਡਾ (ਸ਼ਹਿਰੀ) ਤੋਂ ਕਾਂਗਰਸੀ ਉਮੀਦਵਾਰ ਮਨਪ੍ਰੀਤ ਬਾਦਲ ਦੇ ਸਬ-ਦਫ਼ਤਰ 'ਤੇ ਫਾਇਰਿੰਗ ਹੋਈ, ਜਿਸ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਥਾਣਾ ਕੈਨਾਲ ਦੀ ਪੁਲੀਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਮਨਪ੍ਰੀਤ ਬਾਦਲ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ ਕਿ ਉਸ ਦੇ ਜਨਤਾ ਨਗਰ ਵਿਚਲੇ ਦਫ਼ਤਰ 'ਤੇ ਹਾਕਮ ਧਿਰ ਦੇ ਗੁੰਡਿਆਂ ਵੱਲੋਂ ਹਮਲਾ ਕੀਤਾ ਗਿਆ ਹੈ। ਉਨ੍ਹਾਂ ਚੋਣ ਕਮਿਸ਼ਨ ਨੂੰ ਕਾਰਤੂਸਾਂ ਦੇ ਖੋਲਾਂ ਦੀ ਤਸਵੀਰ ਵੀ ਭੇਜੀ ਹੈ। ਦੂਜੇ ਪਾਸੇ ਅਕਾਲੀ ਉਮੀਦਵਾਰ ਸਰੂਪ ਚੰਦ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਦਾ ਇਸ ਗੋਲੀਬਾਰੀ ਨਾਲ ਕੋਈ ਸਬੰਧ ਨਹੀਂ ਹੈ ਅਤੇ ਉਨ੍ਹਾਂ ਨੂੰ ਬਦਨਾਮ ਕਰਨ ਖ਼ਾਤਰ ਇਹ ਡਰਾਮਾ ਕੀਤਾ ਜਾ ਰਿਹਾ ਹੈ।

## ਰਾਸ਼ਟਰਵਾਦ ਦਾ ਜਨਮ, ਵਿਕਾਸ ਅਤੇ ਨਿਸ਼ਾਨੇ

ਘੱਟਗਿਣਤੀਆਂ ਅਤੇ ਨੈਸ਼ਨਲਇਜ਼ਮ ਬਾਰੇ ਚਲੇ ਆਉਂਦੇ ਕੁਝ ਨਕਾਰਤਮਕ ਸਿਧਾਂਤਾਂ ਨੂੰ ਰੱਦ ਕਰਦੇ ਹੋਏ ਆਖਿਆ ਹੈ ਕਿ ਨੈਸ਼ਨਲਇਜ਼ਮ ਅਤੇ ਐਥਨੀਸਿਟੀ ਦੋਵੇਂ ਇਕ ਦੂਜੇ ਨਾਲ ਜੁੜੇ ਹੋਏ ਵਰਤਾਰੇ ਹਨ, ਇਨ੍ਹਾਂ ਨੂੰ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਗੈਟ ਅਨੁਸਾਰ ਨੈਸ਼ਨਲਇਜ਼ਮ ਤਾਂ ਰਾਜਸੀ ਐਥਨਸਿਟੀ ਦੇ ਵੱਡੇ ਵਰਤਾਰੇ ਦਾ ਇਕ ਮਹਤਵਪੂਰਨ ਅੰਗ ਹੈ। ਉਹ ਆਖਦਾ ਹੈ ਕਿ ਘੱਟ ਗਿਣਤੀ (Ethinicity) ਵਰਤਾਰਾ ਇਤਿਹਾਸ ਵਿਚ ਹਮੇਸ਼ਾ ਹੀ ਬਹੁਤ ਵੱਡੀ ਪੱਧਰ ਤੇ ਸਟੇਟ ਦੇ ਪੈਦਾ ਹੋਣ ਤੋਂ ਵੀ ਪਹਿਲਾਂ ਦਾ ਰਾਜਸੀ ਵਰਤਾਰਾ ਰਿਹਾ ਹੈ। ਉਹ ਆਖਦੇ ਹਨ ਕਿ ਘੱਟ ਗਿਣਤੀ ਤੋਂ ਉਨ੍ਹਾਂ ਦਾ ਭਾਵ ਹੈ ਉਹ ਸਮਾਜਿਕ ਸਮੂਹ ਜੋ ਸਾਂਝੀ ਪਿਤਾ ਪੁਰਖੀ ਇੱਕਮੁਠਤਾ ਵਿਚ ਰਹਿੰਦਾ ਹੈ ਅਤੇ ਜੋ ਸਾਂਝੇ ਸਭਿਆਚਾਰ ਨਾਲ ਆਪਣੀ ਮਾਨਸਕ ਤੰਦ ਜੋੜਦਾ ਹੈ। ਉਹ ਆਖਦੇ ਹਨ ਕਿ ਮਲਟੀਨੈਸ਼ਨਲ ਸਟੇਟ ਵਿਚ ਸਰਕਾਰਾਂ ਇਸੇ ਕਰਕੇ ਆਪਣੀ ਮਾਨਸਕ ਤੰਦ ਜੋੜਦਾ ਹੈ। ਉਹ ਆਖਦੇ ਹਨ ਕਿ ਮਲਟੀਨੈਸ਼ਨਲ ਸਟੇਟ ਵਿਚ ਸਰਕਾਰਾਂ ਇਸੇ ਕਰਕੇ ਆਪਣੀ ਤਾਕਤ ਦੇ ਜ਼ੋਰ ਨਾਲ ਲੋਕਾਂ ਨੂੰ ਇਕ ਨੇਸ਼ਨ ਵਿਚ ਤਬਦੀਲ ਕਰਨ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ ਕਿਉਂਕਿ ਉਹ ਜਾਣਦੀਆਂ ਹਨ ਕਿ ਸਿਰਫ਼ ਆਪਣੇ ਲੋਕਾਂ ਦੀ ਅਸਲ ਨੇਸ਼ਨ ਸਟੇਟ ਹੀ ਭਵਿੱਖ ਵਿਚ ਸਥਾਈ ਰਹਿ ਸਕਦੀ ਹੈ। ਇਸੇ ਲਈ ਐਥਨੀਸਿਟੀ ਅਤੇ ਨੈਸ਼ਨਲਇਜ਼ਮ ਇਕ ਮਜਬੂਤ ਰਾਜਸੀ ਵਰਤਾਰਾ ਹੈ ਕਿਉਂਕਿ ਇਨ੍ਹਾਂ ਦੋਹਾਂ ਵਰਤਾਰਿਆਂ ਨੇ ਕਦੇ ਮਲਟੀਨੈਸ਼ਨਲ ਸਟੇਟ ਨੂੰ ਮਜਬੂਤ ਕਰਨ ਦਾ ਯਤਨ ਨਹੀਂ ਕੀਤੀ ਬਲਕਿ ਆਪਣੇ ਲੋਕਾਂ ਦੀ ਭਾਵਨਾ ਅਨੁਸਾਰ ਸਟੇਟ ਨੂੰ ਤੋੜਨ ਦਾ ਹੀ ਯਤਨ ਕੀਤਾ ਹੈ। ਗੈਟ ਦਾ ਕਹਿਣਾ ਹੈ ਕਿ ਨੈਸ਼ਨਲਇਜ਼ਮ ਸਾਡੇ ਸਮਿਆਂ ਦਾ ਏਨਾ ਵੱਡਾ ਅਤੇ ਮਜਬੂਤ ਵਰਤਾਰਾ ਹੈ ਕਿ ਸਟੇਟ ਚਲਾ ਰਹੇ ਲੋਕ ਇਸ ਨੂੰ ਇਸਦੀ ਸਮੁੱਚਤਾ ਵਿਚ ਸਮਝਣ ਦਾ ਯਤਨ ਹੀ ਨਹੀਂ ਕਰ ਰਹੇ ਕਿਉਂਕਿ ਜਦੋਂ ਉਹ ਇਸ ਦੀ ਅਸਲੀਅਤ ਨੂੰ ਸਮਝਣ ਦਾ ਯਤਨ ਸੱਚੇ ਦਿਲੋਂ ਕਰਨਗੇ ਤਾਂ ਉਨ੍ਹਾਂ ਦੀਆਂ ਆਪਣੀਆਂ ਰਾਜਸੀ ਪੁਜੀਸ਼ਨਾ ਖਤਰੇ ਵਿਚ ਆ ਜਾਣਗੀਆਂ। ਨੈਸ਼ਨਲਇਜ਼ਨ ਕਮਰੇ ਵਿਚ ਬੈਠਾ ਉਹ ਹਾਥੀ ਹੈ ਜੋ ਜਦੋਂ ਝੂਮਦਾ ਹੈ ਤਾਂ ਸਾਰਾ ਵਜੂਦ ਹਿਲਾ ਕੇ ਰੱਖ ਦੇਂਦਾ ਹੈ। ਇਸੇ ਲਈ ਸਾਰੇ ਰਾਜਸੀ ਵਿਸ਼ਲੇਸ਼ਕ ਇਸਨੂੰ ਇਕ ਭਾਰਤੀ ਕਹਾਣੀ ਵਾਂਗ ਦੇਖ ਰਹੇ ਹਨ ਜਿੱਥੇ ਕੁਝ ਅੰਨ੍ਹੇ ਲੋਕਾਂ ਦੇ ਹੱਥਾਂ ਵਿਚ ਆਏ ਹਾਥੀ ਦੇ ਵੱਖਰੇ ਵੱਖਰੇ ਅੰਗ ਹੀ ਉਨ੍ਹਾਂ ਦੀ ਵਿਆਖਿਆ ਦਾ ਕੇਂਦਰ ਬਣ ਰਹੇ ਹਨ। ਉਸ ਹਾਥੀ ਦਾ ਸਮੁੱਚਾ ਵਜੂਦ ਕਿਸੇ ਦੀ ਸਮਝ ਵਿਚ ਨਹੀਂ ਆਉਂਦਾ।

ਨੈਸ਼ਨਲਇਜ਼ਮ ਅਤੇ ਖਾਸ ਕਰਕੇ ਘੱਟ ਗਿਣਤੀਆਂ ਦੇ ਨੈਸ਼ਨਲਇਜ਼ਮ ਤੇ (Ethnonationalism) ਖੋਜ ਕਰਨ ਵਾਲੇ ਵਾਕਰ ਕੋਨਰ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਦੀਆਂ ਘਟਨਾਵਾਂ ਨੇ ਸੰਸਾਰ ਰਾਜਨੀਤੀ ਦੇ ਮਾਹਰਾਂ ਨੂੰ ਇਹ ਗੱਲ ਦਰਸਾ ਦਿੱਤੀ ਹੈ ਕਿ ਘੱਟ ਗਿਣਤੀਆਂ ਦਾ ਨੈਸ਼ਨਲਇਜ਼ਮ ਇਸ ਵੇਲੇ ਸੰਸਾਰ ਭਰ ਦੀਆਂ ਸਥਾਪਤ ਸਟੇਟਸ ਲਈ ਵੱਡੀ ਚੁਣੌਤੀ ਦੇ ਤੌਰ ਤੇ ਉਭਰ ਰਿਹਾ ਹੈ। ਇਸ ਵੇਲੇ ਅਸੀਂ ਸੰਸਾਰ ਭਰ ਵਿਚ ਸਥਾਪਤ ਅਤੇ ਮਜ਼ਬੂਤ ਸਰਕਾਰਾਂ ਦੇ ਉਭਾਰ ਨੂੰ ਨਹੀਂ ਦੇਖ ਰਹੇ ਬਲਕਿ ਸੰਸਾਰ ਭਰ ਵਿਚ ਲੋਕਾਂ ਦੇ ਸਟੇਟ ਸਿਸਟਮ ਨਾਲੋਂ ਆਪਣੀ ਕੌਮ, ਭਾਈਚਾਰੇ ਇਤਿਹਾਸ ਅਤੇ ਇਸ ਕਿਸਮ ਦੇ ਹੋਰ ਗੈਰ ਰਸਮੀ ਵਰਤਾਰਿਆਂ ਨਾਲ ਪੀਡੀ ਹੁੰਦੀ ਸਾਂਝ ਨੂੰ ਦੇਖ ਰਹੇ ਹਾਂ। ਸੰਸਾਰ ਭਰ ਵਿਚ ਪੈਦਾ ਹੋ ਰਹੇ ਹਿੰਸਕ ਵਿਦਰੋਹਾਂ ਦੇ ਮੱਦੇ ਨਜ਼ਰ ਅਸੀਂ ਇਹ ਕਹਿ ਸਕਦੇ ਹਾਂ ਕਿ ਸਥਾਪਤ ਸਰਕਾਰਾਂ ਆਪਣੇ ਅਧੀਨਾਂ ਦੇ ਮਨਾਂ ਵਿਚ ਸਟੇਟ ਲਈ ਪਿਆਰ ਅਤੇ ਮੋਹ ਪੈਦਾ ਨਹੀਂ ਕਰ ਸਕੀਆਂ ਅਤੇ ਮਨੁੱਖਾਂ ਦੀ ਪਹਿਲੀ ਵਫਾਦਾਰੀ ਹੁਣ ਸਟੇਟ ਨਾਲੋਂ ਆਪਣੇ ਅਕੀਦੇ ਅਤੇ ਆਪਣੇ ਸਮਾਜਿਕ ਸਮੂਹ (ਕੌਮ) ਨਾਲ ਹੁੰਦੀ ਜਾ ਰਹੀ ਹੈ। ਇਹ ਵਰਤਾਰਾ ਸਿਰਫ ਤੀਜੀ ਦੁਨੀਆਂ ਵਿਚ ਹੀ ਨਹੀਂ ਵਰਤ ਰਿਹਾ ਬਲਕਿ ਆਪਣੇ ਆਪ ਨੂੰ ਅਗਾਂਹਵਧੂ ਦੇਸ਼ ਮੰਨਣ ਵਾਲੇ ਆਸਟਰੀਆ, ਬੈਲਜੀਅਮ, ਕਨੇਡਾ, ਡੈਨਮਾਰਕ, ਫਰਾਂਸ, ਇਟਲੀ, ਨੀਦਰਲੈਂਡਜ਼, ਸਵਿਟਰਜ਼ਰਲੈਂਡ ਅਤੇ ਇੰਗਲੈਂਡ ਵਿਚ ਵੀ ਵੱਡੀ ਪੱਧਰ ਤੇ ਵਰਤ ਰਿਹਾ ਹੈ। ਵਾਕਰ ਕੋਨਰ ਦਾ ਕਹਿਣਾ ਹੈ ਕਿ ਨੈਸ਼ਨਲਇਜ਼ਮ ਦੀ ਇਸ ਭਾਵਨਾ ਨੂੰ ਨਾ ਸਮਝਣ ਲਈ ਸਾਡੇ ਸਮਕਾਲੀ ਵਿਦਵਾਨਾਂ ਦਾ ਵੱਡਾ ਦੋਸ਼ ਹੈ ਕਿਉਂਕਿ ਉਨ੍ਹਾਂ ਨੇ ਨੈਸ਼ਨਲਇਜ਼ਮ ਨੂੰ ਮਹਿਜ਼ ਆਪਣੀ ਸਰਕਾਰ ਪ੍ਰਤੀ ਵਫ਼ਾਦਾਰੀ ਦੇ ਤੌਰ ਮੰਨ ਲਿਆ ਅਤੇ ਨੇਸ਼ਨ (ਕੌਮ) ਨਾਲ ਵਫ਼ਾਦਾਰੀ ਵਾਲੇ ਫੈਕਟਰ ਨੂੰ ਅੱਖੋਂ ਪਰੋਖੇ ਹੀ ਕਰ ਦਿੱਤਾ। ਇਸ ਇਤਿਹਾਸਕ ਗਲਤੀ ਨੇ ਵਿਦਵਾਨਾਂ ਨੂੰ ਇਹ ਸਿੱਟਾ ਕੱਢਣ ਲਈ ਮਜ਼ਬੂਰ ਕਰ ਦਿੱਤਾ ਕਿ ਨੈਸ਼ਨਲਇਜ਼ਮ ਦਾ ਸਟੇਟ ਨਾਲ ਇਕਸੁਰਤਾ ਵਾਲਾ ਸਬੰਧ ਸਕਾਰਾਤਮਕ ਅਤੇ ਸਹਾਇਕ ਹੈ। ਉਹ ਇਹ ਸਮਝਣ ਵਿਚ ਨਾਕਾਮ ਰਹੇ ਕਿ ਇਹ ਸਬੰਧ ਅਕਿਰਿਆਸ਼ੀਲ ਅਤੇ ਹਾਰਵਾਦੀ ਹੈ।

ਘੱਟ ਗਿਣਤੀ ਤੋਂ ਕੌਮ

ਘੱਟ ਗਿਣਤੀ ਭਾਈਚਾਰਿਆਂ ਵਿਚ ਆਪਣੀ ਹੋਂਦ ਦੀ ਚੇਤੰਨਤਾ, ਉਸ ਚੇਤੰਨਤਾ ਦਾ ਵਿਗਾਸ ਅਤੇ ਵਿਕਸਿਤ ਚੇਤਨਤਾ ਦੇ ਕੌਮ (ਨੇਸ਼ਨ) ਵਿਚ ਤਬਦੀਲ ਹੋਣ ਦੇ ਵਰਤਾਰੇ ਦਾ ਐਨਥਨੀ ਡੀ ਸਮਿੱਥ ਨੇ ਬਹੁਤ ਡੂੰਘਾ ਅਧਿਐਨ ਕੀਤਾ ਹੈ। ਸਿੱਖ ਰਾਸ਼ਟਰਵਾਦ ਦੇ ਬਹੁਪੱਖੀ ਪਸਾਰ ਨੂੰ ਸਮਝਣ ਲਈ ਅਸੀਂ ਸਮਿੱਥ ਦੇ ਥੀਸਸ ਨੂੰ ਦੇਖ ਸਕਦੇ ਹਾਂ।

ਐਨਥਨੀ ਸਮਿੱਥ ਅਨੁਸਾਰ ਘੱਟ ਗਿਣਤੀ ਕੌਮਾਂ ਉਨ੍ਹਾਂ ਸਮੂਹਾਂ ਨੂੰ ਆਖਿਆ ਜਾਂਦਾ ਹੈ ਜੋ ਸਾਂਝੇ ਪਿਤਰਾਂ ਦੀ ਪੈਦਾਇਸ਼, ਸਾਂਝੇ ਇਤਿਹਾਸ ਅਤੇ ਸਾਂਝੇ ਸਭਿਆਚਾਰ ਦੇ ਮਾਲਕ ਹਨ, ਜਿਨ੍ਹਾਂ ਦੀ ਧਰਤੀ ਦੇ ਇਕ ਖਾਸ ਟੁਕੜੇ ਨਾਲ ਗਹਿਰੀ ਸਾਂਝ ਹੈ ਅਤੇ ਆਪਸ ਵਿਚ ਗੰਭੀਰ ਇਕਜੁੱਟਤਾ ਹੈ।

ਕਿਸੇ ਵੀ ਘੱਟ ਗਿਣਤੀ ਦਾ ਇਕ ਸਾਂਝਾ ਨਾਅ ਉਸਦੀ ਹੋਂਦ ਦਾ ਪਹਿਲਾ ਪ੍ਰਤੀਕ ਹੈ। ਕਿਉਂਕਿ ਨਾਅ ਤੋਂ ਬਿਨਾ ਸਮੂਹ, ਦੇ ਮੈਂਬਰਾਂ ਵਿਚ ਇਕਜੁੱਟਤਾ ਦੀ ਭਾਵਨਾ ਪੈਦਾ ਨਹੀਂ ਹੁੰਦੀ। ਕੌਮ ਦਾ ਸਾਂਝਾ ਨਾਅ ਕੌਮ ਦੀ ਹੋਂਦ ਦਾ ਪ੍ਰਤੀਕ ਹੈ ਜਿਸ ਨਾਲ ਕੌਮ ਦੇ ਮੈਂਬਰ ਆਪਣੇ ਆਪ ਨੂੰ ਦੂਜਿਆਂ ਨਾਲੋਂ ਵੱਖ ਕਰਕੇ ਦੇਖਦੇ ਹਨ। ਸਾਂਝੀ ਕੌਮੀ ਵੰਸ਼, ਘੱਟ ਗਿਣਤੀ ਕੌਮਾਂ ਦਾ ਦੂਜਾ ਵੱਡਾ ਲੱਛਣ ਹੈ। ਸਾਂਝੇ ਵੰਸ਼ ਦੀ ਮਿੱਥ ਕੌਮ ਨੂੰ ਦੱਸਦੀ ਹੈ ਕਿ ਉਹ ਸਾਂਝੇ ਕਿਉਂ ਹਨ ਅਤੇ ਇਕ ਦੂਜੇ ਨਾਲ ਕਿਉਂ ਜੁੜੇ ਹੋਏ ਹਨ। ਅਸੀਂ ਇਕ ਭਾਈਚਾਰਾ ਕਿਉਂ ਹਾਂ? ਕਿਉਂਕਿ ਅਸੀਂ ਇੱਕੋ ਥਾਂ ਕਿਸੇ ਖਾਸ ਮੌਕੇ ਤੇ ਆਏ ਹਾਂ ਸਾਡਾ ਸਾਂਝਾ ਪੂਰਵਜ਼ ਹੈ। ਅਸੀਂ ਜ਼ਰੂਰੀ ਤੌਰ ਤੇ ਇਕ ਦੂਜੇ ਨਾਲ ਜੁੜੇ ਹੋਏ ਹਾਂ ਅਤੇ ਸਾਂਝੀਆਂ ਭਾਵਨਾਵਾਂ ਨੂੰ ਮਹਿਸੂਸ ਕਰਦੇ ਹਾਂ।

ਭਾਈਚਾਰੇ ਦੇ ਸਾਂਝੇ ਕੌਮੀ ਨਿਸ਼ਾਨ ਜੋ ਪਿਛਲੀਆਂ ਪੀੜ੍ਹੀਆਂ ਦੇ ਤਜਰਬੇ ਵਿਚੋਂ ਢਲਕੇ ਕੁੰਦਨ ਬਣਕੇ ਨਵੀਂ ਪੀੜ੍ਹੀ ਅੱਗੇ ਆਏ ਹੁੰਦੇ ਹਨ ਵੀ ਕੌਮੀ ਭਾਵਨਾਵਾਂ ਨੂੰ ਮਜਬੂਤ ਕਰਦੇ ਹਨ।

ਸਾਂਝਾ ਇਤਿਹਾਸ ਘੱਟ ਗਿਣਤੀ ਕੌਮਾਂ ਦੇ ਵਜੂਦ ਦਾ ਇਕ ਹੋਰ ਮਹੱਤਵਪੂਰਨ ਤੱਤ ਹੈ। ਸਮਿੱਥ ਆਖਦਾ ਹੈ ਕਿ ਸਾਂਝੇ ਇਤਿਹਾਸ ਤੋਂ ਬਿਨਾ ਘੱਟ ਗਿਣਤੀ ਕੌਮ ਦੇ ਵਜੂਦ ਨੂੰ ਮੰਨਿਆ ਹੀ ਨਹੀਂ ਜਾ ਸਕਦਾ। ਉਹ ਆਖਦਾ ਹੈ ਕਿ ਇਤਿਹਾਸ ਸਿਰਫ ਉਹ ਨਹੀਂ ਹੁੰਦਾ ਜੋ ਇਤਿਹਾਸਕਾਰਾਂ ਵੱਲੋਂ ਦਸਿਆ ਜਾਂਦਾ ਹੈ ਬਲਕਿ ਕਿਸੇ ਘੱਟ ਗਿਣਤੀ ਕੌਮ ਲਈ ਇਤਿਹਾਸ ਸਿਰਫ ਉਹ ਨਹੀਂ ਹੁੰਦਾ ਜੋ ਇਤਿਹਾਸਕਾਰਾਂ ਵੱਲੋਂ ਦਸਿਆ ਜਾਂਦਾ ਹੈ ਬਲਕਿ ਕਿਸੇ ਘੱਟ ਗਿਣਤੀ ਕੌਮ ਲਈ ਇਤਿਹਾਸ ਦੇ ਸੋਮੇ ਉਸਦੀ ਮਾਨਸਿਕਤਾ ਵਿਚੋਂ ਉਪਜਦੇ ਹਨ। ਹੋ ਸਕਦਾ ਹੈ ਭਟਕੇ ਹਏ (Disinterested Scholars) ਇਤਿਹਾਸਕਾਰ ਕਿਸੇ ਮੋੜ ਤੇ ਆ ਕੇ ਇਤਿਹਾਸ ਬਾਰੇ ਵੱਖਰੀ ਪਹੁੰਚ ਅਪਨਾ ਲੈਣ ਪਰ ਕੌਮ ਦੀ ਆਤਮ ਨੂੰ ਤਾਂ ਉਹ ਇਤਿਹਾਸ ਹੀ ਤ੍ਰਿਪਤ ਕਰ ਸਕਦਾ ਹੈ ਜਿਸ ਵਿਚ ਕੌਮ ਦੇ ਨਾਇਕਾਂ ਅਤੇ ਨਾਇਕਾਵਾਂ ਦੀ ਅਸਹਿ ਅਤੇ ਅਕਿਹ ਘਾਲਣਾ ਨੂੰ ਬਿਆਨ ਕੀਤਾ ਹੋਵੇ।

ਸਾਂਝਾ ਸਭਿਆਚਾਰ ਵੀ ਕੌਮੀ ਹੋਂਦ ਦਾ ਅਨਿੱਖੜਵਾਂ ਅੰਗ ਹੈ। ਸਮਿੱਥ ਆਖਦਾ ਹੈ ਕਿ ਸਾਂਝੇ ਸਭਿਆਚਾਰ ਦਾ ਤੰਤ ਕੌਮ ਨੂੰ ਆਪਸ ਵਿਚ ਜੋੜਦਾ ਹੈ ਅਤੇ ਬਾਹਰਲਿਆਂ ਤੋਂ ਵਖਰਿਆਉਂਦਾ ਹੈ। ਜਿਹੜੀ ਚੀਜ ਕੌਮ ਦੇ ਮੈਂਬਰਾਂ ਨੂੰ ਬਾਹਰਲਿਆਂ ਤੋਂ ਵਖਰਿਆਉਂਦੀ ਹੈ ਉਹ ਕੌਮੀ ਉਸਾਰੀ ਦਾ ਵੱਡਾ ਗੁਣ ਹੈ। ਇਸ ਵਿਚ ਭਾਸ਼ਾ ਅਤੇ ਧਰਮ ਸਭ ਤੋਂ ਮਹੱਤਵਪੂਰਨ ਤੱਤ ਹਨ।

ਧਰਤੀ ਦੇ ਕਿਸੇ ਖਾਸ ਟੁਕੜੇ ਨਾਲ ਲਗਾਅ ਵੀ ਘੱਟ ਗਿਣਤੀ ਕੌਮਾਂ ਦੀ ਹੋਂਦ ਦਾ ਇਕ ਹੋਰ ਤੱਤ ਹੈ। ਹਰ ਘੱਟ ਗਿਣਤੀ ਧਰਤੀ ਦੇ ਕਿਸੇ ਟੁਕੜੇ ਨਾਲ ਲਗਾਅ ਰੱਖਦੀ ਹੈ। ਹੋ ਸਕਦਾ ਹੈ ਕਿ ਉਹ ਉਸ ਖਿੱਤੇ ਵਿਚ ਰਹਿ ਰਹੀ ਹੋਵੇ ਜਾਂ ਉਹ ਖਿੱਤਾ ਉਸਦੀਆਂ ਪਵਿਰਤ ਯਾਦਾਂ ਦਾ ਸੋਮਾ ਹੋਵੇ। ਇਹ ਜ਼ਰੂਰੀ ਨਹੀਂ ਹੈ ਕਿ ਘੱਟ ਗਿਣਤੀ ਆਪਣੇ ਪਵਿੱਤਰ ਖਿੱਤੇ ਦੀ ਆਪ ਮਾਲਕ ਹੋਵੇ, ਬਲਕਿ ਉਸ ਖਿੱਤੇ ਦੀ ਆਪਣੇ ਪਵਿੱਤਰ ਹੋਮਲੈਂਡ ਦੇ ਤੌਰ ਤੇ ਖਿੱਚ ਅਤੇ ਇਤਿਹਾਸ ਦੇ ਕਿਸੇ ਮੋੜ ਤੇ ਉਸ ਹੋਮਲੈਂਡ ਨੂੰ ਹਾਸਲ ਕਰ ਲੈਣ ਦੀ ਰੀਝ ਵੱਧ ਮਹੱਤਰਪੂਰਨ ਹੈ। ਇਤਿਹਾਸ ਵਿਚ ਬਹੁਤ ਵਾਰ ਹੋਇਆ ਹੈ ਕਿ ਘੱਟ ਗਿਣਤੀਆਂ ਨੂੰ ਆਪਣੇ ਹੋਮਲੈਂਡ ਤੋਂ ਦੂਰ ਜਾਣਾ ਪਿਆ ਪਰ ਇਸ ਨਾਲ ਕੋਈ ਘੱਟ ਗਿਣਤੀ ਕੌਮ ਆਪਣਾ ਕੌਮ ਹੋਣ ਦਾ ਮਾਣ ਗਵਾ ਨਹੀਂ ਲੈਂਦੀ। ਘੱਟ ਗਿਣਤੀ ਲਈ ਉਸਦੀਆਂ ਇਤਿਹਾਸਕ ਯਾਦਾਂ, ਸਾਂਝੇ ਨਾਇਕ, ਸਾਂਝਾ ਧਰਮ ਅਤੇ ਸਾਂਝਾ ਸਭਿਆਚਾਰ ਵੱਧ ਮਹੱਤਵਪੂਰਨ ਹੁੰਦਾ ਹੈ ਨਾ ਕਿ ਧਰਤੀ ਦੇ ਟੁਕੜੇ ਦੀ ਮਲਕੀਅਤ।

ਸਮਿੱਥ ਆਖਦਾ ਹੈ ਕਿ ਉਪਰ ਵਰਨਣ ਕੀਤੇ ਤੱਤਾਂ ਦੇ ਅਧਾਰ ਤੇ ਹੀ ਕੋਈ ਘੱਟ ਗਿਣਤੀ ਆਪਣੀ ਹੋਂਦ ਬਰਕਰਾਰ ਨਹੀਂ ਰੱਖ ਸਕਦੀ ਹੇ ਉਸ ਵਿਚ ਇਕਮੁੱਠਤਾ ਅਤੇ ਭਾਈਚਾਰੇ ਦੀ ਭਾਵਨਾ ਨਹੀਂ ਹੈ। ਇਕਮੁੱਠਤਾ ਦੀ ਭਾਵਨਾ ਹੀ ਵੱਡੇ ਸੰਕਟ ਵੇਲੇ ਉਸ ਘੱਟ ਗਿਣਤੀ ਨੂੰ ਆਪਣੇ ਅੰਦਰੂਨੀ ਵਿਰੋਧ ਭੁਲਾਕੇ ਸਾਂਝੇ ਦੁਸ਼ਮਣ ਖਿਲਾਫ਼ ਡਟ ਜਾਣ ਦੀ ਭਾਵਨਾ ਪੈਦਾ ਕਰਦੀ ਹੈ।

ਘੱਟ ਗਣਿਤੀਆਂ ਦੀ ਆਪਣੇ ਆਪੇ ਨੂੰ ਬਚਾਉਣ ਦੀ ਸਿਆਸੀ ਸਰਗਰਮੀ (Ethnisicism) ਇਕ ਸਾਂਝੀ ਮੁਹਿੰਮ ਹੁੰਦੀ ਹੈ, ਜਿਸਦੀ ਸਰਗਰਮੀ ਦਾ ਕੇਂਦਰ ਸਮੂਹ ਨੂੰ ਬਾਹਰਲੇ ਹਮਲਿਆਂ ਅਤੇ ਅੰਦਰੂਨੀ ਖੋਰੇ ਤੋਂ ਬਚਾਉਣ ਦਾ ਹੁੰਦਾ ਹੈ, ਤਾਂ ਕਿ ਕੌਮ ਦੀਆਂ ਰਵਾਇਤਾਂ ਅਤੇ ਸਵੈ ਵਿਸ਼ਵਾਸ਼ ਨੂੰ ਮਜਬੂਤ ਕੀਤਾ ਜਾ ਸਕੇ ਜੋ ਕਿ ਬਾਹਰੀ ਅਤੇ ਅੰਦਰੂਨੀ ਹਮਲਿਆਂ ਕਾਰਨ ਕਮਜ਼ੋਰ ਹੋ ਚੁੱਕਾ ਹੁੰਦਾ ਹੈ।

ਇਸ ਅੰਦਰੂਨੀ ਅਤੇ ਬਹਿਰੂਨੀ ਸੰਘਰਸ਼ ਵਿਚ ਦੁਸਮਣ ਖਿਲਾਫ਼ ਲੜੀਆਂ ਜਾਣ ਵਾਲੀਆਂ ਜੰਗਾਂ ਵੀ ਭਾਈਚਾਰੇ ਦੀ ਭਾਵਨਾ ਮਜਬੂਤ ਕਰਦੀਆਂ ਹਨ ਅਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਆਪਣੇ ਵਿਰਸੇ ਪ੍ਰਤੀ ਸੁਚੇਤ ਕਰਦੀਆਂ ਹਨ। ਦੁਸ਼ਮਣਾਂ ਨਾਲ ਲੜੀਆਂ ਜੰਗਾਂ ਮਹਿਜ਼ ਉਸ ਖਾਸ ਵੇਲੇ ਲਈ ਹੀ ਮਹੱਤਵਪੂਰਨ ਨਹੀਂ ਹੁੰਦੀਆਂ ਬਲਕਿ ਉਨ੍ਹਾਂ ਜੰਗਾਂ ਦਾ ਜੋ ਬੀਰਰਸੀ ਵਰਨਣ ਕੌਮ ਦੇ ਸਾਹਿਤ ਵਿਚ ਮਿਲਦਾ ਹੈ ਉਹ ਜੰਗ ਦੇ ਮਹੱਤਵ ਨੂੰ ਅਸਲ ਜੰਗ ਨਾਲੋਂ ਵੀ ਵੱਧ ਮਹੱਤਵਪੂਰਨ ਕਰ ਦੇਂਦਾ ਹੈ। ਇਸ ਸੰਦਰਭ ਵਿਚ ਢਾਡੀ ਵਾਰਾ ਦੀ ਪ੍ਰਸੰਗਿਕਤਾ ਨੂੰ ਦੇਖਿਆ ਜਾ ਸਕਦਾ ਹੈ। ਸਮਿੱਥ ਆਖਦਾ ਹੈ ਕਿ ਦੁਸ਼ਮਣ ਦੇ ਬਾਹਰੀ ਹਮਲੇ ਤੋਂ ਤਾਂ ਕੌਮਾਂ ਦੇ ਬੀਰ ਜਵਾਨ ਆਪਣੀਆਂ ਸ਼ਹਾਦਤਾਂ ਦੇ ਕੇ ਕੌਮ ਨੂੰ ਬਚਾ ਲੈਂਦੇ ਹਨ ਪਰ ਜਦੋਂ ਕੌਮ ਬਹੁਤ ਲੰਬੇ ਸਮੇਂ ਤੱਕ ਕਿਸੇ ਅਜਿਹੇ ਅੰਦਰੂਨੀ ਦੁਸ਼ਮਣ ਦੇ ਨਾਲ ਰਹਿਣ ਲਈ ਮਜਬੂਰ ਹੁੰਦੀ ਹੈ ਜਿਸਦਾ ਖਾਸਾ ਅਤੇ ਤਰਬੀਅਤ ਕੌਮ ਨਾਲੋਂ ਵੱਖਰੀ ਹੈ ਤਾਂ ਉਸ ਵੇਲੇ ਵਿਸ਼ਵਾਸ਼ ਦਾ ਸੰਕਟ ਖੜ੍ਹਾ ਹੋ ਜਾਂਦਾ ਹੈ। ਆਮ ਤੌਰ ਤੇ ਹੁੰਦਾ ਇਹ ਹੈ ਕਿ ਘੱਟ ਗਿਣਤੀ ਕੌਮਾਂ ਦੇ ਕੁਝ ਲੋਕ ਆਪਣੇ ਜੇਤੂ ਹਾਕਮਾਂ ਦੀ ਤਰਜ਼ੇ ਜਿੰਦਗੀ ਨੂੰ ਅਪਨਾਉਣ ਵੱਲ ਰੁਚਤ ਹੋ ਜਾਂਦੇ ਹਨ ਜੋ ਕਿ ਇਕ ਵੱਡੇ ਸੰਕਟ ਦੇ ਤੌਰ ਤੇ ਪੇਸ਼ ਆਉਂਦਾ ਹੈ।

ਅਜਿਹੇ ਮੌਕੇ ਤੇ ਫਿਰ ਕੌਮ ਦਾ ਆਪਣਾ ਇਤਿਹਾਸ, ਆਪਣੀਆਂ ਰਵਾਇਤਾਂ ਅਤੇ ਖਾਸ ਕਰਕੇ ਧਰਮੀ ਪੁਰਸ਼ ਸਭ ਤੋਂ ਵੱਧ ਕੰਮ ਆਉਂਦੇ ਹਨ। ਧਰਮ ਦੀ ਸਿੱਖਿਆ ਦੇਣ ਵਾਲੇ ਲੋਕ ਸਿਰਫ ਕੌਮ ਦੀਆਂ ਧਾਰਮਿਕ ਅਤੇ ਇਤਿਹਾਸਕ ਰਵਾਇਤਾਂ ਦੇ ਕਸਟੋਡੀਅਨ ਹੀ ਨਹੀਂ ਹੁੰਦੇ ਬਲਕਿ ਉਹ ਧਰਮ ਦੀ ਅਸਲ ਭਾਵਨਾ ਨੂੰ ਲੋਕਾਂ ਵਿਚ ਹਸਤਾਂਤਰਿਤ ਕਰਕੇ ਕੌਮ ਦੇ ਪਵਿੱਤਰ ਵਿਰਸੇ ਅਤੇ ਅਬਾਦੀ ਨੂੰ ਬਚਾਈ ਰੱਖਦੇ ਹਨ।

ਕੌਮਾਂ ਨੂੰ ਬਚਾਉਣ ਲਈ ਉਸਦੇ ਧਾਰਮਿਕ ਗਰੰਥ ਅਤੇ ਧਾਰਮਿਕ ਪੁਰਸ਼ ਕਿੰਨੇ ਮਹੱਤਵਪੂਰਨ ਹੁੰਦੇ ਹਨ ਇਸਦੀ ਇਕ ਮਿਸਾਲ ਡਰੂਜ਼ ਕੌਮ ਤੋਂ ਲਈ ਜਾ ਸਕਦੀ ਹੈ। ਲੈਬਨਾਨ ਦੇ ਲਾਗੇ ਪੂਰਬ ਦੇ ਪਹਾੜਾਂ ਵਿਚ ਰਹਿਣ ਵਾਲੀ ਇਸ ਕੌਮ ਦੀ ਹੋਂਦ 1016 ਈਸਵੀਂ ਦੀ ਮੰਨੀ ਜਾਂਦੀ ਹੈ। ਆਪਣੀਆਂ ਵਿੱਲਖਣ ਰਵਾਇਤਾਂ ਕਾਰਨ ਇਹ ਵੱਡੇ ਸੰਕਟਾਂ ਨਾਲ ਜੂਝਦੀ ਆਈ। ਵਿਰੋਧੀਆਂ ਦੇ ਲਗਾਤਾਰ ਹਮਲੇ ਵੀ ਕੌਮ ਦੀ ਅਜ਼ਾਦਾਨਾ ਸਪਿਰਟ ਨੂੰ ਖ਼ਤਮ ਨਾ ਕਰ ਸਕੇ। ਉਸ ਖਿੱਤੇ ਵਿਚ ਵਿਦੇਸ਼ੀ ਹਾਕਮਾਂ ਦੇ ਪਾਸਾਰ ਨੇ ਕੌਮ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਪਰ ਕੌਮ ਦੇ ਧਾਰਮਿਕ ਪੁਰਸ਼ਾਂ ਨੇ ਆਪਣੀਆਂ ਰਵਾਇਤਾਂ ਦੇ ਬਲਬੂਤੇ ਤੇ ਕੌਮ ਨੂੰ ਬਚਾਈ ਰੱਖਿਆ। ਉਨ੍ਹਾਂ ਦਾ ਧਰਮ ਅਤੇ ਰਵਾਇਤਾਂ ਹੀ ਡਰੂਜ਼ ਕੌਮ ਦੀ ਤਾਕਤ ਬਣਕੇ ਉਭਰੀਆਂ।

ਇਸ ਤਰ੍ਹਾਂ ਆਪਣੇ ਸਭਿਆਚਾਰਕ ਅਤੇ ਇਤਿਹਾਸਕ ਵਿਰਸੇ ਦੀ ਸੰਭਾਲ ਲਈ ਚੇਤੰਨ ਅਤੇ ਸੰਘਰਸ਼ਸ਼ੀਲ ਘੱਟ ਗਿਣਤੀ ਜਦੋਂ ਆਪਣੀਆਂ ਰਾਜਸੀ ਰੀਝਾਂ ਦੀ ਪ੍ਰਾਪਤੀ ਲਈ ਸਿਆਸਤ ਦੇ ਪਿੜ ਵਿਚ ਦਾਖਲ ਹੁੰਦੀ ਹੈ ਤਾਂ ਉਹ ਕੌਮ ਦਾ ਰੂਪ ਧਾਰ ਜਾਂਦੀ ਹੈ। ਫਿਰ ਉਸਦੀ ਸਮੁੱਚੀ ਸਰਗਰਮੀ ਨੈਸ਼ਨਲਇਜ਼ਮ ਦੇ ਘੇਰੇ ਵਿਚ ਆ ਜਾਂਦੀ ਹੈ। ਐਕਜ਼ਿਨ ਦੇ ਕਹਿਣ ਅਨੁਸਾਰ ਫਿਰ ਜਾਂ ਤਾਂ ਉਹ ਪ੍ਰਚੱਲਿਤ ਸਟੇਟ ਸਿਸਟਮ ਵਿਚ ਆਪਣੀ ਸਰਗਰਮੀ ਵਧਾ ਦੇਂਦੀ ਹੈ ਜਾਂ ਫਿਰ ਸਟੇਟਸ ਕੋ ਨੂੰ ਤੋੜਕੇ ਆਪਣੀ ਹੋਂਦ ਦੀ ਆਪ ਮਾਲਕ ਬਣਨ ਲਈ ਸੰਘਰਸ਼ਸ਼ੀਲ ਹੋ ਜਾਂਦੀ ਹੈ। ਸਮਿੱਥ ਦਾ ਕਹਿਣਾ ਹੈ ਕਿ ਸਿਆਸੀ ਤੌਰ ਤੇ ਚੇਤੰਨ ਹੋਈ ਕੌਮ ਜੋ ਨੇਸ਼ਨ ਦਾ ਦਰਜਾ ਹਾਸਲ ਕਰ ਚੁੱਕੀ ਹੈ ਅਤੇ ਜਿਸਦੀ ਸਰਗਰਮੀ ਨੂੰ ਨੈਸ਼ਨਲਇਜ਼ਮ ਦੇ ਤੌਰ ਤੇ ਪਰਿਭਾਸ਼ਤ ਕੀਤਾ ਜਾਂਦਾ ਹੈ ਦਾ ਦੁੱਖ ਨਿਸ਼ਾਨਾ ਹੀ ਆਪਣਾ ਹੋਮਲੈਂਡ ਪ੍ਰਾਪਤ ਕਰਨ ਦਾ ਹੁੰਦਾ ਹੈ। ਬੇਸ਼ੱਕ ਨੈਸ਼ਨਲਇਜ਼ਮ ਦੇ ਹੋਰ ਵੀ ਬਹੁਤ ਸਾਰੇ ਨਿਸ਼ਾਨੇ ਹੁੰਦੇ ਹਨ ਪਰ ਉਸਦਾ ਕੇਂਦਰੀ ਨਿਸ਼ਾਨਾ ਆਪਣਾ ਹੋਮਲੈਂਡ ਪ੍ਰਾਪਤ ਕਰਨ ਦਾ ਹੁੰਦਾ ਹੈ। ਸਮਿੱਥ ਆਖਦਾ ਹੈ ਕਿ ਸਭਿਆਚਾਰਕ ਅਤੇ ਇਤਿਹਾਸਕ ਤੌਰ ਤੇ ਚੇਤੰਨ ਹੋਈ ਕੌਮ ਨੂੰ ਫਿਰ ਸੱਤਾ ਅਤੇ ਸ਼ਕਤੀ ਦੇ ਰਾਹ ਪਾਉਣ ਲਈ ਇਤਿਹਾਸਕ ਲਾਂਘੇ ਭੰਨਣੇ ਪੈਂਦੇ ਹਨ। ਬਹੁਤ ਵਾਰ ਕੌਮਾਂ ਆਪਣੀ ਵਿਲੱਖਣਤਾ ਪ੍ਰਤੀ ਚੇਤੰਨ ਹੁੰਦੀਆਂ ਹਨ ਪਰ ਬੇਗਾਨੀ ਅਤੇ ਮਜਬੂਤ ਸਟੇਟ ਸ਼ਕਤੀ ਅਧੀਨ ਰਹਿ ਰਹਿ ਕੇ ਅੁਸ ਵਿਚੋਂ ਆਪਣਾ ਹੋਮਲੈਂਡ ਪ੍ਰਾਪਤ ਕਰਨ ਦੀ ਇੱਛਾ ਮਰ ਜਾਂਦੀ ਹੈ ਪਰ ਕੌਮ ਦੇ ਚੇਤੰਨ ਵਰਗਾਂ ਵੱਲੋਂ ਇਹ ਸਿੱਧ ਕਰਨਾ ਹੁੰਦਾ ਹੈ ਕਿ ਉਹ ਲੰਬੇ ਸਮੇਂ ਤੱਕ ਆਪਣੇ ਸਭਿਆਚਾਰ ਅਤੇ ਇਤਿਹਾਸਕ ਵਿਰਸੇ ਨੂੰ ਕਿਸੇ ਬੇਗਾਨੇ ਦੀ ਛਾਂ ਹੇਠ ਬਚਾ ਕੇ ਨਹੀਂ ਰੱਖ ਸਕਦੇ। ਇਹ ਦੱਸਣਾ ਹੁੰਦਾ ਹੈ ਕਿ ਨੈਸ਼ਨਲਇਜ਼ਮ ਮਹਿਜ਼ ਇਕ ਸਭਿਆਚਾਰਕ ਸਰਗਰਮੀ ਨਹੀਂ ਹੈ ਬਲਕਿ ਇਸਦੇ ਰਾਜਸੀ ਅਰਥ ਵੀ ਹਨ। ਉਹ ਆਖਦਾ ਹੈ ਕਿ ਜਿਹੜੀ ਘੱਟ ਗਿਣਤੀ ਨੈਸ਼ਨਲ ਤੌਰ ਤੇ ਚੇਤੰਨ ਹੋ ਗਈ ਹੈ ਉਸਦਾ ਰਾਜਸੀਕਰਨ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਸਟੇਟ ਦੀ ਸੱਤਾ ਅਤੇ ਸ਼ਕਤੀ ਦੇ ਸਮੀਕਰਨਾ ਨੂੰ ਆਪਣੇ ਹਿੱਤਾਂ ਲਈ ਪ੍ਰਭਾਵਿਤ ਕਰੇ। ਸਿਆਸੀ ਤੌਰ ਤੇ ਨੀਂਦ ਦੀ ਅਵਸਥਾ ਵਿਚ ਰਹਿ ਰਹੀ ਘੱਟ ਗਿਣਤੀ ਨੂੰ ਆਪਣੀ ਕੌਮੀਅਤ ਦੀ ਮਹੱਤਤਾ ਬਾਰੇ ਚੇਤੰਨ ਕਰਨ ਲਈ ਇਤਿਹਾਸ ਦੀਆਂ ਮਿੱਥਾਂ ਬਹੁਤ ਕੰਮ ਆਉਂਦੀਆਂ ਹਨ। ਕੌਮ ਦਾ ਇਤਿਹਾਸ ਹੀ ਉਸਦੀਆਂ ਸੁਸਤ ਕਲਾਵਾਂ ਨੂੰ ਚੜ੍ਹਦੀਆਂ ਕਲਾਵਾਂ ਵਿਚ ਬਦਲ ਸਕਦਾ ਹੈ।

(ਬਾਕੀ ਅਗਲੇ ਅੰਕ ਵਿਚ)

## ‘ਝਾੜੂ’ ਦਾ ਹੂੰਝਾ ਤੇ ‘ਹੱਥ’ ਦਾ ਹੱਲਾ ਹਿਲਾ ਦੇਵੇਗਾ ‘ਤਕੜੀ’ ਦਾ ਤਵਾਜ਼ਨ

*ਸਫ਼ਾ ਇਕ ਦਾ ਬਾਕੀ*

ਦੁਆਬੀਏ ਸਦਾ ਵਾਂਗ ਇਸ ਵਾਰ ਵੀ ਚੋਣਾਂ ਵਿੱਚ ਲੋੜੋਂ ਵੱਧ ਭੱਜੇ ਨਹੀਂ ਫਿਰ ਰਹੇ। ਦੁਆਬੇ ਦਾ ਵੋਟਰ ਸਹਿਜ ਵਿੱਚ ਰਹਿੰਦਿਆਂ ਅਕਸਰ ਸਮਝ ਨਾਲ ਵੋਟ ਪਾਉਂਦਾ ਹੈ। ਇਸ ਵਾਰ ਦੁਆਬੀਆਂ ਦੀ ਸਮਝ ਬਾਦਲਾਂ ਦੇ ਖਿਲਾਫ਼ ਸਾਹਮਣੇ ਆਉਂਦੀ ਲਗਦੀ ਹੈ। ਇਸ ਵਾਰ ਦਲਿਤ ਭਾਈਚਾਰਾ, ਜਿਸ ਦਾ ਦੁਆਬੇ ਵਿੱਚ ਵੱਡਾ ਆਧਾਰ ਅਤੇ ਵੋਟ ਬੈਂਕ ਹੈ, ਕਾਂਗਰਸ ਵਲ ਹੋਇਆ ਲਗਦਾ ਹੈ।

### ਲੋਕ ਕਚਹਿਰੀ ’ਚ ਬਾਦਲਾਂ ਦੀ ਪੇਸ਼ੀ

ਜਿੱਥੇ ਜਾਓ ਦੋ ਤਿੰਨ ਹੀ ਗੱਲਾਂ– ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਅਕਾਲੀ–ਭਾਜਪਾ ਆਗੂਆਂ ਦੀਆਂ ਵਧੀਕੀਆਂ, ਬਾਦਲਾਂ ਖ਼ਾਸ ਕਰ ਸੁਖਬੀਰ ਵਲੋਂ ਲਾਏ ਹਲਕਾ ਇੰਚਾਰਜਾਂ ਦੀ ਬਦਮਾਸ਼ੀ ਵਿਰੁਧ ਲੋਕ ਖੁਲ੍ਹ ਕੇ ਆਪਣੀ ਆਵਾਜ਼ ਉਠਾ ਰਹੇ। ਆਮ ਅਕਾਲੀ ਵਰਕਰ ਵੀ ਬਾਦਲਾਂ ਦੇ ਮੂੰਹ ਉੱਤੇ ਇਹ ਗੱਲਾਂ ਕਹਿੰਦੇ ਹਨ। ਇਸ ਤੋਂ ਇਲਾਵਾ ਵਿਕਾਸ ਕਾਰਜ, ਹੋਣ ਦੇ ਬਾਵਜੂਦ ਇਸ ਮੰਤਵ ਲਈ ਆਏ ਪੈਸੇ ਵਿਚੋਂ ਵੱਡਾ ਹਿੱਸਾ ਖਾ ਜਾਣਾ, ਬੁਢਾਪਾ ਪੈਨਸ਼ਨਾਂ, ਮਕਾਨਾਂ ਲਈ ਗ੍ਰਾਂਟਾਂ ਵਿੱਚ ਹੇਰਾਫੇਰੀ ਅਤੇ ਪੱਖਪਾਤ, ਸਭ ਕੁਝ ਵਿਰੋਧੀ ਆਵਾਜ਼ ਉਠਾਉਣ ਵਾਲਿਆਂ ਵਿਰੁਧ ਪੁਲੀਸ ਕੇਸਾਂ ਦਾ ਸ਼ਿਕੰਜਾ ਅਜਿਹੇ ਮਾਮਲੇ ਹਨ, ਜਿਨ੍ਹਾਂ ਦਾ ਅਕਾਲੀਆਂ ਕੋਲ ਕੋਈ ਜਵਾਬ ਨਹੀਂ। ਹਾਲਤ ਇਹ ਹੈ ਕਿ ਪ੍ਰਕਾਸ਼ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਰੁੱਸਿਆਂ ਨੂੰ ਮਨਾਉਣ ਖ਼ਾਤਰ ਵਰਕਰਾਂ, ਵੋਟਰਾਂ ਅਤੇ ਆਮ ਲੋਕਾਂ ਦੇ ਹਾੜੇ ਕੱਢਣ ਉੱਤੇ ਉਤਰ ਆਏ ਹਨ। ਹਰਸਿਮਰਤ ਦਾ ਹੱਥ ਜੋੜ ਕੇ ਇਹ ਕਹਿਣਾ, “ਪਿਛਲੀਆਂ ਗੱਲਾਂ/ਗਲਤੀਆਂ ਮਾਫ਼ ਕਰੋ, ਸਾਰੇ ਕੇਸ (ਜੋ ਗਲਤ ਪਾਏ ਗਏ ਸਨ) ਵਾਪਸ ਕਰ ਦਿਆਂਗੇ” । ਮਾਝੇ ਦਾ ਨੌਜਵਾਨ ਜਰਨੈਲ ਕਹਾਉਣ ਵਾਲੇ ਬਿਕਰਮ ਮਜੀਠੀਏ ਨੂੰ ਆਪਣੀ ਹੈਂਕੜ ਆਪਣੇ ਘਰ ਛੱਡ ਕੇ ਰੁੱਸੇ ਵੋਟਰਾਂ ਨੂੰ ਮਨਾਉਣ ਲਈ ਨੁੱਕੜ ਮੀਟਿੰਗਾਂ ਵੇਲੇ ‘ਮਿੱਠ–ਬੋਲੜਾ’ ਹੋਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਅਕਾਲੀ–ਭਾਜਪਾ ਸਰਕਾਰ ਦੇ ਅਸਲ ਮੋਹਰੀ ਸੁਖਬੀਰ ਸਿੰਘ ਬਾਦਲ ਦੀ ਹਾਲਤ ਇਨ੍ਹਾਂ ਚੋਣਾਂ ਨੇ ਇੰਨੀ ਹਾਸੋਹੀਣੀ ਤੇ ਹੌਲੀ ਕਰਕੇ ਰੱਖ ਦਿੱਤੀ ਹੈ ਕਿ ਉਹ ਚੋਣ ਰੈਲੀਆਂ ਦੌਰਾਨ ਉਘ ਦੀਆਂ ਪਤਾਲ ਮਾਰ ਜਾਂਦਾ ਹੈ। ਹਫਲੇ ਅਤੇ ਲੜਾਈ ਹਾਰੇ ਹੋਏ ਜਰਨੈਲ ਵਰਗੇ ਉਸ ਦੇ ਵਿਹਾਰ ਦੀਆਂ ਸੋਸ਼ਲ ਮੀਡੀਏ ਵਿੱਚ ਦਿਨ–ਰਾਤ ਹੁੰਦੀਆਂ ਗੱਲਾਂ ਨੇ ਆਮ ਅਕਾਲੀ ਵਰਕਰ ਦੇ ਹੌਸਲੇ ਹੋਰ ਢਾਹ ਦਿੱਤੇ ਨੇ।

**ਵੱਡੇ ਆਗੂ, ਵੱਡੀਆਂ ਮੁਹਿੰਮਾਂ :** ਜਿੱਥੋਂ ਤੱਕ ਰਾਜਸੀ ਸਖ਼ਸ਼ੀਅਤਾਂ ਦੀ ਇਨ੍ਹਾਂ ਚੋਣਾਂ ਵਿੱਚ ਸਭ ਤੋਂ ਅਹਿਮੀਅਤ ਹੈ, ਉਨ੍ਹਾਂ ਵਿਚੋਂ ਤਿੰਨ ਸਖ਼ਸਾਂ ਕੈਪਟਨ ਅਮਰਿੰਦਰ ਸਿੰਘ , ਅਰਵਿੰਦ ਕੇਜਰੀਵਾਲ ਤੇ ਸੁਖਬੀਰ ਸਿੰਘ ਦੇ ਮੋਢਿਆਂ ਉੱਤੇ ਆਪੋ ਅਪਣੀਆਂ ਪਾਰਟੀਆਂ ਦੀ ਸਿਆਸੀ ਲੜਾਈ ਦਾ ਭਾਰ ਹੈ। ਉਂਜ ਭਾਜਪਾ, ਬਸਪਾ, ਅਕਾਲੀ ਦਲ (ਮਾਨ) ਅਤੇ ਖੱਬੇ–ਪੱਖੀ ਪਾਰਟੀਆਂ ਦੇ ਆਗੂ ਆਪਣੇ ਉਮੀਦਵਾਰਾਂ ਲਈ ਸਰਗਰਮ ਹਨ। ਪਰ ਭਾਜਪਾ, ਜੋ ਅਕਾਲੀ ਦਲ ਬਾਦਲ ਦੀ ਭਾਈਵਾਲ ਅਤੇ ਸ਼ਹਿਰੀ ਹਿੰਦੂ ਵੋਟ ਉੱਤੇ ਟੇਕ ਰੱਖ ਰਹੀ ਹੈ, ਵਲੋਂ ਦੋ–ਚਾਰ ਸੀਟਾਂ ’ਤੇ ਜਿੱਤ ਹਾਸਲ ਕਰਨੀ ਯਕੀਨੀ ਕਹੀ ਜਾ ਸਕਦੀ ਹੈ। ਬਾਕੀ ਪਾਰਟੀਆਂ, ਆਜ਼ਾਦ ਅਤੇ ਬਾਗੀ ਉਮੀਦਵਾਰਾਂ ਵਿਚੋਂ ਬਹੁਤਿਆਂ ਲਈ ਜ਼ਮਾਨਤਾਂ ਬਚਾਉਣੀਆਂ ਮੁਸ਼ਕਲ ਹੀ ਹੋਵੇਗਾ।

**ਮਸਲੇ ਤੇ ਮਜਮੇ :** ਚੋਣਾਂ ਵਿੱਚ ਪ੍ਰਚਾਰ, ਆਮ ਵੋਟਰਾਂ ਖ਼ਾਸ ਕਰ ਪਿੰਡਾਂ ਦੇ ਲੋਕਾਂ ਨੂੰ ਭਰਮਾਉਣ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਆਮ ਆਦਮੀ ਪਾਰਟੀ ਵਾਲੇ ਸਭ ਤੋਂ ਅੱਗੇ ਹਨ। ਲੋਕਾਂ ਵਿੱਚ ਹਰਮਨ–ਪਿਆਰਤਾ ਅਤੇ ਧੂੰਆਂ–ਧਾਰ ਪ੍ਰਚਾਰ ਦੇ ਮਾਮਲੇ ਵਿੱਚ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਭਗਵੰਤ ਮਾਨ ਦੀ ਝੰਡੀ ਹੈ। ਉਸ ਨੂੰ ਮਹਿਜ਼ ਕਾਮੇਡੀ ਨਹੀਂ ਆਉਂਦੀ ਬਲਕਿ ਲੋਕ ਮਸਲਿਆਂ ਅਤੇ ਲੋਕ ਭਾਵਨਾਵਾਂ ਦੀ ਜਿੰਨੀ ਸਮਝ ਹੈ, ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਇਸ ਤੋਂ ਇਲਾਵਾ ਭਗਵੰਤ ਮਾਨ ਨੂੰ ਲੋਕ ਮੁਹਾਵਰੇ ਵਿੱਚ ਗੱਲ ਕਰਨੀ ਅਤੇ ਸਮਝਾਉਣੀ ਆਉਣ ਕਾਰਨ ਉਸ ਦੀਆਂ ਰੈਲੀਆਂ ਵਿੱਚ ਜਿੰਨੀ ਭੀੜ, ਸਰਗਰਮੀ ਅਤੇ ਰੌਚਿਕਤਾ ਹੁੰਦੀ ਹੈ ਕੈਪਟਨ, ਸੁਖਬੀਰ ਤਾਂ ਦੂਰ ਦੀ ਗੱਲ ਖੁਦ ਉਸ ਦਾ ਪਾਰਟੀ ਮੋਹਰੀ ਅਰਵਿੰਦ ਕੇਜਰੀਵਾਲ ਵੀ ਪਿਛੇ ਰਹਿ ਜਾਂਦਾ ਹੈ। ਬੜੀ ਚਰਚਾ ਅਤੇ ਵਾਦ–ਵਿਵਾਦ ਵਿੱਚ ਆਖ਼ਰ ਕਾਂਗਰਸ ਪਾਰਟੀ ਦਾ ਹੱਥ ਫੜਣ ਵਾਲਾ ਨਵਜੋਤ ਸਿੱਧੂ ਭਾਵੇਂ ਕਾਂਗਰਸ ਦੇ ਸਟਾਰ ਪ੍ਰਚਾਰਕ ਵਜੋਂ ਵੱਖ ਵੱਖ ਹਲਕਿਆਂ ਵਿੱਚ ਆਪਣੀ ਕਲਾ ਦੀ ਧਾਕ ਜਮਾਉਣ ਦੇ ਯਤਨ ਕਰਦਾ ਹੈ ਪਰ ਪੰਜਾਬ ਦੇ ਪਿੰਡਾਂ ਅਤੇ ਲੋਕਾਂ ਤੋਂ ਦੂਰ ਫਿਲਮ ਨਗਰੀ ਮੁੰਬਈ ਵਿੱਚ ਹਾਸੇ ਠੱਠੇ ਦੇ ਪ੍ਰੋਗਰਾਮਾਂ ਰਾਹੀਂ ਮਸ਼ਹੂਰੀ ਪ੍ਰਾਪਤ ਕਰਨ ਵਾਲੇ ਭਾਰਤੀ ਜਨਤਾ ਪਾਰਟੀ ਦੇ ਐਮ ਪੀ ਰਹੇ ਸਿੱਧੂ ਦੇ ਵਿਅੰਗ ਅਤੇ ਫੋਕੇ ਲਲਕਾਰੇ ਆਮ ਆਦਮੀ ਪਾਰਟੀ ਦੇ ਐਮ ਪੀ ਭਗਵੰਤ ਮਾਨ ਦੇ ਮੁਕਾਬਲੇ ਬੇਹੱਦ ਫਿਕੇ ਪੈ ਜਾਂਦੇ ਹਨ।

**ਬਾਹਰੀ ਟੀਮਾਂ ਤੇ ਸਥਾਨਕ ਵਰਕਰ :** ਬੇਸ਼ੱਕ ਸਾਰੀਆਂ ਰਾਜਸੀ ਪਾਰਟੀਆਂ ਨੇ ਚੋਣ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਬਾਹਰੋਂ ਖ਼ਾਸ ਕਰ ਕੌਮੀ ਰਾਜਧਾਨੀ ਦਿੱਲੀ ਤੋਂ ਟੀਮਾਂ ਅਤੇ ਵਰਕਰ ਮੰਗਵਾਏ ਤੇ ਵੱਖ ਵੱਖ ਦਫ਼ਤਰਾਂ/ਹਲਕਿਆਂ ਵਿੱਚ ਤਾਇਨਾਤ ਕੀਤੇ ਹੋਏ ਹਨ ਪਰ ‘ਆਪ’ ਦਾ ਸਾਰਾ ਕੰਮ ਦਿਲੀ ਵਾਲੇ ਸਾਂਭੀ ਬੈਠੇ ਹਨ। ਇਸ ਦੇ ਫਾਇਦੇ ਨਾਲੋਂ ਨੁਕਸਾਨ ਵੱਧ ਹੋ ਸਕਦੇ ਹਨ।

‘ਆਪ’ ਦੇ ਸਾਰੇ ਉਮੀਦਵਾਰਾਂ ਦੀ ਚੋਣ ਦੀ ਡੋਰ ਦਿੱਲੀ ਤੋਂ ਆਏ ਨੀਤੀ ਘਾੜਿਆਂ, ਆਗੂਆਂ ਤੇ ਵਰਕਰਾਂ ਦੇ ਹੱਥ ਹੋਣ ਕਾਰਨ ਜਿੱਥੇ ਕਈ ਹਾਂ ਪੱਖੀ ਨੁਕਤੇ ਸਾਹਮਣੇ ਆ ਰਹੇ ਹਨ, ਉੱਥੇ ‘ਦਿੱਲੀ ਵਾਲਿਆਂ’ ਨੂੰ ਸਥਾਨਕ ਆਗੂਆਂ ਦੇ ਕੰਮ ਕਰਨ ਦੇ ਢੰਗ ਅਤੇ ਵੋਟਰ ਦੀ ਮਾਨਸਿਕਤਾ ਦੀ ਪੂਰੀ ਤਰ੍ਹਾਂ ਸਮਝ ਨਾ ਹੋਣ ਕਾਰਨ ਸਰਗਰਮੀਆਂ ਵਿੱਚ ਤਾਲਮੇਲ ਉਲਝਦਾ ਰਹਿੰਦਾ ਹੈ।

ਉਪਰਲੇ ਕੁਝ ਤੱਥ ਅਤੇ ਲੋਕਾਂ ਦੀਆਂ ਭਾਵਨਵਾਂ ‘ਕੌਮਾਂਤਰੀ ਅੰਮ੍ਰਿਸਤਰ ਟਾਈਮਜ਼’ ਦੀ ਦੋ ਮੈਂਬਰੀ ਟੀਮ ਵਲੋਂ ਕੀਤੇ ਦੌਰੇ ਦੌਰਾਨ ਲੋਕਾਂ ਨਾਲ ਹੋਈ ਗੱਲਬਾਤ ਅਤੇ ਕੁਝ ਲੀਡਰਾਂ ਦੇ ਦਫ਼ਤਰਾਂ ਵਿੱਚ ਵਰਕਰਾਂ ਦੀਆਂ ਸਰਗਰਮੀਆਂ ਵੇਖ, ਗੱਲਬਾਤ ਸੁਣਨ ਅਤੇ ਰਾਜਸੀ ਨੁਕੜ ਮੀਟਿੰਗਾਂ ਵਿੱਚ ਭਾਸ਼ਣ ਅਤੇ ਲੋਕਾਂ ਵਲੋਂ ਉਮੀਦਵਾਰਾਂ ਦੇ ਸਾਹਮਣੇ ਮੱਠੇ ਉਠਾਏ ਇਤਰਾਜ਼ਾਂ ਅਤੇ ਪ੍ਰਸ਼ਨਾਂ ਦੇ ਗਵਾਹ ਵਜੋਂ ਸਾਹਮਣੇ ਆਏ।

ਜਿੱਥੋਂ ਤਕ ਅਖ਼ਬਾਰਾਂ, ਟੀਵੀ ਚੈਨਲਾਂ, ਸੋਸ਼ਲ ਮੀਡੀਆ, ਛੋਟੇ–ਵੱਡੇ ਸਮਾਜਿਕ ਇਕੱਠਾਂ, ਸੰਸਥਾਵਾਂ, ਦਫ਼ਤਰਾਂ, ਕੰਮ ਕਾਜੀ ਥਾਵਾਂ ਇੱਥੋਂ ਤਕ ਕਿ ਘਰਾਂ ਵਿੱਚ ਚੁੰਝ ਚਰਚਾ ਦਾ ਸਵਾਲ ਹੈ, ਆਮ ਆਦਮੀ ਪਾਰਟੀ ਵਲੋਂ ਵੱਡੀ ਜਿੱਤ ਹਾਸਲ ਕਰਨ ਦੇ ਕਿਆਸੇ ਹਨ ਪਰ ਗੰਭੀਰ ਸੋਚ ਵਿਚਾਰ ਵਾਲੇ ਲੋਕ ਕਾਂਗਰਸ (ਕਾਂਗਰਸ, ਜੋ ਅਸਲ ਵਿੱਚ ਕੈਪਟਨ ਅਮਰਿੰਦਰ ਸਿੰਘ ਤੋਂ ਬਿਨਾਂ ਪੰਜਾਬ ਵਿੱਚ ਬਹੁਤੇ ਮਾਅਨੇ ਨਹੀਂ ਰੱਖਦੀ), ਦਾ ਪਲੜਾ ਭਾਰੀ/ਸਮਝ ਦੱਸ ਰਹੇ ਹਨ। 10 ਸਾਲ ਤੋਂ ਰਾਜ ਕਰਦੇ ਆ ਰਹੇ ਅਤੇ 25 ਸਾਲ ਤੱਕ ‘ਰਾਜ ਨਹੀਂ ਸੇਵਾ’ ਦਾ ਦਾਅਵਾ ਕਰਨ ਵਾਲੇ ਬਾਦਲ–ਪਿਓ ਪੁੱਤ ਨੂੰ ਜਿਵੇਂ ਇਸ ਮੌਕੇ ਖ਼ਾਸਕਰ ਚੋਣ ਜ਼ਾਬਤਾ ਲਾਗੂ ਹੋਣ ਬਾਅਦ ਆਮ ਵੋਟਰ ਤਾਂ ਛੱਡੋ ਪਾਰਟੀ ਵਰਕਰ ਪੱਲਾ ਨਹੀਂ ਫੜਾ ਰਹੇ, ਪਹਿਲਾਂ ਅਕਾਲੀ–ਭਾਜਪਾ ਸਰਕਾਰ ਅਤੇ ਫਿਰ ਗਠਜੋੜ ਦਾ ਭੋਗ ਪੈਣਾ ਲਗਭਗ ਤੈਅ ਹੈ।

ਪੰਜਾਬ ਅਤੇ ਆਪਣੇ ਰਾਜਸੀ, ਆਰਥਿਕ ਅਤੇ ਸਮਾਜਿਕ ਭਵਿੱਖ ਦਾ ਅਸਲ ਅਤੇ ਅੰਤਮ ਫੈਸਲਾ ਤਾਂ ਵੋਟਰਾਂ ਨੇ 4 ਫਰਵਰੀ ਨੂੰ ਵੋਟ ਬਕਸਿਆਂ ਵਿੱਚ ਬੰਦ ਕਰਕੇ ਕਰਨਾ ਹੈ, ਜਿਸ ਨੂੰ ਜਾਣਨ ਲਈ ਲੰਮੀ ਉਡੀਕ 11 ਮਾਰਚ ਦੇ ਦਿਨ ਤੱਕ ਕਰਨੀ ਪਵੇਗੀ।



GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


For the leader in Punjabi TV, get the Jus Pack now!
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a gift card worth $150
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com